27-MAY-PAGE-1.qxd 5/26/2025 10:34 PM Page 1

ਮੰਗਲਵਾਰ, 27 ਮਈ, 2025
14 ਜੇਠ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 356

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 27 MAY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## 24 ਘੰਟਿਆਂ 'ਚ ਰਜਿਸਟਰੀ, ਮੁਹਾਲੀ ਤੋਂ ਸ਼ੁਰੂਆਤ ਹੋ ਗਈ

**ਮੁਹਾਲੀ (ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਨੇ ਸੋਮਵਾਰ 'ਈਜ਼ੀ ਰਜਿਸਟਰੀ' ਪ੍ਰਣਾਲੀ (ਜ਼ਮੀਨ-ਜਾਇਦਾਦ ਦੀ ਰਜਿਸਟਰੀ ਸੌਖੇ ਢੰਗ ਨਾਲ ਕਰਨ) ਦੀ ਸ਼ੁਰੂਆਤ ਕਰ ਦਿੱਤੀ ਹੈ, ਜਿਸ ਨੂੰ ਪੰਜਾਬ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਮਰਪਿਤ ਕੀਤਾ।



ਮਾਨ ਅਤੇ ਕੇਜਰੀਵਾਲ ਨੇ ਕਿਹਾ, ਪੰਜਾਬ ਦੇ ਇਤਿਹਾਸ ਵਿੱਚ ਇਹ ਇਨਕਲਾਬੀ ਕਦਮ ਹੈ। ਲੋਕਾਂ ਨੂੰ ਹੁਣ ਦਫ਼ਤਰਾਂ ਵਿੱਚ ਖੱਜਲ-ਖੁਆਰ ਨਹੀਂ ਹੋਣਾ ਪਵੇਗਾ ਅਤੇ ਨਾ ਹੀ ਏਜੰਟਾਂ ਜਾਂ ਵਿਚੋਲਿਆਂ ਨਾਲ ਵਾਹ ਪਵੇਗਾ, ਕਿਉਂਕਿ ਹੁਣ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਰ ਜਾਣਕਾਰੀ ਮੋਬਾਇਲ 'ਤੇ ਮਿਲਿਆ ਕਰੇਗੀ ਅਤੇ ਇਹ ਪ੍ਰਣਾਲੀ ਤੇਜ਼ ਅਤੇ ਪਾਰਦਰਸ਼ੀ ਹੋਵੇਗੀ। ਉਨ੍ਹਾ ਕਿਹਾ ਕਿ ਲੋਕਾਂ ਨੂੰ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਹੁਣ ਸਥਾਨਕ ਸਬ-ਰਜਿਸਟਰਾਰ ਦਫਤਰ ਵਿੱਚ ਜਾਣ ਦੀ ਲੋੜ ਨਹੀਂ, ਸਗੋਂ ਜਿੱਥੇ ਚਾਹੁਣ, ਜ਼ਿਲ੍ਹੇ ਦੇ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ ਵਿੱਚ ਜਾ ਸਕਦੇ ਹਨ। ਉਨ੍ਹਾ ਕਿਹਾ ਕਿ ਦਸਤਾਵੇਜ਼ ਤਿਆਰ ਕਰਨ ਲਈ ਹੈੱਲਪਲਾਈਨ ਨੰਬਰ 1076 ਰਾਹੀਂ ਸੇਵਾ ਸਹਾਇਕਾਂ ਨੂੰ ਘਰ ਵੀ ਬੁਲਾਇਆ ਜਾ ਸਕਦਾ ਹੈ। ਇਸ ਨਾਲ ਪੇਂਡੂ ਪਰਵਾਰਾਂ, ਸੀਨੀਅਰ ਨਾਗਰਿਕਾਂ, ਕੰਮਕਾਜ ਵਾਲੇ ਪੇਸ਼ੇਵਰਾਂ ਅਤੇ ਬਾਹਰ ਨਾ ਜਾ ਸਕਣ ਵਾਲਿਆਂ ਨੂੰ ਵੱਡੀ ਸਹੂਲਤ ਮਿਲੇਗੀ। ਲੋਕਾਂ ਨੂੰ ਰਜਿਸਟਰੀ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ, ਪ੍ਰਵਾਨਗੀ, ਅਦਾਇਗੀ ਅਤੇ ਦਫਤਰ ਆਉਣ ਦਾ ਸਮਾਂ ਲੈਣ ਜਿਹੀ ਸਾਰੀ ਜਾਣਕਾਰੀ ਵਟਸਐਪ ਰਾਹੀਂ ਮਿਲਿਆ ਕਰੇਗੀ ਤਾਂ ਕਿ ਉਹ ਪਲ-ਪਲ ਦੀ ਸੂਚਨਾ ਬਾਰੇ ਜਾਣੂੰ ਹੋ ਸਕਣ। ਉਨ੍ਹਾ ਕਿਹਾ ਕਿ ਇਸ ਵਿਵਸਥਾ ਨਾਲ ਏਜੰਟ ਕਲਚਰ ਦਾ ਖਾਤਮਾ ਹੋ ਗਿਆ ਹੈ, ਕਿਉਂਕਿ ਹੁਣ ਨਗਦੀ ਦੀ ਬਜਾਏ ਆਨਲਾਈਨ ਫੀਸ ਦਾ ਭੁਗਤਾਨ ਹੋਵੇਗਾ ਅਤੇ ਰਿਸ਼ਵਤ ਮੰਗਣ ਬਾਰੇ ਸ਼ਿਕਾਇਤ ਦੇਣ ਲਈ ਵਟਸਐਪ ਨੰਬਰ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੇਲ ਡੀਡ ਦਾ ਖਰੜਾ ਖੁਦ ਤਿਆਰ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਸੇਵਾ ਸਹਾਇਕਾਂ ਰਾਹੀਂ ਘਰ ਬੈਠਿਆਂ ਰਜਿਸਟਰੀ ਦੇ ਦਸਤਾਵੇਜ਼ ਤਿਆਰ ਕਰਨ ਲਈ ਸੇਵਾਵਾਂ ਹਾਸਲ ਹੋਣਗੀਆਂ, ਜਿਸ ਨਾਲ ਲੋਕਾਂ ਨੂੰ ਸੇਲ ਡੀਡ ਤਿਆਰ ਕਰਨ ਲਈ ਪ੍ਰਾਈਵੇਟ ਲੋਕਾਂ ਅਤੇ ਵਿਚੋਲਿਆਂ ਰਾਹੀਂ ਵਸੂਲੀਆਂ ਜਾਂਦੀਆਂ ਮੋਟੀਆਂ ਫੀਸਾਂ ਨਹੀਂ ਦੇਣੀਆਂ ਪੈਣਗੀਆਂ। ਉਨ੍ਹਾ ਕਿਹਾ ਕਿ ਨਾਗਰਿਕ 'ਡਰਾਫਟ ਮਾਈ ਡੀਡ' ਟੂਲ ਦੀ ਵਰਤੋਂ ਕਰਕੇ ਆਪਣਾ ਦਸਤਾਵੇਜ਼ ਖੁਦ ਤਿਆਰ ਕਰ ਸਕਦੇ ਹਨ ਜਾਂ ਸੇਵਾ ਕੇਂਦਰਾਂ ਜਾਂ ਸੇਵਾ ਸਹਾਇਕਾਂ ਰਾਹੀਂ ਨਿਰਧਾਰਤ ਅਤੇ ਘੱਟ ਫੀਸ ਨਾਲ ਸਹਾਇਤਾ ਲੈ ਸਕਦੇ ਹਨ।

ਉਨ੍ਹਾ ਕਿਹਾ ਕਿ ਇਹ ਕਦਮ ਸਵੈ-ਨਿਰਭਰਤਾ ਵਧਾਉਂਦਾ ਹੈ ਤੇ ਪ੍ਰਾਈਵੇਟ ਲੋਕਾਂ 'ਤੇ ਨਿਰਭਰਤਾ ਘਟਾਉਂਦਾ ਹੈ ਅਤੇ ਲੋਕਾਂ ਨੂੰ ਸਰਕਾਰੀ ਸਿਸਟਮ ਵਿੱਚ ਹੋਰ ਤਾਕਤਵਰ ਬਣਾਉਂਦਾ ਹੈ। ਉਨ੍ਹਾ ਕਿਹਾ ਕਿ ਲੋਕਾਂ ਨੂੰ ਰਜਿਸਟਰੀ ਦੀ ਫੀਸ ਦੇ ਭੁਗਤਾਨ ਲਈ ਬੈਂਕਾਂ ਵੱਲ ਨਹੀਂ ਭੱਜਣਾ ਪਵੇਗਾ। ਉਨ੍ਹਾ ਕਿਹਾ ਕਿ ਆਨਲਾਈਨ ਭੁਗਤਾਨ ਲਈ ਵਿਸ਼ੇਸ਼ ਗੇਟਵੇ ਨਾਗਰਿਕਾਂ ਨੂੰ ਡਿਜੀਟਲ ਲੈਣ-ਦੇਣ ਵਿੱਚ ਸਾਰੀਆਂ ਫੀਸਾਂ (ਜਿਵੇਂ ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਫੀਸ) ਦਾ ਭੁਗਤਾਨ ਕਰਨ ਦੀ ਆਗਿਆ ਦਿੰਦਾ ਹੈ, ਜਿਸ ਨਾਲ ਬੈਂਕਾਂ ਵਿੱਚ ਆ ਕੇ ਡਿਮਾਂਡ ਡਰਾਫਟ ਤਿਆਰ ਕਰਨ ਦੀ ਲੋੜ ਨਹੀਂ ਰਹੀ ਅਤੇ ਨਗਦੀ ਕੋਲ ਹੋਣ ਕਰਕੇ ਸੁਰੱਖਿਆ ਦੀ ਚਿੰਤਾ ਵੀ ਨਹੀਂ ਰਹੇਗੀ। ਇਸ ਸਿਸਟਮ ਨੂੰ ਲੋਕਾਂ ਦਾ ਸਮਾਂ, ਪੈਸਾ ਅਤੇ ਊਰਜਾ ਦੀ ਬੱਚਤ ਕਰਨ ਵਾਲਾ ਮਹੱਤਵਪੂਰਨ ਕਦਮ ਦੱਸਦਿਆਂ ਉਨ੍ਹਾ ਕਿਹਾ ਕਿ 48 ਘੰਟਿਆਂ ਦੇ ਅੰਦਰ ਦਸਤਾਵੇਜ਼ਾਂ ਦੀ ਅਗਾਊਂ ਪੜਤਾਲ ਹੋਵੇਗੀ ਅਤੇ ਤੈਅ ਸਮੇਂ ਮੁਤਾਬਕ ਰਜਿਸਟ੍ਰੇਸ਼ਨ ਹੋਵੇਗੀ, ਜਿਸ ਨਾਲ ਕਬੀਲਦਾਰੀਆਂ ਵਿੱਚ ਰੁਝੇ ਲੋਕਾਂ ਜਾਂ ਨੌਕਰੀਪੇਸ਼ਾ ਲੋਕਾਂ ਦਾ ਸਮਾਂ ਖਰਾਬ ਨਹੀਂ ਹੋਵੇਗਾ ਅਤੇ ਅਸਿੱਧੇ ਤੌਰ 'ਤੇ ਵਿੱਤੀ ਬੱਚਤ ਵੀ ਹੋਵੇਗੀ।

ਪੰਜਾਬ ਦੇ ਮੁੱਖ ਮੰਤਰੀ ਅਤੇ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸਰਕਾਰ ਦੇ ਨਿਰਧਾਰਤ ਰੇਟ ਅਤੇ 'ਕੈਲਕੁਲੇਟ ਮਾਈ ਫੀਸ' ਦੇ ਆਨਲਾਈਨ ਪੋਰਟਲ ਰਾਹੀਂ ਲੋਕ ਆਪਣੇ ਖਰਚਿਆਂ ਦੀ ਵਿਵਸਥਾ ਚੰਗੇ ਢੰਗ ਨਾਲ ਕਰ ਸਕਣਗੇ ਅਤੇ ਏਜੰਟਾਂ ਉਤੇ ਨਿਰਭਰਤਾ ਖਤਮ ਹੋਣ ਨਾਲ ਮੌਕੇ ਉਤੇ ਵੱਧ ਪੈਸੇ ਮੰਗਣ ਜਾਂ ਲੁਕਵੇਂ ਖਰਚਿਆਂ ਦੀ ਵਿਵਸਥਾ ਖਤਮ ਹੋਵੇਗੀ, ਜਿਸ ਨਾਲ ਲੋਕਾਂ ਨੂੰ ਆਪਣਾ ਵਿੱਤੀ ਪ੍ਰਬੰਧਨ ਸੁਧਾਰਨ ਦਾ ਮੌਕਾ ਮਿਲੇਗਾ। ਉਨ੍ਹਾ ਕਿਹਾ ਕਿ ਇਸ ਦੀ ਸ਼ੁਰੂਆਤ ਮੁਹਾਲੀ ਤੋਂ ਸਫਲਤਾਪੂਰਵਕ ਕੀਤੀ ਗਈ ਹੈ ਅਤੇ ਸੂਬੇ ਭਰ ਵਿੱਚ 15 ਜੁਲਾਈ ਤੋਂ ਇਸ ਪ੍ਰਣਾਲੀ ਦੀ ਸ਼ੁਰੂਆਤ ਹੋਵੇਗੀ। ਉਨ੍ਹਾ ਦੱਸਿਆ ਕਿ 15 ਜੁਲਾਈ ਤੋਂ 1 ਅਗਸਤ ਤੱਕ ਇਸ ਪ੍ਰਣਾਲੀ ਦਾ ਟ੍ਰਾਇਲ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 1 ਅਗਸਤ ਤੋਂ ਆਮ ਆਦਮੀ ਦੀ ਸਹੂਲਤ ਲਈ ਇਹ ਪ੍ਰਣਾਲੀ ਪੂਰੇ ਸੂਬੇ ਵਿੱਚ ਪੂਰਨ ਤੌਰ 'ਤੇ ਲਾਗੂ ਹੋ ਜਾਵੇਗੀ।

ਉਨ੍ਹਾ ਕਿਹਾ ਕਿ ਨਵੇਂ ਸਿਸਟਮ ਮੁਤਾਬਕ ਜੇਕਰ ਰਜਿਸਟਰੀ ਦੇ ਦਸਤਾਵੇਜ਼ਾਂ ਦੀ ਦਰੁਸਤੀ ਹੋਣੀ ਹੈ ਤਾਂ ਉਸ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਜਾਵੇਗਾ ਤਾਂ ਕਿ ਰਜਿਸਟਰੀ ਵਾਲੇ ਦਿਨ ਮੌਕੇ ਉਤੇ ਅਜਿਹੀ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾ ਕਿਹਾ ਕਿ ਜੇਕਰ ਸਬ-ਰਜਿਸਟਰਾਰ/ ਤਹਿਸੀਲਦਾਰ ਦਸਤਾਵੇਜ਼ਾਂ ਉਤੇ ਕੋਈ ਇਤਰਾਜ਼ ਲਾਉਂਦਾ ਹੈ ਤਾਂ ਸੰਬੰਧਤ ਵਿਅਕਤੀ ਨੂੰ ਉਸੇ ਵੇਲੇ ਮੋਬਾਈਲ ਸੰਦੇਸ਼ ਜ਼ਰੀਏ ਪਤਾ ਲੱਗ ਜਾਵੇਗਾ ਅਤੇ ਡਿਪਟੀ ਕਮਿਸ਼ਨਰ ਅਤੇ ਐੱਸ.ਡੀ.ਐੱਮ. ਜਿਹੇ ਸੀਨੀਅਰ ਅਧਿਕਾਰੀ ਇਨ੍ਹਾਂ ਸਾਰੇ ਇਤਰਾਜ਼ਾਂ ਦੀ ਸਚਾਈ ਜਾਨਣ ਲਈ ਘੋਖ ਵੀ ਕਰਨਗੇ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਕਦਮ ਨਾਲ ਭ੍ਰਿਸ਼ਟਾਚਾਰ ਨੂੰ ਨੱਥ ਪਵੇਗੀ ਅਤੇ ਜੇਕਰ ਕੋਈ ਜਾਣਬੁੱਝ ਕੇ ਦੇਰੀ ਕਰਦਾ ਹੈ ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਹੋਵੇਗੀ।

ਮੁੱਖ ਮੰਤਰੀ ਅਤੇ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਰਜਿਸਟਰੀ ਨੂੰ ਲੈ ਕੇ ਜੇਕਰ ਕਿਸੇ ਨੂੰ ਸ਼ਿਕਾਇਤ ਹੈ ਤਾਂ ਵਟਸਐਪ ਰਾਹੀਂ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਉਨ੍ਹਾ ਕਿਹਾ ਕਿ ਜੇਕਰ ਕਿਸੇ ਨਾਗਰਿਕ ਪਾਸੋਂ ਰਿਸ਼ਵਤ ਮੰਗੀ ਜਾਂਦੀ ਹੈ ਤਾਂ ਵਟਸਐਪ ਲਿੰਕ ਰਾਹੀਂ ਤੁਰੰਤ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਅਤੇ ਰਿਸ਼ਵਤ ਮੰਗਣ ਵਾਲੇ ਅਧਿਕਾਰੀ ਖਿਲਾਫ਼ ਕੀਤੀ ਗਈ ਕਾਰਵਾਈ ਬਾਰੇ ਤਾਜ਼ਾ ਜਾਣਕਾਰੀ ਵੀ ਮਿਲੇਗੀ।

## ਮੁੰਬਈ 'ਚ ਮੀਂਹ ਦਾ 107 ਸਾਲਾ ਰਿਕਾਰਡ ਟੁੱਟਿਆ



**ਮੁੰਬਈ** : ਸੋਮਵਾਰ ਮੁੰਬਈ ਵਿੱਚ ਮਾਨਸੂਨ ਦੇ ਪਹਿਲੇ ਮੀਂਹ ਨੇ 107 ਸਾਲ ਦਾ ਰਿਕਾਰਡ ਤੋੜ ਦਿੱਤਾ। ਮੌਸਮ ਵਿਭਾਗ ਮੁਤਾਬਕ ਐਤਵਾਰ ਅੱਧੀ ਰਾਤ ਤੋਂ ਸੋਮਵਾਰ ਸਵੇਰੇ 11 ਵਜੇ ਤੱਕ 295 ਮਿਲੀਮੀਟਰ ਤੋਂ ਵੱਧ ਮੀਂਹ ਪੈ ਚੁੱਕਾ ਸੀ। ਮਈ 1918 ਵਿੱਚ 279.4 ਮਿਲੀਮੀਟਰ ਮੀਂਹ ਪਿਆ ਸੀ। ਮੁੰਬਈ ਵਿੱਚ ਮਾਨਸੂਨ 75 ਸਾਲ ਦਾ ਰਿਕਾਰਡ ਤੋੜਦਿਆਂ 16 ਦਿਨ ਪਹਿਲਾਂ ਆ ਗਈ ਹੈ। ਆਮ ਤੌਰ 'ਤੇ 11 ਜੂਨ ਨੂੰ ਆਉਂਦੀ ਹੁੰਦੀ ਹੈ। ਉਧਰ ਕਰਨਾਟਕ ਦੇ ਸਾਹਿਲੀ ਇਲਾਕਿਆਂ ਵਿੱਚ ਸੋਮਵਾਰ ਲਗਾਤਾਰ ਤੀਜੇ ਦਿਨ ਮਾਨਸੂਨ ਦਾ ਕਾਫੀ ਮੀਂਹ ਪਿਆ। ਇਸ ਨਾਲ ਦੱਖਣੀ ਕੰਨੜ ਜ਼ਿਲ੍ਹੇ ਵਿੱਚ ਅਧਿਕਾਰੀਆਂ ਨੂੰ ਅਗਲੇ ਪੰਜ ਦਿਨਾਂ ਲਈ ਰੈੱਡ ਅਲਰਟ ਜਾਰੀ ਕਰਨਾ ਪਿਆ। ਰੈੱਡ ਅਲਰਟ ਦਾ ਮਤਲਬ ਹੈ ਕਿ 24 ਘੰਟਿਆਂ ਵਿੱਚ 20 ਘੰਟੇ ਮੀਂਹ ਪੈਂਦਾ ਰਹੇਗਾ। ਮੇਂਗਲੁਰੂ ਸ਼ਹਿਰ ਦੇ ਕਈ ਹਿੱਸਿਆਂ ਵਿੱਚ ਪਾਣੀ ਭਰ ਗਿਆ।

## ਅਣਐਲਾਨੀ ਐਮਰਜੈਂਸੀ ਦੇ 11 ਸਾਲ ਪੂਰੇ : ਖੜਗੇ

**ਨਵੀਂ ਦਿੱਲੀ** : ਮੋਦੀ ਸਰਕਾਰ ਦੇ 11 ਸਾਲ ਪੂਰੇ ਹੋਣ ਦੇ ਨਾਲ ਕਾਂਗਰਸ ਨੇ ਸੋਮਵਾਰ ਦੋਸ਼ ਲਾਇਆ ਕਿ 'ਅਣਐਲਾਨੀ ਐਮਰਜੈਂਸੀ' 11 ਸਾਲ ਦੀ ਹੋ ਗਈ ਹੈ ਅਤੇ 'ਅੱਛੇ ਦਿਨਾਂ' ਦਾ ਵਾਅਦਾ ਹਕੀਕਤ ਵਿੱਚ ਇੱਕ ਭੈੜਾ ਸੁਪਨਾ ਸਾਬਤ ਹੋਇਆ ਹੈ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਦਾਅਵਾ ਕੀਤਾ ਕਿ ਪਿਛਲੇ 11 ਸਾਲਾਂ ਵਿੱਚ 140 ਕਰੋੜ ਲੋਕਾਂ ਦਾ ਹਰ ਵਰਗ ਪ੍ਰੇਸ਼ਾਨ ਰਿਹਾ ਹੈ। ਉਨ੍ਹਾ ਐਕਸ 'ਤੇ ਸਾਂਝੀ ਇੱਕ ਪੋਸਟ ਵਿੱਚ ਕਿਹਾ, "26 ਮਈ 2014 ਤੋਂ 11 ਸਾਲਾਂ ਵਿੱਚ ਵੱਡੇ ਵਾਅਦਿਆਂ ਨੂੰ ਸਿਰਫ ਦਾਅਵਿਆਂ ਵਿੱਚ ਬਦਲ ਕੇ ਮੋਦੀ ਸਰਕਾਰ ਨੇ ਦੇਸ਼ ਨੂੰ ਇਸ ਤਰ੍ਹਾਂ ਬਰਬਾਦ ਕਰ ਦਿੱਤਾ ਹੈ ਕਿ ਅੱਛੇ ਦਿਨਾਂ ਦਾ ਵਾਅਦਾ ਹੁਣ ਇੱਕ ਭੈੜਾ ਸੁਪਨਾ ਸਾਬਤ ਹੋ ਗਿਆ ਹੈ।" ਉਨ੍ਹਾ ਆਪਣੀ ਪੋਸਟ ਵਿੱਚ ਨੌਜਵਾਨਾਂ ਲਈ ਨੌਕਰੀਆਂ, ਕਿਸਾਨਾਂ ਦੀ ਆਮਦਨੀ, ਔਰਤਾਂ ਅਤੇ ਕਮਜ਼ੋਰ ਵਰਗਾਂ ਦਾ ਮੁੱਦਾ ਚੁੱਕਿਆ। ਖੜਗੇ ਨੇ ਕਿਹਾ ਕਿ ਮਹਿੰਗਾਈ ਆਪਣੇ ਸਿਖਰ 'ਤੇ ਹੈ ਅਤੇ ਬੇਰੁਜ਼ਗਾਰੀ ਦਾ ਹੜ੍ਹ ਆਇਆ ਹੋਇਆ ਹੈ। ਖਪਤ ਠੱਪ ਹੈ, ਮੇਕ ਇਨ ਇੰਡੀਆ ਫਲੌਪ ਹੋ ਗਿਆ ਹੈ ਅਤੇ ਅਸਮਾਨਤਾ ਵੀ ਆਪਣੇ ਸਿਖਰ 'ਤੇ ਹੈ। 'ਵਿਸ਼ਵ ਗੁਰੂ' ਬਣਨ ਦਾ ਵਾਅਦਾ ਸੀ, ਹਰ ਦੇਸ਼ ਨਾਲ ਸੰਬੰਧ ਵਿਗੜ ਗਏ। ਆਰ ਐੱਸ ਐੱਸ ਹਰ ਥੰਮ੍ਹਾਂ 'ਤੇ ਹਮਲਾ ਕਰਦਾ ਹੈ, ਈ ਡੀ/ਸੀ ਬੀ ਆਈ ਦੀ ਦੁਰਵਰਤੋਂ, ਸੰਸਥਾਵਾਂ ਦੀ ਖੁਦਮੁਖਤਿਆਰੀ ਬਰਬਾਦ ਹੋ ਗਈ ਹੈ।

## ਇੱਕ ਹੋਰ ਮਾਓਵਾਦੀ ਮਾਰਿਆ

**ਲਾਤੇਹਾਰ** : ਝਾਰਖੰਡ ਦੇ ਲਾਤੇਹਾਰ ਜ਼ਿਲ੍ਹੇ ਦੇ ਮਹੂਆਡਾਂਡ ਥਾਣਾ ਖੇਤਰ 'ਚ ਦੌਨਾ ਦੇ ਜੰਗਲ ਵਿੱਚ ਐਤਵਾਰ ਰਾਤ ਸੁਰੱਖਿਆ ਬਲਾਂ ਨੇ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਮੈਂਬਰ ਮਨੀਸ਼ ਯਾਦਵ ਨੂੰ ਮੁਕਾਬਲੇ ਵਿੱਚ ਮਾਰ ਦਿੱਤਾ।

ਉਸ 'ਤੇ 5 ਲੱਖ ਰੁਪਏ ਦਾ ਇਨਾਮ ਸੀ। ਇੱਕ ਹੋਰ ਮਾਓਵਾਦੀ ਕੁੰਦਨ ਖੇਰਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਉਸ ਦੇ ਸਿਰ 'ਤੇ 10 ਲੱਖ ਰੁਪਏ ਦਾ ਇਨਾਮ ਸੀ। ਦੋ ਦਿਨ ਪਹਿਲਾਂ ਲਾਤੇਹਾਰ ਜ਼ਿਲ੍ਹੇ ਵਿੱਚ ਹੀ ਝਾਰਖੰਡ ਜਨ ਮੁਕਤੀ ਪ੍ਰੀਸ਼ਦ ਦੇ ਚੋਟੀ ਦੇ ਨੇਤਾ ਪੱਪੂ ਲੋਹਾਰਾ ਸਮੇਤ ਦੋ ਨਕਸਲੀ ਮਾਰੇ ਗਏ ਸਨ। ਪੱਪੂ 'ਤੇ 10 ਲੱਖ ਰੁਪਏ ਦਾ ਇਨਾਮ ਸੀ।

## 2 ਤੋਂ ਗਰਮੀਆਂ ਦੀਆਂ ਛੁੱਟੀਆਂ

**ਚੰਡੀਗੜ੍ਹ** : ਪੰਜਾਬ ਦੇ ਸਾਰੇ ਸਰਕਾਰੀ, ਸਹਾਇਤਾ ਪ੍ਰਾਪਤ, ਮਾਨਤਾ ਪ੍ਰਾਪਤ ਅਤੇ ਨਿੱਜੀ ਸਕੂਲ 2 ਜੂਨ ਤੋਂ 30 ਜੂਨ ਤੱਕ ਗਰਮੀਆਂ ਦੀਆਂ ਛੁੱਟੀਆਂ ਲਈ ਬੰਦ ਰਹਿਣਗੇ। ਇਹ ਐਲਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੋਮਵਾਰ ਕੀਤਾ। ਪਿਛਲੇ ਵਰ੍ਹੇ ਇਹ ਛੁੱਟੀਆਂ ਮਈ ਮਹੀਨੇ ਹੋ ਗਈਆਂ ਸਨ।

## ਹਮਲੇ 'ਚ ਹੌਲਦਾਰ ਦੀ ਮੌਤ

**ਨੋਇਡਾ** : ਇੱਥੇ ਡਕੈਤੀ ਦੇ ਮਾਮਲੇ ਵਿੱਚ ਲੋੜੀਂਦੇ ਕਾਦਿਰ ਨੂੰ ਗਾਜ਼ੀਆਬਾਦ ਵਿੱਚ ਫੜਨ ਗਈ ਨੋਇਡਾ ਪੁਲਸ ਟੀਮ ਦੇ 28 ਸਾਲਾ ਹੈੱਡ ਕਾਂਸਟੇਬਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਡੀ ਸੀ ਪੀ (ਦਿਹਾਤੀ) ਸੁਰਿੰਦਰ ਨਾਥ ਤਿਵਾੜੀ ਨੇ ਦੱਸਿਆ ਕਿ ਜਦੋਂ ਟੀਮ ਕਾਦਿਰ ਨੂੰ ਫੜ ਕੇ ਲਿਆ ਰਹੀ ਸੀ, ਤਾਂ ਪੰਚਾਇਤ ਭਵਨ ਦੇ ਨੇੜੇ ਲੁਕੇ ਉਸ ਦੇ ਸਾਥੀਆਂ ਨੇ ਗੋਲੀਆਂ ਚਲਾਈਆਂ, ਪੱਥਰਬਾਜ਼ੀ ਕੀਤੀ ਅਤੇ ਮਾਰੂ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਹੈੱਡ ਕਾਂਸਟੇਬਲ ਸੌਰਭ ਕੁਮਾਰ ਦੇਸ਼ਵਾਲ ਦੇ ਸਿਰ ਵਿੱਚ ਗੋਲੀ ਲੱਗੀ। ਸਬ-ਇੰਸਪੈਕਟਰ ਸਚਿਨ ਰਾਠੀ, ਉਦਿਤ ਸਿੰਘ, ਸੁਮਿਤ, ਨਿਖਿਲ ਜ਼ਖ਼ਮੀ ਹੋ ਗਏ। ਇਸ ਦੌਰਾਨ ਕਾਦਿਰ ਫਰਾਰ ਹੋ ਗਿਆ, ਪਰ ਬਾਅਦ ਵਿੱਚ ਫੜ ਲਿਆ ਗਿਆ।

## ਦਿੱਲੀ 'ਚ 104 ਕੇਸ

**ਨਵੀਂ ਦਿੱਲੀ** : ਦਿੱਲੀ ਵਿੱਚ 104 ਐਕਟਿਵ ਕੋਵਿਡ-19 ਮਾਮਲੇ ਸਾਹਮਣੇ ਆਏ ਹਨ। ਹਾਲਾਂਕਿ, ਸਿਹਤ ਅਧਿਕਾਰੀਆਂ ਨੇ ਕਿਹਾ ਕਿ ਪਿਛਲੇ ਹਫਤੇ 24 ਮਰੀਜ਼ ਠੀਕ ਵੀ ਹੋਏ ਹਨ। ਸਰਕਾਰ ਮੁਤਾਬਕ ਕਿਸੇ ਵੀ ਮੌਤ ਦੀ ਰਿਪੋਰਟ ਨਹੀਂ ਹੈ।

## ਸੀ ਆਰ ਪੀ ਐੱਫ ਜਵਾਨ ਗ੍ਰਿਫਤਾਰ

**ਨਵੀਂ ਦਿੱਲੀ** : ਕੌਮੀ ਜਾਂਚ ਏਜੰਸੀ ਨੇ ਇੱਥੇ ਸੀ ਆਰ ਪੀ ਐੱਫ ਜਵਾਨ ਮੋਤੀ ਰਾਮ ਜਾਟ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜਾ ਕਥਿਤ ਤੌਰ 'ਤੇ 2023 ਤੋਂ ਪਾਕਿਸਤਾਨੀ ਖੁਫੀਆ ਅਧਿਕਾਰੀਆਂ ਨਾਲ ਕੌਮੀ ਸੁਰੱਖਿਆ ਨਾਲ ਸੰਬੰਧਤ ਜਾਣਕਾਰੀ ਸਾਂਝੀ ਕਰ ਰਿਹਾ ਸੀ ਤੇ ਫੰਡ ਪ੍ਰਾਪਤ ਕਰ ਰਿਹਾ ਸੀ। ਸਥਾਨਕ ਅਦਾਲਤ ਨੇ ਉਸ ਨੂੰ 6 ਜੂਨ ਤੱਕ ਏਜੰਸੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ।

## ਪੁਤਿਨ ਪਾਗਲ ਹੋ ਗਿਐ : ਟਰੰਪ

**ਵਾਸ਼ਿੰਗਟਨ** : ਰੂਸ ਵੱਲੋਂ ਲਗਾਤਾਰ ਤੀਜੀ ਰਾਤ ਕੀਵ ਤੇ ਹੋਰਨਾਂ ਯੂਕਰੇਨੀ ਸ਼ਹਿਰਾਂ 'ਤੇ ਕੀਤੇ ਡਰੋਨ ਤੇ ਮਿਜ਼ਾਈਲ ਹਮਲਿਆਂ ਦੇ ਮੱਦੇਨਜ਼ਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੁਤਿਨ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਉਹ 'ਪੂਰੀ ਤਰ੍ਹਾਂ ਪਾਗਲ ਹੋ ਗਿਆ' ਹੈ। ਟਰੰਪ ਨੇ ਐਤਵਾਰ ਰਾਤੀਂ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿਚ ਲਿਖਿਆ, 'ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੇਰੇ ਹਮੇਸ਼ਾ ਬਹੁਤ ਚੰਗੇ ਰਿਸ਼ਤੇ ਰਹੇ ਹਨ, ਪਰ ਉਨ੍ਹਾ ਨੂੰ ਕੁਝ ਹੋ ਗਿਆ ਹੈ, ਉਹ ਬਿਲਕੁਲ ਪਾਗਲ ਹੋ ਗਏ ਹਨ।'

ਟਰੰਪ ਨੇ ਚੇਤਾਵਨੀ ਦਿੱਤੀ ਕਿ ਜੇ ਪੁਤਿਨ ਪੂਰੇ ਯੂਕਰੇਨ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ ਤਾਂ ਇਹ ਰੂਸ ਨੂੰ ਪਤਨ ਵੱਲ ਲੈ ਜਾਵੇਗਾ। ਟਰੰਪ ਨੇ ਯੂਕਰੇਨੀ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੂੰ ਲੈ ਕੇ ਵੀ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ, 'ਉਹ ਜਿਸ ਤਰ੍ਹਾਂ ਨਾਲ ਗੱਲ ਕਰ ਰਿਹਾ ਹੈ, ਉਸ ਨਾਲ ਉਹ ਆਪਣੇ ਮੁਲਕ ਨੂੰ ਕੋਈ ਫਾਇਦਾ ਨਹੀਂ ਪਹੁੰਚਾ ਰਿਹਾ। ਉਸ ਦੇ ਮੂੰਹ 'ਚੋਂ ਨਿਕਲੀ ਹਰ ਗੱਲ ਮੁਸ਼ਕਲਾਂ ਪੈਦਾ ਕਰਦੀ ਹੈ। ਮੈਨੂੰ ਇਹ ਪਸੰਦ ਨਹੀਂ ਤੇ ਚੰਗਾ ਹੋਵੇਗਾ ਜੇ ਇਸ ਨੂੰ ਰੋਕਿਆ ਜਾਵੇ।'

## ...ਵਰਨਾ ਮੇਰੀ ਗੋਲੀ ਤੋ ਹੈ ਹੀ : ਮੋਦੀ



**ਭੁੱਜ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਦੇ ਭੁੱਜ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਨੂੰ ਸਖਤ ਵਾਰਨਿੰਗ ਦਿੱਤੀ। ਉਨ੍ਹਾ ਕਿਹਾ— ਪਾਕਿਸਤਾਨ ਕੋ ਆਤੰਕੀ ਬਿਮਾਰੀ ਸੇ ਮੁਕਤ ਕਰਨੇ ਕੇ ਲੀਏ ਪਾਕਿਸਤਾਨ ਕੀ ਆਵਾਮ ਕੋ ਆਗੇ ਆਨਾ ਹੋਗਾ। ਸੁਖ ਚੈਨ ਕੀ ਜ਼ਿੰਦਗੀ ਜੀਓ, ਰੋਟੀ ਖਾਓ, ਵਰਨਾ ਮੇਰੀ ਗੋਲੀ ਤੋ ਹੈ ਹੀ। ਮੋਦੀ ਨੇ ਦਾਹੋਦ 'ਚ ਕਿਹਾ ਕਿ ਪਾਕਿਸਤਾਨ ਦਾ ਇੱਕੋ-ਇੱਕ ਨਿਸ਼ਾਨਾ ਭਾਰਤ ਨਾਲ ਨਫ਼ਰਤ ਕਰਨਾ ਤੇ ਉਸ ਨੂੰ ਨੁਕਸਾਨ ਪਹੁੰਚਾਉਣ ਦੇ ਢੰਗ-ਤਰੀਕੇ ਬਾਰੇ ਸੋਚਣਾ ਹੈ, ਜਦੋਂਕਿ ਸਾਡੇ ਮੁਲਕ ਨੇ ਗਰੀਬੀ ਖਤਮ ਕਰਨ ਤੇ ਆਰਥਕ ਤਰੱਕੀ ਲਿਆਉਣ ਜਿਹੇ ਟੀਚੇ ਮਿੱਥੇ ਹੋਏ ਹਨ। ਦਾਹੋਦ ਵਿੱਚ 24,000 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ, ਜਿਸ ਵਿੱਚ ਇੱਕ ਲੋਕੋਮੋਟਿਵ ਨਿਰਮਾਣ ਪਲਾਂਟ ਵੀ ਸ਼ਾਮਲ ਹੈ, ਦੀ ਸ਼ੁਰੂਆਤ ਕਰਨ ਤੋਂ ਬਾਅਦ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ, 'ਜਿਹੜੇ ਸਾਡੀਆਂ ਭੈਣਾਂ ਦਾ ਸਿੰਧੂਰ ਮਿਟਾਉਣ ਦੀ ਹਿੰਮਤ ਕਰਦੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਅੰਤ ਨੇੜੇ ਹੈ।' ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹੋਲੀ, ਦੀਵਾਲੀ ਤੇ ਗਣੇਸ਼ ਪੂਜਾ ਜਿਹੇ ਤਿਉਹਾਰਾਂ ਮੌਕੇ ਭਾਰਤ ਵਿੱਚ ਬਣੇ ਉਤਪਾਦ ਹੀ ਖਰੀਦਣ ਤੇ ਵਰਤਣ। ਅਪ੍ਰੇਸ਼ਨ ਸਿੰਧੂਰ ਬਾਰੇ ਭਾਰਤੀ ਪ੍ਰੈੱਸ ਕਾਨਫਰੰਸਾਂ ਦੀ ਅਗਵਾਈ ਕਰਨ ਵਾਲੀ ਕਰਨਲ ਸੋਫੀਆ ਕੁਰੈਸ਼ੀ ਦਾ ਪਰਵਾਰ ਵਡੋਦਰਾ ਵਿੱਚ ਪ੍ਰਧਾਨ ਮੋਦੀ ਦੇ ਰੋਡ ਸ਼ੋਅ ਵਿੱਚ ਸ਼ਾਮਲ ਹੋਇਆ। ਸੋਫੀਆ ਕੁਰੈਸ਼ੀ ਦਾ ਭਰਾ ਸੰਜੇ ਕੁਰੈਸ਼ੀ, ਭੈਣ ਸ਼ਾਇਨਾ ਸੁਨੇਸਰਾ ਅਤੇ ਹੋਰ ਪਰਵਾਰਕ ਮੈਂਬਰ ਪ੍ਰਧਾਨ ਮੰਤਰੀ ਦੀ ਇੱਕ ਝਲਕ ਪਾਉਣ ਲਈ ਕਤਾਰ ਵਿੱਚ ਖੜ੍ਹੇ ਨਜ਼ਰ ਆਏ। ਰੋਡ ਸ਼ੋਅ ਵਿੱਚ ਕਈ ਅਫਰੀਕੀ ਵਿਦਿਆਰਥੀ ਵੀ ਲਾਈਨ ਵਿੱਚ ਖੜ੍ਹੇ ਸਨ।

## ਪ੍ਰੋ. ਆਰ ਪੀ ਬਾਂਬਾ ਨਹੀਂ ਰਹੇ



**ਚੰਡੀਗੜ੍ਹ** : ਉੱਘੇ ਗਣਿਤ-ਸ਼ਾਸਤਰੀ ਤੇ ਗਣਿਤ ਲਈ ਵੱਕਾਰੀ ਪਦਮ ਭੂਸ਼ਣ ਅਤੇ ਰਾਮਾਨੁਜਨ ਮੈਡਲ ਪ੍ਰਾਪਤ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਵਾਈਸ-ਚਾਂਸਲਰ ਤੇ ਟ੍ਰਿਬਿਊਨ ਟਰੱਸਟ ਦੇ ਸਾਬਕਾ ਮੈਂਬਰ ਪ੍ਰੋਫੈਸਰ ਰਾਮ ਪ੍ਰਕਾਸ਼ ਬਾਂਬਾ ਨੇ ਸੋਮਵਾਰ ਸਵੇਰੇ ਸੈਕਟਰ 19 ਵਿਚਲੀ ਆਪਣੀ ਰਿਹਾਇਸ਼ 'ਤੇ ਆਖਰੀ ਸਾਹ ਲਿਆ। ਸਤੰਬਰ ਵਿੱਚ ਉਨ੍ਹਾ 100 ਸਾਲ ਦੇ ਹੋਣਾ ਸੀ। ਉਨ੍ਹਾ ਦੇ ਪਰਵਾਰ ਵਿੱਚ ਪਿੱਛੇ ਦੋ ਧੀਆਂ ਬਿੰਦੂ ਏ ਬਾਂਬਾ ਅਤੇ ਸੁਚਾਰੂ ਖੰਨਾ ਹਨ। ਬਿੰਦੂ ਨੇ ਕਿਹਾ, "ਉਹ ਅਖੀਰ ਤੱਕ ਇੱਕ ਵਿਗਿਆਨੀ ਰਹੇ, ਕਿਉਂਕਿ ਉਹ ਚਾਹੁੰਦੇ ਸੀ ਕਿ ਉਨ੍ਹਾ ਦਾ ਸਰੀਰ ਖੋਜ ਅਤੇ ਵਿਗਿਆਨ ਲਈ ਪੀ ਜੀ ਆਈ ਨੂੰ ਦਾਨ ਕੀਤਾ ਜਾਵੇ। ਪਰਵਾਰ ਉਨ੍ਹਾਂ ਦੀ ਇੱਛਾ ਦਾ ਸਤਿਕਾਰ ਕਰਦਾ ਹੈ ਅਤੇ ਜੋ ਵੀ ਜ਼ਰੂਰੀ ਹੋਵੇਗਾ ਉਹ ਕਰੇਗਾ। ਉਨ੍ਹਾ ਇੱਕ ਚੰਗੀ ਜ਼ਿੰਦਗੀ ਬਤੀਤ ਕੀਤੀ।" ਪ੍ਰੋ. ਬਾਂਬਾ ਨੇ ਪੰਜਾਬ ਯੂਨੀਵਰਸਿਟੀ ਦੇ ਗਣਿਤ ਵਿਭਾਗ ਵਿੱਚ ਪ੍ਰੋਫੈਸਰ ਐਮਰੀਟਸ ਵਜੋਂ ਗਣਿਤ ਦੇ ਖੇਤਰ ਵਿੱਚ ਸੇਵਾ ਕੀਤੀ। ਜੰਮੂ ਦੇ ਇੱਕ ਮੱਧ ਵਰਗੀ ਪਰਵਾਰ ਵਿੱਚ ਜਨਮੇ ਪ੍ਰੋਫੈਸਰ ਬਾਂਬਾ ਲਾਹੌਰ ਦੇ ਸਰਕਾਰੀ ਕਾਲਜ ਤੋਂ ਮਾਸਟਰਜ਼ ਦੀ ਪ੍ਰੀਖਿਆ ਵਿੱਚ 600 'ਚੋਂ 600 ਅੰਕ ਹਾਸਲ ਕਰਨ ਮਗਰੋਂ ਪੀਐੱਚ ਡੀ ਕਰਨ ਲਈ ਕੈਂਬਰਿਜ ਯੂਨੀਵਰਸਿਟੀ ਚਲੇ ਗਏ। ਉਨ੍ਹਾ ਪ੍ਰੋ. ਹੰਸ ਰਾਜ ਗੁਪਤਾ ਨਾਲ ਮਿਲ ਕੇ ਹੁਸ਼ਿਆਰਪੁਰ ਵਿੱਚ ਪੰਜਾਬ ਯੂਨੀਵਰਸਿਟੀ 'ਚ ਗਣਿਤ ਵਿਭਾਗ ਦੀ ਸਥਾਪਨਾ ਕੀਤੀ, ਜੋ ਫਿਰ ਚੰਡੀਗੜ੍ਹ ਤਬਦੀਲ ਹੋ ਗਿਆ, ਜਿੱਥੇ ਇਹ ਪੰਜਾਬ ਯੂਨੀਵਰਸਿਟੀ ਵਿੱਚ ਐਡਵਾਂਸਡ ਸਟੱਡੀ ਦਾ ਪਹਿਲਾ ਕੇਂਦਰ ਬਣ ਗਿਆ। ਓਹੀਓ ਸਟੇਟ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਵਜੋਂ 5 ਸਾਲ ਬਿਤਾਉਣ ਤੋਂ ਬਾਅਦ ਉਹ ਪੰਜਾਬ ਯੂਨੀਵਰਸਿਟੀ ਵਾਪਸ ਆਏ। ਉਹ 1985 ਤੋਂ 1991 ਤੱਕ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ, ਜੋ ਕਿ ਯੂਨੀਵਰਸਿਟੀ ਦੇ ਮਹਾਨ ਵਿਕਾਸ ਦਾ ਦੌਰ ਸੀ।

## ਵਿਦਿਆਰਥਣ ਦੀ ਮੌਤ

**ਹਿਸਾਰ** : ਸੋਮਵਾਰ ਸਵੇਰੇ ਰਾਜਲੀ-ਹਿਸਾਰ ਸੜਕ 'ਤੇ ਰਾਜਲੀ ਪਿੰਡ ਨੇੜੇ ਡਿੱਗੇ ਦਰੱਖਤ ਤੋਂ ਬਚਣ ਦੀ ਕੋਸ਼ਿਸ਼ ਕਰਦੇ ਸਮੇਂ ਡਰਾਈਵਰ ਹੱਥੋਂ ਬੇਕਾਬੂ ਹੋਈ ਹਰਿਆਣਾ ਰੋਡਵੇਜ਼ ਦੀ ਬੱਸ ਪਲਟ ਗਈ, ਜਿਸ ਕਾਰਨ ਇੱਕ ਵਿਦਿਆਰਥਣ ਦੀ ਮੌਤ ਹੋ ਗਈ ਤੇ ਚਾਰ ਹੋਰ ਵਿਦਿਆਰਥਣਾਂ ਨੂੰ ਗੰਭੀਰ ਸੱਟਾਂ ਲੱਗੀਆਂ। ਮ੍ਰਿਤਕਾ ਦੀ ਪਛਾਣ ਰਾਜਲੀ ਦੀ ਖੁਸ਼ੀ ਮੁਹੰਮਦ ਵਜੋਂ ਹੋਈ ਹੈ।

## ਅੰਮ੍ਰਿਤਸਰ 'ਚ ਦੁਕਾਨਦਾਰ ਕਤਲ

**ਅੰਮ੍ਰਿਤਸਰ** : ਹਾਲ ਬਾਜ਼ਾਰ 'ਚ ਸਥਿਤ ਤ੍ਰਿਮੂਰਤੀ ਕੰਪਲੈਕਸ 'ਚ ਨੋਟ ਬਦਲਣ ਵਾਲੇ ਕੁਲਦੀਪ ਕੁਮਾਰ ਦੀ ਸੋਮਵਾਰ ਦੁਪਹਿਰ ਹੱਤਿਆ ਕਰ ਦਿੱਤੀ ਗਈ। ਹਮਲੇ ਵਿੱਚ ਉਸ ਦਾ ਪੁੱਤਰ ਦਿਨੇਸ਼ ਵੀ ਗੰਭੀਰ ਜ਼ਖ਼ਮੀ ਹੋ ਗਿਆ। ਪੁਲਸ ਅਨੁਸਾਰ ਇੱਕ ਵਿਅਕਤੀ ਪਹਿਲਾਂ ਵੀ ਇਨ੍ਹਾਂ ਕੋਲ ਪੈਸੇ ਬਦਲਾਉਣ ਲਈ ਆਉਂਦਾ ਰਿਹਾ ਹੈ ਅਤੇ ਉਸ ਨੇ ਇਨ੍ਹਾਂ ਕੋਲ ਪਹਿਲਾਂ ਹੋਈ ਡੀਲ ਸੰਬੰਧੀ ਗੱਲ ਕੀਤੀ, ਜਿਸ ਦੌਰਾਨ ਝਗੜਾ ਹੋਇਆ। ਫਿਰ ਉਹ ਤੇ ਉਸ ਦਾ ਸਾਥੀ ਹਮਲਾ ਕਰਕੇ ਭੱਜ ਗਏ।

## ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਵੱਲੋਂ ਸੀ ਪੀ ਆਈ ਮਹਾਂ ਸੰਮੇਲਨ ਲਈ ਦੋ ਲੱਖ ਰੁਪਏ ਫੰਡ



**ਜਲੰਧਰ** : ਸੀ ਪੀ ਆਈ ਦੇ ਮਹਾਂਸੰਮੇਲਨ ਲਈ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਵੱਲੋਂ ਪ੍ਰਧਾਨ ਰਛਪਾਲ ਸਿੰਘ ਬੜਾ ਪਿੰਡ ਦੋ ਲੱਖ ਦਾ ਚੈੱਕ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੂੰ ਭੇਟ ਕਰਦੇ ਹੋਏ। ਉਨ੍ਹਾਂ ਨਾਲ ਫਾਊਂਡੇਸ਼ਨ ਮੈਂਬਰ ਗੁਰਮੀਤ ਸਿੰਘ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਰਜਿੰਦਰ ਮੰਡ ਤੇ ਚੰਦ ਫਤਿਹਪੁਰੀ ਨਜ਼ਰ ਆ ਰਹੇ ਹਨ।

## ਮੰਦਰਾਂ ਪਿੰਡ 'ਚੋਂ 85000 ਰੁਪਏ ਜਮ੍ਹਾਂ



**ਬੋਹਾ (ਨਿਰੰਜਣ ਬੋਹਾ/ਅਸ਼ੋਕ ਲਾਕੜਾ)**- ਚੰਡੀਗੜ੍ਹ ਵਿਖੇ ਹੋ ਰਹੀ ਸੀ ਪੀ ਆਈ ਦੀ 25ਵੀਂ ਕਾਂਗਰਸ ਨੂੰ ਸਫਲ ਕਰਨ ਲਈ ਬਹੁ-ਪੱਖੀ ਤਿਆਰੀਆਂ ਜੰਗੀ ਪੱਧਰ 'ਤੇ ਜਾਰੀ ਹਨ। ਪਾਰਟੀ ਕਾਂਗਰਸ ਲਈ ਮਾਲੀ ਸਾਧਨ ਜੁਟਾਉਣੇ ਸਭ ਤੋਂ ਵੱਡਾ ਕਾਰਜ ਹੈ। ਜ਼ਿਲ੍ਹਾ ਮਾਨਸਾ ਦੇ ਪਾਰਟੀ ਸਕੱਤਰ ਕ੍ਰਿਸ਼ਨ ਚੌਹਾਨ ਨੇ ਦੱਸਿਆ ਕਿ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨਿੱਜੀ ਦਿਲਚਸਪੀ ਲੈ ਕੇ ਵੱਡੇ ਪਿੰਡਾਂ ਵਿੱਚ ਜਾ ਕੇ ਫੰਡ ਇਕੱਠਾ ਕਰ ਰਹੇ ਹਨ। ਉਹਨਾ ਦਸ ਸਾਲ ਬਤੌਰ ਵਿਧਾਇਕ ਹਲਕੇ ਦੀ ਨਿਰਸਵਾਰਥ ਸੇਵਾ ਕੀਤੀ ਤੇ ਲੋਕਾਂ ਦੇ ਦਿਲਾਂ ਵਿੱਚ ਸਤਿਕਾਰਤ ਥਾਂ ਬਣਾਈ ਹੈ। ਲੋਕ ਉਨ੍ਹਾ ਦੇ ਸ਼ਬਦਾਂ 'ਤੇ ਫੁੱਲ ਚੜ੍ਹਾਉਣ ਨੂੰ ਆਪਣਾ ਮਾਣ ਸਮਝਦੇ ਹਨ।ਕਾਮਰੇਡ ਅਰਸ਼ੀ ਹਾਲਾਂਕਿ ਪੂਰੀ ਤਰ੍ਹਾਂ ਸਿਹਤਯਾਬ ਨਹੀਂ ਹੋਏ, ਪ੍ਰੰਤੂ ਪਾਰਟੀ ਕਾਂਗਰਸ ਵਰਗੇ ਵੱਡੇ ਕਾਰਜ ਨੂੰ ਧਿਆਨ ਵਿੱਚ ਰੱਖ ਕੇ ਮੈਦਾਨ ਵਿੱਚ ਨਿੱਤਰੇ ਹੋਏ ਹਨ। ਪਹਿਲਾਂ ਉਨ੍ਹਾ ਆਪਣੇ ਜੱਦੀ ਪਿੰਡ ਦਾਤੇਵਾਸ ਤੋਂ ਬ੍ਰਾਂਚ ਨਾਲ ਮਿਲ ਕੇ ਚੋਣਵੇਂ ਵਿਅਕਤੀਆਂ ਤੋਂ 92,000 ਰੁਪਏ ਫੰਡ ਇਕੱਠਾ ਕੀਤਾ, ਉਪਰੰਤ ਪਿੰਡ ਆਲਮਪੁਰ ਮੰਦਰਾਂ 'ਚੋਂ ਚੰਦ ਕੁ ਸ਼ੁਭਚਿੰਤਕਾਂ ਪਾਸੋਂ 85000 ਰੁਪਏ ਫੰਡ ਜਮ੍ਹਾਂ ਕੀਤਾ। ਹੁਣ ਬੁੱਧਵਾਰ ਨੂੰ ਬ੍ਰਾਂਚ ਦੇ ਸਹਿਯੋਗ ਨਾਲ ਪਿੰਡ ਲਖਮੀਰਵਾਲਾ ਤੋਂ ਫੰਡ ਇਕੱਤਰ ਕਰਨਗੇ। ਜ਼ਿਲ੍ਹਾ ਕਿਸਾਨ ਸਭਾ ਦੇ ਜਨਰਲ ਸਕੱਤਰ ਮਲਕੀਤ ਸਿੰਘ ਮੰਦਰਾਂ ਦਾ ਵੀ ਸਰਗਰਮ ਸਹਿਯੋਗ ਰਿਹਾ ਹੈ।

## ਅੱਜ-ਨਾਮਾ

ਕਰਦੀ ਲੋਕਾਂ ਨੂੰ ਚੌਕਸ ਸਰਕਾਰ ਰਹਿੰਦੀ,
ਚੌਕਸੀ ਵਰਤਣ ਦੀ ਬਹੁਤ ਹੈ ਲੋੜ ਬੇਲੀ।
ਕੋਰੋਨਾ ਫੇਰ ਆ ਦਿੱਸਦਾ ਧਾਈ ਆਉਂਦਾ,
ਪਹਿਲਾਂ ਨਿਚੋੜ ਕੇ ਗਿਆ ਸੀ ਛੋੜ ਬੇਲੀ।
ਗਿਣਤੀ ਮੁਰਦਿਆਂ ਹੋਈ ਕਰਨਾ ਮੁਸ਼ਕਲ,
ਜਦ ਤੱਕ ਲੱਭਾ ਸੀ ਡਾਕਟਰਾਂ ਤੋੜ ਬੇਲੀ।
ਅਗਲੀ ਨਸਲ ਕੁਝ ਐਤਕੀਂ ਸੁਣੀ ਜਾਂਦੀ,
ਨਸਲਾਂ ਕਈਆਂ ਦਾ ਬਣੀ ਆ ਜੋੜ ਬੇਲੀ।
ਅਗੇਤੀ ਚੌਕਸੀ, ਲੋਕੀਂ ਨਹੀਂ ਕੰਨ ਧਰਦੇ,
ਛੱਡਦੇ ਕਈ ਹਨ ਹਾਸੇ ਵਿੱਚ ਟਾਲ ਬੇਲੀ।
ਲਾਪਰਵਾਹੀ ਜਦ ਕਰਦੀ ਨੁਕਸਾਨ ਲੱਗੀ,
ਉਸ ਦਿਨ ਹੋਣਾ ਨਾ ਵਕਤ ਸੰਭਾਲ ਬੇਲੀ।

-ਤੀਸ ਮਾਰ ਖਾਂ

## ਕਮਿਊਨਿਸਟ ਪਾਰਟੀ ਦੇ ਸੋਸ਼ਲ ਮੀਡੀਆ ਨੇ ਪ੍ਰਾਪਤੀਆਂ ਤੇ ਕੁਰਬਾਨੀਆਂ ਦੱਸਣੀਆਂ : ਡੀ. ਰਾਜਾ

### ਭਾਜਪਾ ਦੀ ਝੂਠ ਯੂਨੀਵਰਸਿਟੀ ਦੇ ਪ੍ਰਚਾਰ ਦੀ ਕਾਟ ਕਰਨੀ ਐ : ਅਜ਼ੀਜ਼ ਪਾਸ਼ਾ

**ਅਜੋਏ ਭਵਨ, ਨਵੀਂ ਦਿੱਲੀ (ਗਿਆਨ ਸੈਦਪੁਰੀ)**



'ਜਿੱਥੇ ਭਾਜਪਾ ਦਾ ਸੋਸ਼ਲ ਮੀਡੀਆ ਕਮਿਊਨਿਸਟਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਕੇ ਡਰ ਦਾ ਮਾਹੌਲ ਬਣਾ ਕੇ ਸਿਆਸਤ ਤੇ ਸਮਾਜ ਵਿੱਚ ਗੰਧਲਾਪਨ ਪੈਦਾ ਕਰ ਰਿਹੈ, ਉੱਥੇ ਸਾਡੇ ਸੋਸ਼ਲ ਮੀਡੀਆ ਨੇ ਦੱਸਣਾ ਹੈ ਕਿ ਸੀ ਪੀ ਆਈ ਨੇ 100 ਸਾਲਾਂ ਵਿੱਚ ਕਿੰਨਾ ਸੰਘਰਸ਼ ਕੀਤਾ, ਕਿੰਨੀਆਂ ਪ੍ਰਾਪਤੀਆਂ ਕੀਤੀਆਂ ਤੇ ਪ੍ਰਾਪਤੀਆਂ ਲਈ ਕਿੰਨੀਆਂ ਕੁਰਬਾਨੀਆਂ ਕੀਤੀਆਂ।' ਉਕਤ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ. ਰਾਜਾ ਨੇ ਕੀਤਾ। ਉਹ ਸੋਮਵਾਰ ਇੱਥੇ ਪਾਰਟੀ ਦੇ ਸੋਸ਼ਲ ਮੀਡੀਆ ਵਿਭਾਗ ਦੀ ਦੋ ਦਿਨਾ ਮੀਟਿੰਗ ਦਾ ਉਦਘਾਟਨ ਕਰ ਰਹੇ ਸਨ। ਉਹਨਾ ਕਿਹਾ ਕਿ ਦੇਸ਼ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਭਾਜਪਾ ਦਾ ਸੋਸ਼ਲ ਮੀਡੀਆ ਚਲਾਉਣ ਵਾਲਿਆਂ ਨੂੰ 'ਯੋਧੇ' ਆਖਦਾ ਹੈ। ਸਾਡੇ ਸੋਸ਼ਲ ਮੀਡੀਆ ਚਲਾਉਣ ਵਾਲੇ ਕਾਰਕੁਨ ਵੀ ਯੋਧੇ ਹਨ। ਭਾਜਪਾਈ ਜਿੱਥੇ ਆਰਟੀਫਿਸ਼ੀਅਲ ਇੰਟੈਲੀਜੈਂਸੀ ਰਾਹੀਂ ਮੋਦੀ ਨੂੰ ਮਮਤਾ ਬੈਨਰਜੀ ਨਾਲ ਡਾਂਸ ਕਰਦਾ ਦਿਖਾਉਂਦੇ ਹਨ, ਉੱਥੇ ਸਾਡੇ ਸੋਸ਼ਲ ਮੀਡੀਆ ਨੇ ਦੱਸਣਾ ਹੈ ਕਿ ਕਮਿਊਨਿਸਟ ਕੌਣ ਹਨ, ਉਨ੍ਹਾਂ ਦੀ ਵਿਚਾਰਧਾਰਾ ਕੀ ਹੈ। ਇਹ ਵੀ ਦੱਸਣਾ ਹੈ ਕਿ ਪਾਰਟੀ ਨਿੱਜੀ ਖੇਤਰ ਵਿੱਚ ਰਾਖਵਾਂਕਰਨ ਚਾਹੁੰਦੀ ਹੈ, ਲੋਕਾਂ ਦੀਆਂ ਮੰਗਾਂ ਤੇ ਮਸਲੇ ਕੀ ਹਨ। ਡੀ. ਰਾਜਾ ਨੇ 16-17 ਰਾਜਾਂ ਤੋਂ ਆਏ ਸੋਸ਼ਲ ਮੀਡੀਆ ਕਾਰਕੁਨਾਂ ਨੂੰ ਤਗੀਦ ਕੀਤੀ ਕਿ ਨਾ ਤਾਂ ਇਸ ਮੰਚ ਨੂੰ ਨਿੱਜ ਦੇ ਪ੍ਰਚਾਰ ਲਈ ਵਰਤਣਾ ਹੈ ਤੇ ਨਾ ਹੀ ਪਾਰਟੀ ਨੂੰ ਕਿਸੇ ਕਿਸਮ ਦੀ ਢਾਹ ਲੱਗੇ।

ਭਾਰਤੀ ਔਰਤਾਂ ਦੀ ਨੈਸ਼ਨਲ ਫੈਡਰੇਸਨ ਦੀ ਜਨਰਲ ਸਕੱਤਰ ਐਨੀ ਰਾਜਾ ਨੇ ਕਿਹਾ ਕਿ ਬੁਰਜੂਆ ਸਿਆਸੀ ਪਾਰਟੀਆਂ ਦੇ ਮੁਕਾਬਲੇ ਸਾਡੇ ਕੋਲ ਬਹੁਤ ਹੀ ਸੀਮਤ ਆਰਥਕ ਸਾਧਨ ਹਨ। ਸਾਡੇ ਪ੍ਰਤੀਬੱਧ ਕਾਡਰ ਨੇ ਆਪਣੇ ਸੀਮਤ ਸਾਧਨਾਂ ਨਾਲ ਹੀ ਉਹਨਾਂ ਦਾ ਕੁਚੱਜ ਨੰਗਾ ਕਰਨਾ ਹੈ ਤੇ ਕਮਿਊਨਿਸਟਾਂ ਦੀ ਵੱਖਰੀ ਨਿਆਰੀ ਤੇ ਲੋਕ-ਪੱਖੀ ਸੋਚ ਨੂੰ ਲੋਕਾਂ ਦੇ ਸਨਮੁੱਖ ਰੱਖਣਾ ਹੈ। ਸੋਸ਼ਲ ਮੀਡੀਆ ਰਾਹੀਂ ਅਸੀਂ ਸਮਾਜਿਕ ਸੱਚਾਈਆਂ ਬਾਰੇ ਵੀ ਜਾਣੂ ਕਰਾਉਣਾ ਹੈ ਤੇ ਆਪਣੀ ਸੱਭਿਅਤਾ ਵੀ ਪੇਸ਼ ਕਰਨੀ ਹੈ। ਉਹਨਾ ਕਿਹਾ ਕਿ ਸੀ ਪੀ ਆਈ ਦਾ ਕੋਈ ਰੋਜ਼ਾਨਾ ਅਖਬਾਰ ਨਾ ਹੋਣਾ ਵੀ ਸਾਡੇ ਦ੍ਰਿਸ਼ਟੀਕੋਣ ਨੂੰ ਲੋਕਾਂ ਵਿੱਚ ਲਿਜਾਣ ਲਈ ਦਿੱਕਤ ਹੈ। ਸਾਡੇ ਮੀਡੀਆ ਕਾਰਕੁਨਾਂ ਨੂੰ ਇਹ ਕਸਾਰਾ ਵੀ ਪੂਰਾ ਕਰਨਾ ਹੈ।

ਡਾਕਟਰ ਕਾਂਗੋ ਨੇ ਵੀ ਸੋਸ਼ਲ ਮੀਡੀਆ ਦੇ ਮਹੱਤਵ ਦਾ ਵਿਸਥਾਰ ਨਾਲ ਵਰਣਨ ਕੀਤਾ। ਇਸ ਮੀਟਿੰਗ ਦਾ ਇਹ ਵੀ ਨਿਸ਼ਾਨਾ ਹੈ ਕਿ ਸੋਸ਼ਲ ਮੀਡੀਆ ਰਾਹੀਂ ਪਾਰਟੀ ਨੂੰ ਮਜ਼ਬੂਤੀ ਵੱਲ ਲਿਜਾਇਆ ਜਾਵੇ। ਸਾਬਕਾ ਐੱਮ ਪੀ ਅਜ਼ੀਜ਼ ਪਾਸ਼ਾ ਨੇ ਕਿਹਾ ਕਿ ਭਾਜਪਾ ਦੀ 'ਝੂਠ ਯੂਨੀਵਰਸਿਟੀ' ਬੜੀ ਅੱਗੇ ਵਧ ਚੁੱਕੀ ਹੈ। ਉਸ ਦੇ ਗੁੰਮਰਾਹਕੁਨ ਪ੍ਰਚਾਰ ਦੀ ਕਾਟ ਲਈ ਸੀ ਪੀ ਆਈ ਦਾ ਸੋਸ਼ਲ ਮੀਡੀਆ ਤਾਕਤਵਰ ਬਣਾਉਣਾ ਸਮੇਂ ਦੀ ਲੋੜ ਹੈ।

ਦੋ ਦਿਨ ਚੱਲਣ ਵਾਲੀ ਮੀਟਿੰਗ ਨੂੰ ਪਾਰਟੀ ਦੇ ਸਕੱਤਰ ਪੱਲਵ ਸੈਨ ਗੁਪਤਾ ਤੇ ਸੋਸ਼ਲ ਮੀਡੀਆ ਦੇ ਕੋਆਰਡੀਨੇਟਰ ਵਿਵੇਕ ਸ਼ਰਮਾ ਨੇ ਵੀ ਸੰਬੋਧਨ ਕੀਤਾ।

27-MAY-PAGE-1.qxd 5/26/2025 10:34 PM Page 2



## ਸੰਨੀ ਓਬਰਾਏ ਕਲੀਨੀਕਲ ਲੈਬ ਤੇ ਡਾਇਗਨੋਸਟਿਕ ਸੈਂਟਰ ਨੇ ਮਨਾਇਆ ਸਥਾਪਨਾ ਦਿਵਸ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਲੋਕਾਂ ਦੀ ਸਿਹਤ ਦੇ ਮੱਦੇਨਜ਼ਰ ਲੋਕਾਂ ਨੂੰ ਬਿਮਾਰੀਆਂ ਪ੍ਰਤੀ ਜਾਗਰੂਕ ਕਰਨ ਲਈ ਸਿਰਫ਼ ਲਾਗਤ ਮੁੱਲ 'ਤੇ ਵੱਡੇ ਪੱਧਰ 'ਤੇ ਕਲੀਨਕ ਲੈਬ ਖੋਲ੍ਹੀਆਂ ਗਈਆਂ ਹਨ।ਇਸ ਲੜੀ ਤਹਿਤ ਕੱਥਾ ਥਾਂਦੇ ਵਾਲਾ ਰੋਡ 'ਤੇ ਵੀ ਇੱਕ ਲੈਬ ਡਾਕਟਰ ਦਿਲਜੀਤ ਸਿੰਘ ਗਿੱਲ ਸਲਾਹਕਾਰ ਸਿਹਤ ਸੇਵਾਵਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਖੋਲ੍ਹੀ ਗਈ ਹੈ।ਅਵਿੰਦਰ ਪਾਲ ਸਿੰਘ ਚਾਹਲ ਬੁੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੈਬ ਦਾ ਪਿਛਲੇ ਦਿਨੀਂ ਛੇਵਾਂ ਸਥਾਪਨਾ ਦਿਵਸ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵਲੋਂ ਮਨਾਇਆ ਗਿਆ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਇੱਕ ਲੱਖ ਦੇ ਕਰੀਬ ਲੋਕ ਇਸ ਦਾ ਲਾਹਾ ਲੈ ਚੁੱਕੇ ਹਨ।ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਡਾਕਟਰ ਓਬਰਾਏ ਵੱਲੋਂ ਖੋਲ੍ਹੀਆਂ ਗਈਆ ਲੈਬਾਂ ਵਿੱਚ ਸਿਰਫ਼ ਲਾਗਤ ਨਾਲ ਹੀ ਲਿਆ ਜਾਂਦਾ ਹੈ।ਸ੍ਰੀ ਮੁਕਤਸਰ ਸਾਹਿਬ ਵਾਸੀਆਂ ਵੱਲੋਂ ਡਾ. ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ।ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਲੈਬ ਵਿੱਚ ਫੁੱਲ ਆਟੋਮੈਟਿਕ ਮਸ਼ੀਨਾਂ ਦੁਆਰਾ ਟੈੱਸਟ ਕੀਤੇ ਜਾਂਦੇ ਹਨ।ਇਹ ਲੈਬਾਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਆਦਿ ਰਾਜਾਂ ਵਿੱਚ ਵੀ ਵੱਡੀ ਪੱਧਰ 'ਤੇ ਤਕਰੀਬਨ ਲਾਗਤ ਮੁੱਲ 'ਤੇ ਹੀ ਸੇਵਾਵਾਂ ਦੇ ਰਹੀਆਂ ਹਨ।

## ਡਿਪਟੀ ਕਮਿਸ਼ਨਰ ਨੇ ਸਾਬਕਾ ਸੈਨਿਕਾਂ ਦੀਆਂ ਸੁਣੀਆਂ ਮੁਸ਼ਕਲਾਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਸੈਨਿਕ ਬੋਰਡ ਦੀ ਤਿਮਾਹੀ ਮੀਟਿੰਗ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਸੈਨਿਕ ਬੋਰਡ ਅਭਿਜੀਤ ਕਪਲਿਸ਼ ਦੀ ਪ੍ਰਧਾਨਗੀ ਹੇਠ ਹੋਈ ਤੇ ਸਾਬਕਾ ਸੈਨਿਕਾਂ ਨੂੰ ਪੇਸ਼ ਆ ਰਹੀਆਂ ਸਮਿੱਸਿਆਵਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਹਾਜ਼ਰ ਸਾਬਕਾ ਸੈਨਿਕਾਂ ਦੀਆਂ ਮੁਸ਼ਕਲਾਂ ਜਿਵੇਂ ਨਜਾਇਜ਼ ਕਬਜ਼ਾ, ਸੀ.ਐਸ.ਡੀ. ਕੰਟੀਨ ਨਾ ਹੋਣਾ, ਅਸਲਾ ਲਾਇਸੰਸ ਜਾਰੀ ਕਰਨ ਬਾਰੇ, ਈ.ਸੀ.ਐਚ.ਐਸ. ਵਿੱਚ ਐਕਸ-ਰੇ ਮਸ਼ੀਨ ਸਬੰਧੀ, ਸਿਵਲ ਦਫ਼ਤਰਾਂ ਵਿੱਚ ਆ ਰਹੀਆਂ ਮੁਸ਼ਕਲਾਂ, ਸਿੰਚਾਈ ਲਈ ਮੋਟਰ ਕੁਨੈਕਸ਼ਨ ਆਦਿ ਸੁਣੀਆਂ ਤੇ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਸਾਬਕਾ ਸੈਨਿਕ ਨੂੰ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਸੈਨਿਕ ਬੋਰਡ ਜਾਂ ਜ਼ਿਲ੍ਹਾ ਪ੍ਰਸਾਸ਼ਨ ਨਾਲ ਕਿਸੇ ਸਮੇਂ ਵੀ ਰਾਬਤਾ ਕਾਇਮ ਕਰ ਸਕਦੇ ਹਨ ਤੇ ਉਨ੍ਹਾਂ ਸਾਬਕਾ ਸੈਨਿਕਾਂ ਦੀ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਾਬਕਾ ਸੈਨਿਕ ਬੋਰਡ ਵੱਲੋਂ ਝੰਡਾ ਫੰਡ ਦਿਵਸ ਦੌਰਾਨ ਇਕੱਤਰ ਰਾਸ਼ੀ ਵਿੱਚੋਂ ਤਿੰਨ ਲਾਭਪਾਤਰੀਆਂ ਨੂੰ ਪੰਜ ਹਜ਼ਾਰ ਰੁਪਏ ਪ੍ਰਤੀ ਲਾਭਪਾਤਰੀ ਦੇ ਹਿਸਾਬ ਨਾਲ ਚੈੱਕ ਵੀ ਤਕਸੀਮ ਕੀਤੇ ਤੇ ਉਨ੍ਹਾਂ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਝੰਡਾ ਫੰਡ ਇਕੱਤਰ ਕਰਕੇ ਜ਼ਿਲ੍ਹਾ ਸੈਨਿਕ ਬੋਰਡ ਸ੍ਰੀ ਮੁਕਤਸਰ ਸਾਹਿਬ ਕੋਲ ਜ਼ਮ੍ਹਾਂ ਕਰਾਉਣ ਤਾਂ ਜੋ ਲੋੜਵੰਦ ਲਾਭਪਾਤਰੀਆਂ ਨੂੰ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।

## ਨੌਜਵਾਨਾਂ ਨੂੰ ਨਸ਼ਿਆਂ 'ਚੋਂ ਕੱਢਣਾ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ : ਬੀ ਡੀ ਪੀ ਓ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਏ ਜਾ ਰਹੇ 'ਯੁੱਧ ਨਸ਼ਿਆਂ ਦੇ ਵਿਰੁੱਧ' ਮੁਹਿੰਮ ਤਹਿਤ ਹਲਕਾ ਸੁਨਾਮ ਅਧੀਨ ਆਉਂਦੇ ਪਿੰਡਾਂ ਤੋਗਾਵਾਲ, ਦਿਆਲਗੜ੍ਹ ਤੇ ਢੱਡਰੀਆਂ ਵਿਖੇ ਨਸ਼ਾ ਮੁਕਤੀ ਯਾਤਰਾ ਅਧੀਨ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਅਗਵਾਈ 'ਚ ਕੀਤੀਆਂ ਗਈਆਂ।ਬੀ.ਡੀ.ਪੀ.ਓ. ਗੁਰਦਰਸ਼ਨ ਸਿੰਘ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢਣਾ ਤੇ ਉਨ੍ਹਾਂ ਨੂੰ ਸਿਹਤਮੰਦ, ਸਸ਼ਕਤ ਤੇ ਉੱਜਵਲ ਭਵਿੱਖ ਵੱਲ ਅਗਵਾਈ ਕਰਨਾ ਹੈ।ਪੰਜਾਬ ਸਰਕਾਰ ਨਸ਼ਿਆਂ ਦੇ ਖਿਲਾਫ਼ ਜੰਗ ਨੂੰ ਪੂਰੀ ਗੰਭੀਰਤਾ ਨਾਲ ਲੜ ਰਹੀ ਹੈ ਤੇ ਇਸ ਦੇ ਲਈ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ।ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਵੀ ਬਾਰੇ ਜਾਗਰੂਕ ਕੀਤਾ ਗਿਆ।ਬੀ.ਡੀ.ਪੀ.ਓ. ਨੇ ਦੱਸਿਆ ਕਿ ਨਸ਼ਾ ਵੇਚਣ ਤੇ ਫੈਲਾਉਣ ਵਾਲਿਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਸਰਕਾਰ ਦੀ ਤਰਜੀਹ ਹੈ ਕਿ ਹਰ ਪਿੰਡ ਤੇ ਹਰ ਗਲੀ ਨੂੰ ਨਸ਼ਾਮੁਕਤ ਕੀਤਾ ਜਾਵੇ। ਸਰਕਾਰ ਵੱਲੋਂ ਸਿਹਤ ਵਿਭਾਗ, ਪੁਲਿਸ ਪ੍ਰਸ਼ਾਸਨ ਤੇ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ ਨਸ਼ਾ ਮੁਕਤੀ ਲਈ ਚਲਾਏ ਜਾ ਰਹੇ ਇਸ ਸਾਂਝੇ ਯਤਨ ਨੂੰ ਲੋਕਾਂ ਦਾ ਪੂਰਨ ਸਮਰਥਨ ਮਿਲ ਰਿਹਾ ਹੈ।

## ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਲੁਧਿਆਣਾ ਧਰਨੇ ਸੰਬੰਧੀ ਮੀਟਿੰਗ



**ਜਗਰਾਉਂ (ਅਮਿਤ ਖੰਨਾ)**-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇੰਚਾਰਜ ਸ੍ਰੀ ਐੱਸ ਆਰ ਕਲੇਰ ਵੱਲੋਂ ਹਲਕੇ ਦੇ ਆਗੂਆਂ ਤੇ ਵਰਕਰਾਂ ਨਾਲ 28 ਮਈ ਨੂੰ ਗਲਾਡਾ ਦਫ਼ਤਰ ਲੁਧਿਆਣਾ ਸਾਹਮਣੇ ਦਿੱਤੇ ਜਾ ਰਹੇ ਧਰਨੇ ਸੰਬੰਧੀ ਵਿਸ਼ੇਸ਼ ਮੀਟਿੰਗ ਕੀਤੀ।ਹਲਕਾ ਇੰਚਾਰਜ ਸ੍ਰੀ ਐਸ ਆਰ ਕਲੇਰ ਨੇ ਆਖਿਆ ਕਿ ਪੰਜਾਬ ਦੀ 'ਆਪ' ਸਰਕਾਰ ਜਿੱਥੇ ਲੋਕਾਂ ਨਾਲ ਚੋਣਾਂ ਸਮੇਂ ਕੀਤੇ ਵਾਅਦਿਆ ਤੋਂ ਭੱਜ ਰਹੀ ਹੈ, ਉੱਥੇ ਹੀ ਪੰਜਾਬ ਖਾਸ ਕਰ ਲੁਧਿਆਣਾ ਜ਼ਿਲ੍ਹੇ ਨੂੰ ਖੇਤੀ ਧੰਦੇ ਤੋਂ ਖਤਮ ਕਰਨ ਲਈ ਗਲਾਡਾ ਰਾਹੀਂ 24311 ਏਕੜ ਜ਼ਮੀਨ ਐਕਵਾਇਰ ਕਰਨ ਜਾ ਰਹੀ ਹੈ, ਜਿਸ ਖਿਲਾਫ਼ ਸ਼੍ਰੋਮਣੀ ਅਕਾਲੀ ਦਲ ਬਾਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ 28 ਮਈ ਨੂੰ ਗਲਾਡਾ ਦੇ ਲੁਧਿਆਣਾ ਦਫਤਰ ਵਿਖੇ ਵਿਸ਼ਾਲ ਧਰਨਾ ਲਾਇਆ ਜਾਵੇਗਾ।ਧਰਨੇ 'ਚ ਵੱਡੀ ਗਿਣਤੀ 'ਚ ਲੁਧਿਆਣਾ ਜੀ.ਟੀ ਰੋਡ ਪਸ਼ੂ ਮੰਡੀ ਤੋਂ 28 ਮਈ ਨੂੰ ਸਵੇਰੇ 8:30 ਵਜੇ ਅਕਾਲੀ ਆਗੂਆਂ, ਵਰਕਰਾਂ, ਸਮਰਥਕਾਂ ਤੇ ਕਿਸਾਨਾਂ ਦਾ ਜੱਥਾ ਰਵਾਨਾ ਹੋਵੇਗਾ।ਸ੍ਰੀ ਕਲੇਰ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਸ ਧਰਨੇ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ।ਜ਼ਿਲ੍ਹਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਖੇਤਰੀ ਪਾਰਟੀ ਹੋਣ ਕਾਰਨ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਕਿਸਾਨਾਂ ਦੀ ਸੱਚੀ ਹਤੈਸ਼ੀ ਪਾਰਟੀ ਹੈ। ਕਿਸੇ ਵੀ ਕੀਮਤ 'ਤੇ ਕਿਸਾਨਾਂ ਦੀ ਜ਼ਮੀਨ ਧੱਕੇ ਨਾਲ ਐਕਵਾਇਰ ਨਹੀਂ ਕਰਨ ਦਿੱਤੀ ਜਾਵੇਗੀ।

## ਗੁਰਪਿਆਰ ਸਿੰਘ ਲੈਬੋਰਟਰੀ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਲੈਬੋਰੇਟਰੀ ਐਸੋਸੀਏਸ਼ਨ ਜੈ ਮਿਲਾਪ ਵੱਲੋਂ ਜ਼ਿਲ੍ਹਾ ਪ੍ਰਧਾਨ ਬਰਜਿੰਦਰ ਸਿੰਘ ਖਾਲਸਾ ਦੀ ਅਗਵਾਈ ਹੇਠ ਜ਼ਿਲ੍ਹਾ ਸਕੱਤਰ ਹਰਜਿੰਦਰ ਸ਼ਰਮਾ ਤੇ ਜ਼ਿਲ੍ਹਾ ਖਜ਼ਾਨਚੀ ਅਨਿਲ ਕੁਮਾਰ ਮਹਿਰਾ ਦੀ ਨਿਗਰਾਨੀ ਹੇਠ ਬਲਾਕ ਗੁਰੂ ਹਰਸਹਾਏ ਦੀ ਚੋਣ ਹੋਟਲ ਬਾਦਸ਼ਾਹ ਵਿਖੇ ਕਰਵਾਈ ਗਈ। ਇਸ ਵਿੱਚ ਬਲਾਕ ਪ੍ਰਧਾਨ ਗੁਰਪਿਆਰ ਸਿੰਘ, ਬਲਾਕ ਸਕੱਤਰ ਕਿੰਚਤ ਸੇਠੀ ਤੇ ਖਜ਼ਾਨਚੀ ਰਣਜੀਤ ਪ੍ਰਸਾਦ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ। ਇਸ ਮੌਕੇ ਗੁਰਪਿਆਰ ਸਿੰਘ ਨੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ 'ਤੇ ਸਭ ਅਹੁਦੇਦਾਰਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਜੋ ਮੈਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਮੈਂ ਉਸ ਨੂੰ ਤਨਦੇਹੀ ਨਾਲ ਨਿਭਾਉਣ ਲਈ ਯਤਨ ਕਰਾਂਗਾ। ਇਸ ਮੌਕੇ ਰਾਕੇਸ਼ ਮੋਂਗਾ ਸਾਬਕਾ ਪ੍ਰਧਾਨ, ਹਰਭਜਨ ਸਿੰਘ ਬੇਦੀ, ਵਰਿੰਦਰ ਕੁਮਾਰ, ਯਾਕੂਬ ਮਸੀਹ, ਨਰਿੰਦਰ, ਅੰਗਰੇਜ ਸਿੰਘ, ਅਵਨੀਤ, ਕਰਮਜੀਤ ਸਿੰਘ ਤੇ ਸੁਰਿੰਦਰ ਕੁਮਾਰ ਬਲਾਕ ਦੇ ਸਾਰੇ ਮੈਂਬਰ ਹਾਜ਼ਰ ਹੋਏ।

## ਮੁਫ਼ਤ ਸਿੱਖਿਆ ਸਕੀਮ ਤਹਿਤ ਪਹਿਲੇ ਬੈਚ 'ਚੋਂ ਪਾਸ ਹੋਣ ਵਾਲੀਆਂ ਅੰਮ੍ਰਿਤਧਾਰੀ ਵਿਦਿਆਰਥਣਾਂ ਦਾ ਸਨਮਾਨ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਮੁਫ਼ਤ ਸਿੱਖਿਆ ਸਕੀਮ ਤਹਿਤ ਪਹਿਲੇ ਬੈਚ ਵਿਚੋਂ ਪਾਸ ਹੋਣ ਵਾਲੀਆਂ ਅੰਮ੍ਰਿਤਧਾਰੀ ਲੜਕੀਆਂ ਦੇ ਸਨਮਾਨ ਲਈ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਸਮਾਗਮ ਦੌਰਾਨ ਵਾਈਸ-ਚਾਂਸਲਰ ਪ੍ਰੋਫੈਸਰ ਡਾ. ਪਰਿਤ ਪਾਲ ਸਿੰਘ ਨੇ ਵਿਦਿਆਰਥੀਆਂ ਦੇ ਧਰਮ ਅਧਿਐਨ ਵਿਭਾਗ ਨੂੰ ਵਧਾਈ ਦਿੰਦਿਆਂ ਇਸ ਉਪਰਾਲੇ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਵੇਂ ਵਿਦਿਆਰਥੀਆਂ ਦੀ ਪੜ੍ਹਾਈ ਦੀ ਅਕਾਦਮਿਕ ਫੀਸ, ਰਿਹਾਇਸ਼ ਤੇ ਖਾਣੇ ਦਾ ਖਰਚ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਪਹਿਲੇ ਬੈਚ ਨੇ ਨਾ ਸਿਰਫ ਸਫਲਤਾਪੂਰਵਕ ਆਪਣਾ ਅਧਿਐਨ ਪੂਰਾ ਕੀਤਾ ਹੈ, ਸਗੋਂ ਪੜ੍ਹਾਈ ਦੇ ਨਾਲ ਨਾਲ ਹੋਰ ਸਹਿ ਅਕਾਦਮਿਕ ਗਤੀਵਿਧੀਆਂ ਵਿੱਚ ਵੀ ਵੱਡੀਆਂ ਮੱਲਾਂ ਮਾਰਦਿਆਂ ਯੂਨੀਵਰਸਿਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਖਾਲਸਾ ਪੰਥ ਦਾ ਨਾਂ ਰੌਸ਼ਨ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਸ ਸਕੀਮ ਤਹਿਤ ਯੋਗ ਵਿਦਿਆਰਥੀ ਯੂਨੀਵਰਸਿਟੀ ਦੇ ਕਿਸੇ ਵੀ ਪ੍ਰੋਗਰਾਮ ਦੀ ਮੁਫਤ ਪੜ੍ਹਾਈ ਕਰ ਸਕਦਾ ਹੈ।ਪਹਿਲੇ ਬੈਚ ਵਿਚੋਂ ਲਵਪ੍ਰੀਤ ਕੌਰ ਨੇ ਐੱਮ.ਐੱਸ.ਸੀ. ਬੌਟਨੀ ਵਿੱਚੋਂ ਗੋਲਡ ਮੈਡਲ ਪ੍ਰਾਪਤ ਕੀਤਾ ਹੈ।ਦਿਲਜੀਤ ਕੌਰ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਗਤਕਾ ਮੁਕਾਬਲੇ ਵਿੱਚੋਂ ਗੋਲਡ ਮੈਡਲ ਹਾਸਲ ਕੀਤਾ ਹੈ।ਸਿਮਰਨਜੀਤ ਕੌਰ ਨੇ ਨੈਸ਼ਨਲ ਅਸਾਮ ਗਤਕਾ ਵਿੱਚ ਪਹਿਲਾ ਸਥਾਨ ਗੋਯਾ ਗਤਕਾ ਮੁਕਾਬਲੇ ਵਿੱਚ ਦੂਜਾ ਸਥਾਨ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਸੋਨ ਤਮਗਾ ਤੇ ਨਗਦ ਇਨਾਮ ਵੀਹ ਹਜ਼ਾਰ ਰੁਪਏ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗਤਕਾ ਮੁਕਾਬਲਿਆਂ ਵਿੱਚ ਨਗਦ ਨਾਮ ਸੱਤ ਹਜ਼ਾਰ ਰੁਪਏ/ਦੂਜਾ ਸਥਾਨ ਹਾਸਲ ਕੀਤਾ ਹੈ।ਕੁਲਵਿੰਦਰ ਕੌਰ ਨੇ ਪਟਿਆਲਾ ਵਿਖੇ ਹੋਏ ਕੌਮੀ ਦੁਮਾਲਾ ਮੁਕਾਬਲੇ ਵਿੱਚ ਪਹਿਲਾ ਸਥਾਨ, ਕਵਿਤਾ ਮੁਕਾਬਲੇ ਵਿੱਚ ਦੂਜਾ ਤੇ ਲੇਖ ਮੁਕਾਬਲੇ ਵਿੱਚ ਦੂਜਾ ਇਨਾਮ ਹਾਸਲ ਕੀਤਾ ਹੈ।ਪ੍ਰਭਸਿਮਰਨ ਕੌਰ ਨੇ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਪੋਸਟਰ ਬਣਾਉਣ ਦੇ ਮੁਕਾਬਲੇ ਵਿੱਚ ਪਹਿਲਾ ਤੇ ਸਵਾਲ-ਜਵਾਬ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ।ਇਸੇ ਵਿਦਿਆਰਥੀ ਨੇ ਰਿਮਟ ਯੂਨੀਵਰਸਿਟੀ ਵਿਖੇ ਰੰਗੋਲੀ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ।ਇਸ ਤੋਂ ਇਲਾਵਾ ਇਸ ਸਕੀਮ ਤਹਿਤ ਸਿੱਖਿਆ ਹਾਸਲ ਕਰ ਰਹੀਆਂ ਬੱਚੀਆਂ ਨੇ ਯੂਨੀਵਰਸਿਟੀ ਵਿਖੇ ਹੋਏ ਵੱਖ ਵੱਖ ਕੌਮੀ ਮੁਕਾਬਲਿਆਂ ਵਿੱਚ ਮਾਣਯੋਗ ਪ੍ਰਾਪਤੀਆਂ ਕੀਤੀਆਂ ਹਨ।

ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਡਾ. ਸੁਖਵਿੰਦਰ ਸਿੰਘ ਬਿਲਿੰਗ ਨੇ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਇਹ ਯੋਜਨਾ ਅੱਗੇ ਵੀ ਜਾਰੀ ਰਹੇਗੀ, ਜਿਸ ਤੋਂ ਅੰਮ੍ਰਿਤਧਾਰੀ ਬੱਚੀਆਂ ਭਰਪੂਰ ਲਾਹਾ ਲੈ ਸਕਦੀਆਂ ਹਨ।ਪ੍ਰੋਫੈਸਰ ਬਿਲਿੰਗ ਨੇ ਦੱਸਿਆ ਕਿ ਮੁਫ਼ਤ ਸਿੱਖਿਆ ਯੋਜਨਾ ਤਹਿਤ ਪਹਿਲੇ ਬੈਚ ਵਿੱਚ ਜੋ ਬੱਚੀਆਂ ਦਾਖਲ ਕੀਤੀਆਂ ਗਈਆਂ ਸਨ, ਜਦਕਿ ਇਸ ਯੋਜਨਾ ਨੂੰ ਪ੍ਰਚਾਰ ਪ੍ਰਸਾਰ ਰਾਹੀਂ ਧਰਮ ਪ੍ਰਚਾਰ ਕਮੇਟੀ ਵੱਲੋਂ ਅਗਲੇ ਸਾਲ ਸੱਤਰ ਸੀਟਾਂ ਹੋਰ ਵਧਾ ਦਿੱਤੀਆਂ ਗਈਆਂ ਸਨ। ਉਨ੍ਹਾਂ ਖੁਸ਼ੀ ਜ਼ਾਹਰ ਕੀਤੀ ਕਿ ਇਹ ਬੱਚੀਆਂ ਜਿੱਥੇ ਅਕਾਦਮਿਕ ਤੌਰ 'ਤੇ ਸਮਰੱਥ ਬਣ ਕੇ ਅਗਲੇਰੀ ਪੜ੍ਹਾਈ ਜਾਂ ਰੁਜ਼ਗਾਰ ਵੱਲ ਵਧ ਰਹੀਆਂ ਹਨ, ਉਥੇ ਇਹ ਇਕ ਚੰਗੇ ਕਿਰਦਾਰ ਤੇ ਮਰਯਾਦਾ ਨੂੰ ਸਿੱਖ ਚੁੱਕੀਆਂ ਹਨ।ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਹਰਦੇਵ ਸਿੰਘ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸਿਕੰਦਰ ਸਿੰਘ, ਡੀਨ ਵਿਦਿਆਰਥੀ ਭਲਾਈ, ਡਾ. ਅੰਕਦੀਪ ਕੌਰ, ਕੋਆਡੀਨੇਟਰ ਆਈ ਕਿਊ ਏ ਸੀ ਸੈੱਲ, ਡਾ. ਹਰਨੀਤ ਬਿਲਿੰਗ ਮੁਖੀ ਸਿੱਖਿਆ ਵਿਭਾਗ, ਹੋਸਟਲ ਵਾਰਡਨ ਨਰਿੰਦਰ ਕੌਰ ਅਤੇ ਧਰਮ ਅਧਿਐਨ ਵਿਭਾਗ ਤੋਂ ਡਾ. ਪਲਵਿੰਦਰ ਕੌਰ ਤੇ ਜਸਵੀਰ ਸਿੰਘ ਹਾਜ਼ਰ ਸਨ।

## ਵਿਸ਼ਵ ਹਾਈਪਰਟੈਂਸ਼ਨ ਦਿਵਸ ਨੂੰ ਸਮਰਪਤ ਚਾਰਟ ਤੇ ਪੇਂਟਿੰਗ ਮੁਕਾਬਲੇ ਕਰਾਏ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਵਲ ਸਰਜਨ ਫਾਜ਼ਿਲਕਾ ਡਾਕਟਰ ਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਐੱਸ ਐੱਮ ਓ ਡਾਕਟਰ ਸੁਮਿਤ ਦੀ ਅਗਵਾਈ ਹੇਠ ਸੀਨੀਅਰ ਸੈਕੰਡਰੀ ਸਕੂਲ ਸੀੜੇ ਗੁਰੀ ਵਿਖੇ ਵਿਸ਼ਵ ਹਾਈਪਰਟੈਂਸ਼ਨ ਦਿਵਸ ਨੂੰ ਸਮਰਪਤ ਚਾਰਟ ਤੇ ਪੇਂਟਿੰਗ ਮੁਕਾਬਲੇ ਕਰਵਾਏ ਗਏ ਅਤੇ ਇਸ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਬੀਈਈ ਸੁਨੀਲ ਟੰਡਨ ਨੇ ਲੋਕਾਂ ਨੂੰ ਗੈਰ-ਸੰਚਾਰੀ ਰੋਗਾਂ ਬਾਰੇ ਜਾਗਰੂਕ ਕਰਦੇ ਹੋਏ ਦੱਸਿਆ ਕਿ ਹਾਈਪਰਟੈਂਸ਼ਨ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਮੁੱਖ ਕਾਰਨ ਹੈ, ਜਿਵੇਂ ਕਿ ਸਟ੍ਰੋਕ, ਦਿਲ ਦੇ ਦੌਰੇ ਤੇ ਗੁਰਦੇ ਦੀ ਬਿਮਾਰੀ ਅਤੇ ਇਹ ਡਿਮੈਨਸ਼ੀਆ ਵਿੱਚ ਵੀ ਯੋਗਦਾਨ ਪਾ ਸਕਦੀ ਹੈ।ਬਹੁਤ ਸਾਰੇ ਲੋਕ ਜੋ ਹਾਈਪਰਟੈਂਸ਼ਨ ਤੋਂ ਪੀੜਤ ਹੁੰਦੇ ਹਨ, ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਜਾਂ ਦੌਰਾ ਪੈਣ ਤੋਂ ਬਾਅਦ ਹੀ ਪਤਾ ਲੱਗਦਾ ਹੈ।ਵਿਸ਼ਵ ਹਾਈਪਰਟੈਂਸ਼ਨ ਦਿਵਸ ਨੂੰ ਵਿਭਾਗ ਪੂਰਾ ਮਹੀਨਾ ਹੀ ਜਾਗਰੂਕਤਾ ਮੁਹਿੰਮ ਵੱਲੋਂ ਚਲਾ ਰਿਹਾ ਹੈ, ਜਿਸ ਨੂੰ ਆਮ ਤੌਰ 'ਤੇ ਹਾਈ ਬਲੱਡ ਪ੍ਰੈਸ਼ਰ ਵੀ ਕਿਹਾ ਜਾਂਦਾ ਹੈ।ਬੀ ਈ ਈ ਟੰਡਨ ਨੇ ਦੱਸਿਆ ਕਿ ਵਿਸ਼ਵ ਦੀ ਆਬਾਦੀ ਵਿੱਚ 1 ਅਰਬ ਤੋਂ ਵੱਧ ਆਬਾਦੀ ਹਾਈਪਰਟੈਂਸ਼ਨ ਤੋਂ ਪ੍ਰਭਾਵਿਤ ਹੈ।ਹਾਈਪਰਟੈਂਸ਼ਨ ਭਾਰਤ ਵਿੱਚ ਇੱਕ ਵਧ ਰਹੀ ਸਮੱਸਿਆ ਹੈ ਬਲੱਡ ਪ੍ਰੈਸ਼ਰ ਆਮ ਆਬਾਦੀ ਲਈ 140/90 ਤੋਂ ਘੱਟ ਹੋਣਾ ਚਾਹਿਦਾ ਹੈ ਤੇ ਹਾਈਪਰਟੈਂਸਿਵ ਆਬਾਦੀ ਲਈ ਬਿਨਾਂ ਕਿਸੇ ਹੋਰ ਪੇਚੀਦਗੀਆਂ ਦੇ ਤੇ ਸ਼ੂਗਰ ਰੋਗ ਜਾਂ ਗੰਭੀਰ ਗੁਰਦੇ ਦੀ ਬਿਮਾਰੀ ਵਾਲੇ ਲੋਕਾਂ ਲਈ 130/80 ਤੋਂ ਘੱਟ ਹਨ।ਹਾਲਾਂਕਿ ਇਸ ਦਾ ਕੋਈ ਇਲਾਜ ਨਹੀਂ ਹੈ, ਦਵਾਈਆਂ ਦੀ ਵਰਤੋਂ ਅਤੇ ਜੀਵਨਸ਼ੈਲੀ ਵਿੱਚ ਤਬਦੀਲੀਆਂ ਕਰਨ ਨਾਲ ਜਿਵੇਂ ਕਿ ਚੰਗੀ-ਸੰਤੁਲਿਤ ਖੁਰਾਕ, ਲੂਣ ਦੀ ਮਾਤਰਾ ਘੱਟ, ਸ਼ਰਾਬ ਦੀ ਵਰਤੋਂ ਨਾ ਕਰਨਾ, ਨਿਯਮਤ ਸਰੀਰਕ ਗਤੀਵਿਧੀ ਕਰਨਾ, ਤਣਾਅ ਦਾ ਪ੍ਰਬੰਧਨ ਕਰਨਾ, ਸਹੀ ਸਰੀਰਕ ਭਾਰ ਬਣਾ ਕੇ ਰੱਖਣਾ, ਸਿਗਰਟਨੋਸ਼ੀ ਨਾ ਕਰਨਾ, ਆਪਣੀਆਂ ਦਵਾਈਆਂ ਸਹੀ ਢੰਗ ਨਾਲ ਲੈਣਾ ਤੇ ਆਪਣੇ ਡਾਕਟਰ ਦੀ ਸਲਾਹ 'ਤੇ ਕੰਮ ਕਰਨ ਆਦਿ ਨਾਲ ਕਾਫੀ ਹੱਦ ਤੱਕ ਬਲੱਡ ਪ੍ਰੈਸ਼ਰ ਨੂੰ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ।ਇਸ ਮੌਕੇ ਸੀ ਐੱਚ ਓ ਵੀਰਪਾਲ, ਸਕੂਲ ਪ੍ਰਿੰਸੀਪਲ ਵਿਨੋਦ ਡੁੱਡੀ, ਸ਼ਾਇਸ਼ ਟੀਚਰ ਅਨਾਮਿਕਾ ਹੈਲਥ ਟੀਮ ਤੇ ਬੱਚੇ ਹਾਜ਼ਰ ਸੀ।

## ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਦਾ ਸੂਬਾਈ ਅਜਲਾਸ

### ਹਰਪਾਲ ਸਿੰਘ ਪ੍ਰਧਾਨ ਤੇ ਅਵਤਾਰ ਸਿੰਘ ਜਨਰਲ ਸਕੱਤਰ ਚੁਣੇ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਿਜਲੀ ਕਰਮਚਾਰੀਆਂ ਦੇ ਦਫਤਰੀ ਅਮਲੇ ਦੀ ਸਿਰਮੌਰ ਜਥੇਬੰਦੀ ਮਨਿਸਟਰੀਅਲ ਸਰਵਿਸਿਜ਼ ਯੂਨੀਅਨ (ਐੱਮ ਐੱਸ ਯੂ) ਦਾ ਸੂਬਾਈ ਅਜਲਾਸ 24 ਮਈ 2025 ਨੂੰ ਗ੍ਰੈਂਡ ਬੀਵਨ ਰਿਜ਼ੋਰਟ ਬਠਿੰਡਾ ਵਿਖੇ ਕਰਵਾਇਆ ਗਿਆ। ਅਜਲਾਸ ਦਾ ਆਰੰਭ ਸਵੇਰੇ ਝੰਡਾ ਲਹਿਰਾਉਣ ਦੀ ਰਸਮ ਨਾਲ ਹੋਇਆ, ਉਪਰੰਤ ਖੁੱਲ੍ਹਾ ਅਜਲਾਸ ਤੇ ਫਿਰ ਡੈਲੀਗੇਟ ਅਜਲਾਸ ਵਿੱਚ ਜਨਰਲ ਸਕੱਤਰ ਦੀ ਰਿਪੋਰਟ ਉੱਪਰ ਦੇਰ ਰਾਤ ਤੱਕ ਚੱਲੀ ਲੰਬੀ ਬਹਿਸ ਉਪਰੰਤ ਨਵੀਂ ਸੂਬਾ ਕਮੇਟੀ ਦੀ ਚੋਣ ਹੋਈ, ਜਿਸ ਵਿੱਚ ਹਰਪਾਲ ਸਿੰਘ ਸੂਬਾ ਪ੍ਰਧਾਨ, ਅਵਤਾਰ ਸਿੰਘ ਜਰਨਲ ਸਕੱਤਰ, ਗੁਰਦੀਪ ਸਿੰਘ ਵਿੱਤ ਸਕੱਤਰ, ਹਰਵਿੰਦਰ ਸਿੰਘ ਸੇਖੋਂ, ਬਰਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਪੁਨੀਤ ਪ੍ਰਾਸ਼ਰ, ਤਰਲੋਚਨ ਸਿੰਘ, ਲਵਪ੍ਰੀਤ ਸਿੰਘ, ਜਸਪ੍ਰੀਤ ਸਿੰਘ ਮੀਤ ਪ੍ਰਧਾਨ, ਮਨੀਸ਼ ਕੁਮਾਰ, ਰੰਜੂ ਬਾਲਾ, ਅਦਿੱਤੀ ਸੰਯੁਕਤ ਸਕੱਤਰ, ਜਗਰਾਜ ਸਿੰਘ, ਗੁਰਵਿੰਦਰ ਸਿੰਘ, ਰਮਨ ਕੁਮਾਰ ਦਫਤਰੀ ਸਕੱਤਰ, ਸੁਖਦੇਵ ਸਿੰਘ ਗਰੇਵਾਲ, ਨਰਿੰਦਰ ਸਿੰਘ ਪ੍ਰੈੱਸ ਸਕੱਤਰ, ਜਗਦੀਪ ਸਿੰਘ, ਪ੍ਰਿਤਪਾਲ ਸਿੰਘ ਆਡੀਟਰ, ਪਾਰਸ ਗੁਪਤਾ ਮੁੱਖ ਪ੍ਰਬੰਧਕ, ਸੁਖਦੇਵ ਸਿੰਘ ਸਿੱਧੂ, ਰੇਸ਼ਮ ਸਿੰਘ ਬਰਾੜ, ਸੁਖਵਿੰਦਰ ਸਿੰਘ ਦੁੱਮਣਾ ਪੈਟਰਨ, ਕਾਰਜਵਿੰਦਰ ਸਿੰਘ ਬੁੱਟਰ, ਜਨਕ ਰਾਜ, ਮੱਖਣ ਲਾਲ ਸਲਾਹਕਾਰ ਤੇ ਐਡਵੋਕੇਟ ਰਣਜੀਤ ਸਿੰਘ ਥਾਂਦੇਵਾਲਾ ਕਾਨੂੰਨੀ ਸਲਾਹਕਾਰ ਚੁਣੇ ਗਏ।ਚੋਣ ਉਪਰੰਤ ਸੂਬਾ ਪ੍ਰਧਾਨ ਹਰਪਾਲ ਸਿੰਘ ਤੇ ਜਰਨਲ ਸਕੱਤਰ ਅਵਤਾਰ ਸਿੰਘ ਨੇ ਸਾਂਝੇ ਪ੍ਰੈੱਸ ਬਿਆਨ ਵਿੱਚ ਬਿਜਲੀ ਕਾਮਿਆਂ ਦੀਆਂ ਦਰਪੇਸ਼ ਮੁਸ਼ਕਲਾਂ ਜਿਵੇਂ ਕਿ 17-07-20 ਦਾ ਪੱਤਰ ਰੱਦ ਕਰਕੇ ਸਾਰਿਆਂ ਨੂੰ ਸਮਾਨ ਵੇਤਨ ਦੇਣ, ਪੁਰਾਣੀ ਪੈਨਸ਼ਨ ਦੀ ਬਹਾਲੀ, ਕੱਚੇ ਕਾਮਿਆਂ ਨੂੰ ਪੱਕੇ ਕਰਨ, ਸੋਧੇ ਸਕੇਲ ਲਾਗੂ ਹੋਣ ਤੋਂ ਬਾਅਦ ਤਰੱਕੀ ਹੋਏ ਕਰਮਚਾਰੀਆਂ ਨੂੰ ਵੀ ਪੇ ਬੈਂਡ ਦਾ ਲਾਭ ਦੇਣ, ਸੋਲੇਸ਼ੀਅਮ ਵਾਲੇ ਕਰਮਚਾਰੀਆਂ ਦਾ 12% ਵਿਆਜ ਦੀ ਵਸੂਲੀ ਦਾ ਮਾਮਲਾ, ਮੁਲਾਜ਼ਮਾਂ/ਪੈਨਸ਼ਨਰਾਂ ਦੇ ਬਕਾਏ ਜਾਰੀ ਕਰਨ ਆਦਿ ਦਾ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ ਅਤੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਦੇ ਹੋਏ ਨਿੱਜੀਕਰਨ ਵਿਰੁੱਧ ਲੜਾਈ ਦਾ ਅਹਿਦ ਲਿਆ ਗਿਆ।

## ਫੁਲਕਾਰੀ ਕਲਾ ਨੇ ਦੁਬਈ 'ਚ ਵੀ ਮੰਨਵਾਇਆ ਕਾਬਲੀਅਤ ਦਾ ਲੋਹਾ

### ਐੱਚ.ਐੱਮ.ਈ.ਐੱਲ. ਨੇ ਫੁਲਕਾਰੀ ਹਸਤਕਲਾ ਰਾਹੀਂ ਪੇਂਡੂ ਮਹਿਲਾਵਾਂ ਨੂੰ ਅੰਤਰਰਾਸ਼ਟਰੀ ਮੰਚ 'ਤੇ ਉਭਾਰਿਆ

**ਤਲਵੰਡੀ ਸਾਬੋ (ਜਗਦੀਪ ਗਿੱਲ)**

ਪੰਜਾਬ ਦੀ ਮਿੱਟੀ ਤੋਂ ਚਮਕ ਰਹੀ ਫੁਲਕਾਰੀ ਹੁਣ ਦੁਨੀਆ ਦੇ ਨਕਸ਼ੇ 'ਤੇ ਆਪਣੀ ਪਛਾਣ ਬਣਾ ਰਹੀ ਹੈ।ਐੱਚ.ਪੀ.ਸੀ.ਐੱਲ.-ਮਿੱਤਲ ਐਨਰਜੀ ਲਿਮਿਟਡ (ਐੱਚ.ਐੱਮ.ਈ.ਐੱਲ.) ਵੱਲੋਂ ਪੰਜਾਬ ਦੀ ਪੁਰਾਤਨ ਫੁਲਕਾਰੀ ਕਲਾ ਨੂੰ ਨਵੀਂ ਪਛਾਣ ਦਿੰਦਿਆਂ ਪੇਂਡੂ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਲਈ ਸ਼ੁਰੂ ਕੀਤਾ ਗਿਆ ਫੁਲਕਾਰੀ ਪ੍ਰੋਜੈਕਟ ਹੁਣ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਛਾਪ ਛੱਡ ਰਿਹਾ ਹੈ।ਜਰਮਨੀ ਵਿੱਚ ਪ੍ਰਦਰਸ਼ਨ ਕਰ ਚੁੱਕੀ ਇਹ ਕਲਾ ਹੁਣ ਦੁਬਈ ਦੇ ਅੰਤਰਰਾਸ਼ਟਰੀ ਮੰਚ 'ਤੇ ਵੀ ਚਮਕੀ।ਨਾਭਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਚੱਲ ਰਹੇ ਫੁਲਕਾਰੀ ਪ੍ਰੋਜੈਕਟ ਤਹਿਤ 20 ਤੋਂ 22 ਮਈ 2025 ਤੱਕ ਦੁਬਈ ਦੇ ਫੈਸਟੀਵਲ ਅਰੀਨਾ ਵਿਖੇ ਖਾੜੀ ਖੇਤਰ ਦੇ ਸਭ ਤੋਂ ਵੱਡੇ ਅੰਤਰਰਾਸ਼ਟਰੀ 222 ਫੈਸ਼ਨ ਟਰੇਡ ਸੋਰਸਿੰਗ ਫੇਅਰ ਵਿੱਚ ਬਠਿੰਡਾ ਦੀਆਂ ਪੇਂਡੂ ਮਹਿਲਾਵਾਂ ਵੱਲੋਂ ਤਿਆਰ ਕੀਤੇ ਗਏ ਫੁਲਕਾਰੀ ਉਤਪਾਦਾਂ ਦਾ ਵਿਸ਼ਵ ਪੱਧਰੀ ਦਰਸ਼ਕਾਂ ਅੱਗੇ ਪ੍ਰਦਰਸ਼ਨ ਕੀਤਾ ਗਿਆ।ਇਸ ਪ੍ਰਦਰਸ਼ਨੀ ਵਿੱਚ ਬਠਿੰਡਾ ਦੇ ਪਿੰਡ ਸੁੱਖਲੱਦੀ ਦੀ ਮਹਿਲਾ ਫੁਲਕਾਰੀ ਕਾਰੀਗਰ ਕਰਮਜੀਤ ਕੌਰ ਤੇ ਨਾਭਾ ਫਾਊਂਡੇਸ਼ਨ ਦੀ ਐਕਜ਼ਿਕਿਊਟਿਵ ਡਾਇਰੈਕਟਰ ਸ੍ਰੀਮਤੀ ਸ਼ੁਭਰਾ ਸਿੰਘ ਨੇ ਭਾਗ ਲਿਆ।ਇਨ੍ਹਾਂ ਦੀਆਂ ਕਲਾਤਮਕ ਰਚਨਾਵਾਂ ਨੇ ਵਿਦੇਸ਼ੀ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ, ਜੋ ਕਿ ਐੱਚ.ਐੱਮ.ਈ.ਐੱਲ. ਦੀ ਸਮਾਜਿਕ ਜ਼ਿੰਮੇਵਾਰੀ ਤੇ ਮਹਿਲਾ ਸਸ਼ਕਤੀਕਰਨ ਪ੍ਰਤੀ ਵਚਨਬੱਧਤਾ ਦਾ ਜੀਵੰਤ ਉਦਾਹਰਨ ਹਨ।ਦੁਬਈ ਤੋਂ ਪਰਤ ਕੇ ਕਰਮਜੀਤ ਕੌਰ ਨੇ ਦੱਸਿਆ ਕਿ ਉਹ ਪਹਿਲਾਂ ਸਿਰਫ ਇੱਕ ਘਰੇਲੂ ਮਹਿਲਾ ਸੀ, ਪਰ ਫੁਲਕਾਰੀ ਪ੍ਰੋਜੈਕਟ ਨਾਲ ਜੁੜ ਕੇ ਨਾ ਸਿਰਫ ਆਤਮਨਿਰਭਰ ਹੋਈ ਹੈ, ਸਗੋਂ ਆਪਣੇ ਪਿੰਡ ਦੀਆਂ ਹੋਰ



ਮਹਿਲਾਵਾਂ ਲਈ ਵੀ ਰੋਜ਼ਗਾਰ ਤੇ ਆਤਮਵਿਸ਼ਵਾਸ ਦਾ ਸਰੋਤ ਬਣੀ ਹੈ।ਉਨ੍ਹਾਂ ਕਿਹਾ ਕਿ ਵਿਦੇਸ਼ ਦੀ ਧਰਤੀ 'ਤੇ ਆਪਣੀ ਕਲਾ ਨੂੰ ਦਰਸਾਉਣਾ ਕਦੇ ਸੁਪਨਾ ਵੀ ਨਹੀਂ ਸੀ।ਜੁਲਾਈ 2023 ਵਿੱਚ ਸ਼ੁਰੂ ਹੋਏ ਇਸ ਪ੍ਰੋਜੈਕਟ ਰਾਹੀਂ ਹੁਣ ਤੱਕ 22 ਪਿੰਡਾਂ ਦੀਆਂ 300 ਤੋਂ ਵੱਧ ਮਹਿਲਾਵਾਂ ਨੂੰ ਫੁਲਕਾਰੀ ਦੀ ਤਕਨੀਕੀ ਤੇ ਵਪਾਰਕ ਤਾਲੀਮ ਦਿੱਤੀ ਜਾ ਚੁੱਕੀ ਹੈ।ਇਸ ਵਿਸ਼ੇਸ਼ ਯਾਤਰਾ ਵਿੱਚ ਐੱਚ.ਐੱਮ.ਈ.ਐੱਲ. ਬਠਿੰਡਾ ਦੇ ਉਪ ਮਹਾਪ੍ਰਬੰਧਕ ਸ੍ਰੀ ਵਿਸ਼ਵ ਮੋਹਨ ਪ੍ਰਸਾਦ, ਨਾਭਾ ਫਾਊਂਡੇਸ਼ਨ ਦੀ ਸ੍ਰੀਮਤੀ ਸ਼ੁਭਰਾ ਸਿੰਘ ਤੇ ਚਾਰ ਮਾਸਟਰ ਟ੍ਰੇਨਰ ਸਤਵੀਰ ਕੌਰ (ਰਾਮਸਰਾ), ਮਨਪ੍ਰੀਤ ਕੌਰ (ਮਾਹੀਨੰਗਲ), ਸੰਦੀਪ ਕੌਰ (ਮਲਕਾਣਾ), ਲਖਬੀਰ ਕੌਰ ਨੇ ਭਾਗ ਲਿਆ।

## ਪੰਜਾਬ ਸਰਕਾਰ ਵੱਲੋਂ ਰਾਜਪੁਰਾ ਵਾਸੀਆਂ ਲਈ ਪੀਣ ਵਾਲੇ ਸਾਫ਼ ਪਾਣੀ ਦਾ ਵੱਡਾ ਤੋਹਫ਼ਾ

### ਮੰਤਰੀ ਡਾ. ਰਵਜੋਤ ਸਿੰਘ ਨੇ 33.66 ਕਰੋੜ ਦੇ ਪਾਈਪ ਲਾਈਨ ਜਲ ਸਪਲਾਈ ਪ੍ਰਾਜੈਕਟ ਦਾ ਰੱਖਿਆ ਨੀਂਹ ਪੱਥਰ

**ਰਾਜਪੁਰਾ/ਪਟਿਆਲਾ (ਰਮੇਸ਼ ਕਟਾਰੀਆ/ਰਾਜਿੰਦਰ ਬਿੰਦ)**

ਪੰਜਾਬ ਦੇ ਸਥਾਨਕ ਸਰਕਾਰਾਂ ਤੇ ਸੰਸਦੀ ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਨੇ ਹਲਕਾ ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ ਦੇ ਯਤਨਾਂ ਸਦਕਾ ਲੋਕਾਂ ਨੂੰ ਸਾਫ਼ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਪੁਰਾਣਾ ਰਾਜਪੁਰਾ ਵਿਖੇ ਅੰਮਰੁਤ-2 ਅਧੀਨ 33.66 ਕਰੋੜ ਰੁਪਏ ਦੇ ਪਾਈਪ ਲਾਈਨ ਜਲ ਸਪਲਾਈ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ।



ਇਸ ਮੌਕੇ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਰਾਜ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉੱਤਰਦੇ ਹੋਏ ਲੋਕਾਂ ਨੂੰ ਰੋਸ਼ਨ ਤੇ ਸਾਫ ਸੁਥਰਾ ਪੰਜਾਬ ਦੇਣ ਲਈ ਅੱਗੇ ਵਧ ਰਹੀ ਹੈ। ਲੋਕਾਂ ਦੀ ਦਹਾਕਿਆਂ ਪੁਰਾਣੀ ਮੰਗ ਪੂਰੀ ਹੋਣ 'ਤੇ ਪੀਣ ਵਾਲੇ ਪਾਣੀ ਦੀ ਪਾਈਪਲਾਈਨ ਪ੍ਰਾਜੈਕਟ ਦੀ ਸ਼ੁਰੂਆਤ ਲਈ ਰਾਜਪੁਰਾ ਵਾਸੀਆਂ ਨੂੰ ਵਧਾਈ ਦਿੰਦਿਆਂ ਤੇ ਵਿਧਾਇਕ ਨੀਨਾ ਮਿੱਤਲ ਦਾ ਧੰਨਵਾਦ ਕਰਦਿਆਂ ਡਾ. ਰਵਜੋਤ ਸਿੰਘ ਨੇ ਆਖਿਆ ਕਿ ਜੇਕਰ ਅਸੀਂ ਹੁਣ ਵੀ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਨਾ ਦੇ ਸਕੇ ਤਾਂ ਅਸੀਂ ਖੁਦ ਨੂੰ ਕਦੇ ਮੁਆਫ ਨਹੀਂ ਕਰ ਸਕਾਂਗੇ, ਕਿਉਂਕਿ ਪਿਛਲੀਆਂ ਸਰਕਾਰਾਂ ਨੇ ਇਸ ਵੱਲ ਕਦੇ ਧਿਆਨ ਹੀ ਨਹੀਂ ਦਿੱਤਾ। ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਨੀਨਾ ਮਿੱਤਲ ਵੱਲੋਂ ਚੁੱਕੇ ਗਏ ਮੁੱਦੇ ਦੇ ਸਨਮੁੱਖ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੰਗ ਨੂੰ ਤੁਰੰਤ ਮਨਜ਼ੂਰ ਕਰਦਿਆਂ 33.66 ਕਰੋੜ ਰੁਪਏ ਦੇ ਪਾਈਪ ਲਾਈਨ ਜਲ ਸਪਲਾਈ ਪ੍ਰੋਜੈਕਟ ਅੰਮਰੁਤ-2 ਅਧੀਨ ਪਾਸ ਕੀਤਾ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਤਹਿਤ ਡਿਸਟ੍ਰੀਬਿਊਸ਼ਨ ਪਾਇਪ ਨੈੱਟਵਰਕ ਨੂੰ ਮਜ਼ਬੂਤ ਕਰਕੇ ਇਸ ਪ੍ਰੋਜੈਕਟ ਅਧੀਨ ਪੁਰਾਣਾ ਰਾਜਪੁਰਾ ਤੇ ਰਾਜਪੁਰਾ ਟਾਊਨ ਵਿੱਚ 57.30 ਕਿਲੋਮੀਟਰ ਨਵੀਂ ਪਾਈਪ ਲਾਈਨ ਪਾਈ ਜਾਣੀ ਹੈ, ਇਸ ਨਾਲ ਕਰੀਬ 10 ਹਜ਼ਾਰ ਘਰਾਂ ਦੀ 50 ਹਜ਼ਾਰ ਦੀ ਆਬਾਦੀ ਨੂੰ ਸਾਫ ਪਾਣੀ ਦਾ ਲਾਭ ਮਿਲੇਗਾ। ਇਸ ਮੌਕੇ ਹਲਕਾ ਵਿਧਾਇਕ ਨੀਨਾ ਮਿੱਤਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਪੰਜਾਹ ਸਾਲਾਂ ਤੋਂ ਸਾਫ ਪਾਣੀ ਦੇਣ ਲਈ ਸਰਕਾਰਾਂ ਪਿਛਲੀਆਂ ਨੇ ਆਪਣੀ ਕੋਈ ਜ਼ਿੰਮੇਵਾਰੀ ਨਹੀਂ ਨਿਭਾਈ, ਪ੍ਰੰਤੂ ਮੌਜੂਦਾ ਸਰਕਾਰ ਨੇ ਰਾਜਪੁਰਾ ਵਾਸੀਆਂ ਨੂੰ ਇਹ ਅਹਿਮ ਤੋਹਫ਼ਾ ਦਿੱਤਾ ਹੈ। ਨੀਨਾ ਮਿੱਤਲ ਨੇ ਦੱਸਿਆ ਕਿ ਰਾਜਪੁਰਾ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਵਿੱਚ ਮਿਕਸਿੰਗ ਦੀ ਇੱਕ ਗੰਭੀਰ ਸਮੱਸਿਆ ਹੈ, ਜਿਸ ਕਰਕੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨ ਪੈ ਰਿਹਾ ਸੀ। ਇਸ ਮੌਕੇ ਪੰਜਾਬ ਰਾਜ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸੰਨੀ ਸਿੰਘ ਆਹਲੂਵਾਲੀਆ ਸਮੇਤ ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ, ਐੱਸਡੀਐੱਮ ਅਵਿਕੇਸ਼ ਗੁਪਤਾ, ਈ ਓ ਅਵਤਾਰ ਚੰਦ, ਐੱਮ ਐੱਲ ਏ ਕੋਆਰਡੀਨੇਟਰ ਰਿਤੇਸ਼ ਬਾਂਸਲ, ਸਚਿਨ ਮਿੱਤਲ ਵਿਜੇ ਮੈਟਰੋ, ਰਾਜੇਸ਼ ਕੁਮਾਰ ਵਾਇਸ ਪ੍ਰਧਾਨ ਨਗਰ ਕੌਂਸਲ, ਸੰਦੀਪ ਬਾਵਾ, ਸਿੱਖਿਆ ਕੋਆਰਡੀਨੇਟਰ ਵਿਜੇ ਮੈਟਰੋ, ਕੌਂਸਲਰ ਜੈ ਕ੍ਰਿਸ਼ਨ ਅਗਵਾਲ, ਰਵਿੰਦਰ ਸਿੰਘ ਏਏਜੀ, ਅਮਰਜੀਤ ਸ਼ਰਮਾ ਆਦਿ ਮੌਜੂਦ ਸਨ।

## ਭਾਖੜਾ ਡੈਮ ਦੀ ਸੁਰੱਖਿਆ ਸੀ ਆਈ ਐੱਸ ਐੱਫ ਨੂੰ ਸੌਂਪਣ ਲਈ ਐਸ ਕੇ ਐੱਮ ਵੱਲੋਂ ਮੋਦੀ ਸਰਕਾਰ ਦੀ ਨਿਖੇਧੀ

**ਚੰਡੀਗੜ੍ਹ :** ਸੰਯੁਕਤ ਕਿਸਾਨ ਮੋਰਚਾ ਨੇ ਭਾਖੜਾ ਡੈਮ ਦੀ ਸੁਰੱਖਿਆ ਸੀ ਆਈ ਐਸ ਐਫ ਨੂੰ ਸੌਂਪਣ ਦੇ ਕੇਂਦਰ ਸਰਕਾਰ ਦੇ ਕਦਮ ਨੂੰ ਤਾਨਾਸ਼ਾਹੀ ਕਦਮ ਕਰਾਰ ਦਿੱਤਾ ਹੈ ਜੋ ਸੰਵਿਧਾਨਕ ਸੰਘੀ ਢਾਂਚੇ ਨੂੰ ਕਮਜ਼ੋਰ ਕਰਦਾ ਅਤੇ ਸ਼ਕਤੀਆਂ ਦੇ ਕੇਂਦਰੀਕਰਨ ਦੇ ਰੁਝਾਨ ਨੂੰ ਹੋਰ ਮਜ਼ਬੂਤ ਕਰਦਾ ਹੈ।ਇਸ ਕਦਮ ਦੀ ਨਿੰਦਾ ਕਰਦੇ ਹੋਏ, ਐਸ ਕੇ ਐਮ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ ਦੁਆਰਾ ਪਿਛਲੇ ਕਈ ਦਿਨਾਂ ਤੋਂ ਲਏ ਗਏ ਇੱਕਪਾਸੜ ਪ੍ਰਸ਼ਾਸਕੀ ਫੈਸਲਿਆਂ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਸਿੱਧੇ ਪ੍ਰਭਾਵ ਹੇਠ ਪੱਖਪਾਤੀ ਫੈਸਲੇ ਕਰਾਰ ਦਿੱਤਾ ਹੈ।ਇਸ ਕਾਰਵਾਈ ਲਈ ਡੈਮ ਸੁਰੱਖਿਆ ਐਕਟ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦੇ ਹੋਏ, ਐਸ ਕੇ ਐਮ ਨੇ ਡੈਮ ਸੁਰੱਖਿਆ ਐਕਟ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ, ਜੋ ਰਾਜਾਂ ਦੇ ਸੰਵਿਧਾਨਕ ਅਧਿਕਾਰਾਂ ਦੇ ਵਿਰੁੱਧ ਹੈ।ਇਤਿਹਾਸ ਦਰਸਾਉਂਦਾ ਹੈ ਕਿ ਪੰਜਾਬ ਅਤੇ ਇਸਦੇ ਗੁਆਂਢੀ ਰਾਜਾਂ ਵਿਚਕਾਰ ਦਰਿਆਈ ਪਾਣੀ ਦੇ ਵਿਵਾਦ ਨੂੰ ਰਿਪੇਰੀਅਨ/ਵਿਗਿਆਨਕ ਸਿਧਾਂਤਾਂ ਦੀ ਰੌਸ਼ਨੀ ਵਿੱਚ ਗੈਰ-ਪੱਖਪਾਤੀ, ਤਰਕਸ਼ੀਲ ਅਤੇ ਲੋਕ-ਪੱਖੀ ਢੰਗ ਨਾਲ ਹੱਲ ਕਰਨ ਦੀ ਬਜਾਏ ਹਮੇਸ਼ਾਂ ਰਾਜਨੀਤੀਕਰਨ ਕੀਤਾ ਜਾਂਦਾ ਰਿਹਾ ਹੈ।ਭਾਖੜਾ ਬਿਆਸ ਪ੍ਰਬੰਧਨ ਬੋਰਡ ਦੁਆਰਾ ਪੰਜਾਬ ਅਤੇ ਹਰਿਆਣਾ ਵਿਚਕਾਰ ਮੌਜੂਦਾ ਪਾਣੀ ਵਿਵਾਦ ਵੀ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦੇ ਲੁਕਵੇਂ ਰਾਜਨੀਤਿਕ ਹਿੱਤਾਂ ਤੋਂ ਪ੍ਰੇਰਿਤ ਹੈ।ਐਸ ਕੇ ਐਮ ਨੇ ਪਾਣੀ ਦੇ ਸੰਕਟ ਦੇ ਮੁੱਦੇ ਨੂੰ ਬੁਨਿਆਦੀ ਤੌਰ 'ਤੇ ਹੱਲ ਕਰਨ, ਬਰਬਾਦ ਹੋ ਰਹੇ ਮੀਂਹ ਦੇ ਪਾਣੀ ਦੀ ਸੰਭਾਲ ਅਤੇ ਸਹੀ ਵਰਤੋਂ ਕਰਨ, ਦਰਿਆਵਾਂ ਅਤੇ ਨਹਿਰਾਂ ਦਾ ਵਿਗਿਆਨਕ ਪ੍ਰਬੰਧਨ, ਹੜ੍ਹ ਦੇ ਪਾਣੀ ਅਤੇ ਮੌਸਮੀ ਤਬਦੀਲੀਆਂ ਕਾਰਨ ਹੋਏ ਨੁਕਸਾਨ ਅਤੇ ਤਬਾਹੀ ਦੀ ਬੀਮਾ ਕਵਰੇਜ ਦੇ ਨਾਲ ਪ੍ਰਭਾਵਸ਼ਾਲੀ ਨਿਯੰਤਰਣ ਦੀ ਮੰਗ ਕੀਤੀ ਹੈ। ਐਸ ਕੇ ਐਮ ਨੇ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਬਿਨਾਂ ਕਿਸੇ ਵਿਤਕਰੇ ਜਾਂ ਪੱਖਪਾਤ ਦੇ ਪਾਣੀ ਸੰਕਟ ਨੂੰ ਹੱਲ ਕਰਨ ਲਈ ਦਬਾਅ ਪਾਉਣ ਦੀ ਆਪਣੀ ਵਚਨਬੱਧਤਾ ਦੁਹਰਾਈ ਹੈ, ਲੋਕਾਂ ਨੂੰ ਸੱਤਾਧਾਰੀ ਵਰਗ ਦੀਆਂ ਪਾਰਟੀਆਂ, ਖਾਸ ਕਰਕੇ ਭਾਜਪਾ ਦੀਆਂ ਰਾਜਨੀਤਿਕ ਚਾਲਾਂ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ, ਜੋ ਗੁਆਂਢੀ ਰਾਜਾਂ ਦੇ ਲੋਕਾਂ, ਖਾਸ ਕਰਕੇ ਕਿਸਾਨਾਂ ਨੂੰ ਇੱਕ ਦੂਜੇ ਦੇ ਵਿਰੁੱਧ ਖੜ੍ਹਾ ਕਰਨਗੀਆਂ।

## ਵਿਧਾਇਕ ਵੱਲੋਂ ਸਰਕਾਰੀ ਸਕੂਲਾਂ 'ਚ 01 ਕਰੋੜ 95 ਲੱਖ 65 ਹਜ਼ਾਰ ਦੇ ਵਿਕਾਸ ਕਾਰਜਾਂ ਦਾ ਉਦਘਾਟਨ

**ਬੁਢਲਾਡਾ/ਮਾਨਸਾ (ਆਤਮਾ ਸਿੰਘ ਪਮਾਰ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿਹਤ, ਸਿੱਖਿਆ ਤੇ ਖੇਤੀ ਲਈ ਨਵਾਂ ਇਤਿਹਾਸ ਰਚਿਆ ਜਾ ਰਿਹਾ ਹੈ, ਜਿਸ ਤਰ੍ਹਾਂ ਪਾਣੀ ਪੰਜਾਬ ਦੀ ਹਰ ਟੇਲ ਤੱਕ ਪਹੁੰਚਿਆ ਹੈ, ਉਸੇ ਤਰ੍ਹਾਂ ਸਿੱਖਿਆ ਵੀ ਹਰ ਘਰ, ਹਰ ਪਿੰਡ ਤੇ ਹਰ ਵਿਦਿਆਰਥੀ ਤੱਕ ਪਹੁੰਚੇ, ਇਹਦੇ ਲਈ ਸਰਕਾਰ ਸਿਰ ਤੋੜ ਯਤਨ ਕਰ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਹਲਕੇ ਦੇ ਸਰਕਾਰੀ ਸਕੂਲਾਂ 'ਚ 01 ਕਰੋੜ 95 ਲੱਖ, 65 ਹਜ਼ਾਰ ਰੁਪਏ ਦੀ ਲਾਗਤ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕਰਨ ਦੌਰਾਨ ਕੀਤਾ।



ਬੁੱਧ ਰਾਮ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੇ ਯਤਨਾਂ ਸਦਕਾ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਿਆ ਹੈ।ਮੁੱਖ ਮੰਤਰੀ ਦੁਆਰਾ ਅਸੰਭਵ ਕਾਰਜਾਂ ਨੂੰ ਸੰਭਵ ਬਣਾਇਆ ਜਾ ਰਿਹਾ ਹੈ।ਹਰ ਕੰਮ ਕੋਸ਼ਿਸ਼ ਕਰਿਆਂ ਹੋ ਹੀ ਜਾਂਦਾ ਹੈ, ਲੋੜ ਹੁੰਦੀ ਹੈ ਪਹਿਲਾ ਕਦਮ ਪੁੱਟਣ ਦੀ।

ਉਨ੍ਹਾਂ ਕਿਹਾ ਕਿ ਹਲਕੇ ਦਾ ਕੁਲਰੀਆਂ ਪਿੰਡ ਹਰਿਆਣੇ ਦੀ ਹੱਦ ਨਾਲ ਲੱਗਦਾ ਹੈ।ਇਸ ਖੇਤਰ ਵਿੱਚ ਸਿੱਖਿਆ ਦੇ ਪਸਾਰ ਲਈ ਕੁਲਰੀਆਂ ਪਿੰਡ ਨੂੰ ਸਿੱਖਿਆ ਦੀ ਹੱਬ ਬਣਾਇਆ ਜਾ ਰਿਹਾ ਹੈ, ਜਿੱਥੇ ਇੱਥੋਂ ਦੇ ਸੈਕੰਡਰੀ ਸਕੂਲ ਨੂੰ ਸਕੂਲ ਆਫ ਬਰੀਲੀਐਂਸ ਬਣਾਇਆ ਗਿਆ ਹੈ, ਉਥੇ ਹੀ ਇੱਥੋਂ ਦੇ ਪ੍ਰਾਇਮਰੀ ਸਕੂਲ ਨੂੰ ਸਕੂਲ ਆਫ ਹੈਪੀਨੈੱਸ ਬਣਾਉਣ ਲਈ 01 ਕਰੋੜ 20 ਲੱਖ ਦੀ ਗ੍ਰਾਂਟ ਜਾਰੀ ਕੀਤੀ ਜਾਵੇਗੀ, ਜਿਸ ਵਿੱਚੋਂ 20 ਲੱਖ ਰੁਪਏ ਜਾਰੀ ਹੋ ਵੀ ਚੁੱਕੇ ਹਨ ਤੇ ਜਲਦੀ ਹੀ ਇਸ ਸਕੂਲ ਦਾ ਕੰਮ ਸ਼ੁਰੂ ਹੋ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਸੈਕੰਡਰੀ ਸਕੂਲ ਵਿੱਚ ਹੋਲੀਸਟਿਕ ਯੋਜਨਾ ਅਧੀਨ ਦੋ ਕਲਾਸ ਰੂਮ, ਦੋ ਪਖ਼ਾਨੇ, ਇੱਕ ਮੈਡੀਕਲ ਰੂਮ ਤੇ ਇਕ ਸਕਿਊਰਟੀ ਰੂਮ ਲਈ 62.50 ਲੱਖ ਜਾਰੀ ਹੋ ਚੁੱਕੇ ਹਨ।

ਵਿਧਾਇਕ ਬੁੱਧ ਰਾਮ ਨੇ ਸਰਕਾਰੀ ਪ੍ਰਾਇਮਰੀ ਸਕੂਲ ਈ.ਜੀ.ਐਸ. ਕੁਲਰੀਆਂ ਵਿਖੇ 5 ਲੱਖ 40 ਹਜ਼ਾਰ, ਸਰਕਾਰੀ ਸੈਕੰਡਰੀ ਸਕੂਲ ਕੁਲਰੀਆਂ ਵਿਖੇ 97.85 ਲੱਖ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਕੁਲਰੀਆਂ ਵਿਖੇ 88.41 ਲੱਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਗੋਰਖ਼ਨਾਥ ਵਿਖੇ 95 ਲੱਖ 65 ਹਜ਼ਾਰ ਰੁਪਏ ਦੀ ਲਾਗਤ ਦੇ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

## ਸਰਕਾਰ ਮੋਟਰਾਂ ਦੇ ਲੋਡ ਵਧਾਉਣ ਲਈ ਪ੍ਰਤੀ ਹਾਰਸ ਪਾਵਰ ਰਾਹਤ ਦੇਵੇ : ਮਨਾਵਾਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਦਫਤਰ ਵਿਖੇ ਐਗਜ਼ੈਕਟਿਵ ਮੈਂਬਰ ਪੰਜਾਬ ਮੰਦਰਜੀਤ ਸਿੰਘ ਮਨਾਵਾਂ ਦੀ ਅਗਵਾਈ ਹੇਠ ਕਿਸਾਨਾਂ ਦੀ ਇਕੱਤਰਤਾ ਹੋਈ ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਸੂਬਾ ਆਗੂ ਮਨਾਵਾਂ ਤੇ ਸਮੁੱਚੇ ਆਗੂਆਂ ਜ਼ਿਲ੍ਹਾ ਪ੍ਰਧਾਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦਾ ਪਾਣੀ ਥੱਲੇ ਜਾਣ ਕਾਰਨ ਮੋਗਾ ਜ਼ਿਲ੍ਹਾ ਡੇਂਜਰਸ ਜ਼ੋਨ ਵਿੱਚ ਹੈ, ਪਾਣੀ ਬਹੁਤ ਥੱਲੇ ਚਲੇ ਗਏ ਹਨ ਤੇ ਸਮਰਸੀਬਲ ਮੋਟਰਾਂ ਚੱਲ ਰਹੀਆਂ ਹਨ ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਆਪਣੀਆਂ ਮੋਟਰਾਂ ਦੀਆਂ ਪਾਵਰਾਂ ਵਧਾਉਣ ਲਈ ਪ੍ਰਤੀ ਹਾਰਸ ਪਾਵਰ 1200 ਤੋਂ 1500 ਰੁਪਏ ਰੇਟ ਤੇ ਕਨੈਕਸ਼ਨ ਪ੍ਰਤੀ ਹਾਸ ਪਾਵਰ ਵੱਡੇ ਕਰਨ ਦੀ ਮਨਜ਼ੂਰੀ ਦੇਵੇ ਤਾਂ ਜੋ ਕਿਸਾਨ ਸੁਖਾਲੇ ਢੰਗ ਨਾਲ ਆਪਣੀਆਂ ਮੋਟਰਾਂ ਦੇ ਲੋਡ ਵਧਾ ਸਕਣ, ਕਿਉਂਕਿ ਝੋਨੇ ਦਾ ਸੀਜ਼ਨ ਹੈ ਤੇ ਅਜੇ ਤੱਕ ਨਹਿਰਾਂ ਵਿੱਚ ਪਾਣੀ ਨਹੀਂ ਆ ਰਿਹਾ, ਉਪਰੋਂ ਕਿਸਾਨ ਪਹਿਲਾਂ ਤੋਂ ਹੀ ਕਰਜ਼ੇ ਦੀ ਮਾਰ ਹੇਠ ਦੱਬਿਆ ਪਿਆ ਹੈ ਜੇ ਸਰਕਾਰ ਪੰਜਾਬ ਦੇ ਕਿਸਾਨ ਦੀ ਇਸ ਤਰੀਕੇ ਬਾਂਹ ਫੜਦੀ ਹੈ ਤਾਂ ਕਿਸਾਨ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਭਾਈ, ਬਲਾਕ ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਸੀਨੀਅਰ ਆਗੂ ਹਰਜੀਤ ਸਿੰਘ ਮਨਾਵਾਂ, ਦਰਸ਼ਨ ਸਿੰਘ ਦੁਨੇ ਕੇ, ਪ੍ਰਕਾਸ਼ ਸਿੰਘ ਦਫਤਰ ਇੰਚਾਰਜ, ਬਲਕਰਨ ਸਿੰਘ ਮੀਡੀਆ ਸਕੱਤਰ, ਸੀਨੀਅਰਆਗੂ ਨਿਰਮਲ ਸਿੰਘ ਮਨਾਵਾਂ ਆਦਿ ਹਾਜ਼ਰ ਸਨ।


## ਵਿਧਾਇਕ ਭੁੱਲਰ ਨੇ ਡਰੇਨ ਦੀ ਸਫਾਈ ਦਾ ਕੰਮ ਸ਼ੁਰੂ ਕਰਵਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਵੱਲੋਂ ਕੁੰਢੇ ਰੋਡ 'ਤੇ ਜਾਂਦੀ ਡਰੇਨ ਦੀ ਸਫਾਈ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਆਗਾਮੀ ਮਾਨਸੂਨ ਸੀਜ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਲੋਕਾਂ ਨੂੰ ਭਾਰੀ ਮੀਂਹ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਇਸ ਡਰੇਨ ਦੀ ਸਫਾਈ ਦਾ ਕੰਮ ਨਗਰ ਕੌਂਸਲ ਫਿਰੋਜ਼ਪੁਰ ਵੱਲੋਂ ਕੀਤਾ ਜਾਵੇਗਾ, ਜਿਸ 'ਤੇ ਲਗਭਗ 8.00 ਲੱਖ ਰੁਪਏ ਲਾਗਤ ਆਵੇਗੀ। ਇਸ ਮੌਕੇ ਨਗਰ ਕੌਂਸਲ ਫਿਰੋਜ਼ਪੁਰ ਦੇ ਕਾਰਜ ਸਾਧਕ ਅਫ਼ਸਰ ਪੂਨਮ ਭਟਨਾਗਰ, ਸਹਾਇਕ ਮਿਊਂਸਪਲ ਇੰਜੀਨੀਅਰ ਲਵਪ੍ਰੀਤ ਸਿੰਘ, ਸੈਨੀਟੇਸ਼ਨ ਸੁਪਰਡੈਂਟ ਸੁਖਪਾਲ ਸਿੰਘ, ਗੁਲਸ਼ਨ ਗਰੋਵਰ ਐੱਸਡੀਓ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ, ਰਾਜ ਬਹਾਦਰ ਸਿੰਘ, ਹਿਮਾਂਸ਼ੂ ਠੱਕਰ, ਅਮਰਿੰਦਰ ਸਿੰਘ, ਵਿਜੇ ਸਰਪੰਚ (ਕੁੰਡੇ), ਬਿੱਟੂ (ਕੁੰਡੇ), ਮੇਜਰ ਸਿੰਘ (ਬਲਾਕ ਪ੍ਰਧਾਨ), ਗੋਪਾਲ ਗੁਪਤਾ, ਵਾਕੇਸ਼ ਜੇ ਈ, ਰਾਹੁਲ ਜੇ ਈ ਤੇ ਪਰਮਵੀਰ ਸਿੰਘ ਠੇਕੇਦਾਰ ਆਦਿ ਹਾਜ਼ਰ ਸਨ।

## ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੀ ਸੂਬਾ ਵਰਕਿੰਗ ਦੀ ਮੀਟਿੰਗ ਸੰਪੰਨ

**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਲੁਧਿਆਣਾ ਦੇ ਪ੍ਰਤਾਪ ਚੌਕ ਦੇ ਨਜ਼ਦੀਕ ਸਥਿਤ ਪਾਣੀ ਵਾਲੀ ਟੈਂਕੀ ਤੇ ਜਥੇਬੰਦੀ ਦੇ ਦਫਤਰ 'ਚ ਕੀਤੀ ਗਈ, ਜਿਸ 'ਚ ਸੂਬਾ ਕਮੇਟੀ ਮੈਂਬਰ, ਵੱਖ-ਵੱਖ ਜ਼ਿਲ੍ਹਿਆਂ ਦੇ ਪ੍ਰਧਾਨ/ਜਨਰਲ ਸਕੱਤਰ ਸਮੇਤ ਹੋਰ ਸਰਗਰਮ ਆਗੂਆਂ ਨੇ ਸ਼ਿਰਕਤ ਕੀਤੀ। ਮੀਟਿੰਗ 'ਚ ਕਈ ਅਹਿਮ ਏਜੰਡਿਆਂ 'ਤੇ ਵਿਚਾਰ ਚਰਚਾ ਕਰਨ ਉਪਰੰਤ ਸਰਬਸੰਮਤੀ ਨਾਲ ਫ਼ੈਸਲੇ ਲਏ ਗਏ ਤੇ ਪੰਜਾਬ ਸਰਕਾਰ ਅਤੇ ਵਿਭਾਗੀ ਮੈਨੇਜਮੈਂਟ ਦੇ ਖਿਲਾਫ਼ ਪੁਰਅਮਨ ਢੰਗ ਨਾਲ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕਰਦੇ ਹੋਏ ਐਲਾਨ ਕੀਤਾ ਗਿਆ।



ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ ਤੇ ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਨੇ ਦੱਸਿਆ ਕਿ ਜਿੱਥੇ ਇਕ ਪਾਸੇ ਪੇਂਡੂ ਜਲ ਸਪਲਾਈ ਸਕੀਮਾਂ ਤੇ ਫੀਲਡ ਅਤੇ ਦਫ਼ਤਰਾਂ 'ਚ ਪਿਛਲੇ 15-20 ਸਾਲਾਂ ਤੋਂ ਇੱਕ ਵਰਕਰ ਦੇ ਰੂਪ ਵਿੱਚ ਰੈਗੂਲਰ ਮੁਲਾਜ਼ਮਾਂ ਵਾਂਗ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਸਿੱਧਾ ਵਿਭਾਗ 'ਚ ਸ਼ਾਮਲ ਕਰਨ ਵਾਲੀ ਤਜਵੀਜ਼ ਲਾਗੂ ਕਰਕੇ ਪੱਕਾ ਰੁਜ਼ਗਾਰ ਕਰਨ ਵਾਲੀ ਪ੍ਰਮੁੱਖ ਮੰਗ ਦਾ ਹੱਲ ਕਰਨ ਵਿੱਚ ਪੰਜਾਬ ਸਰਕਾਰ ਤੇ ਵਿਭਾਗੀ ਮੈਨੇਜਮੇਂਟ ਵੱਲੋਂ ਅਣਦੇਖੀ ਕੀਤੀ ਜਾ ਰਹੀ ਹੈ, ਉਥੇ ਇਸਦੇ ਨਾਲ ਹੀ ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ, ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਨੀਤੀਆਂ ਲਾਗੂ ਕਰਕੇ ਵਰਕਰਾਂ ਦੇ ਕੱਚੇ ਪਿੱਲੇ ਰੁਜਗਾਰ ਨੂੰ ਖੋਹ ਕੇ ਬੇਰੁਜਗਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਚੱਲਦੇ ਵਰਕਰਾਂ ਵੱਲੋਂ ਮਜਬੂਰੀ ਵੱਸ ਆਪਣੇ ਰੁਜ਼ਗਾਰ ਨੂੰ ਬਚਾਉਣ ਲਈ ਸੰਘਰਸ਼ ਦਾ ਰਸਤਾ ਅਪਣਾਇਆ ਜਾ ਰਿਹਾ ਹੈ। ਇਸੇ ਕੜੀ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ ਦੇ ਵਿਧਾਨ ਸਭਾ ਹਲਕੇ ਸਾਹਨੇਵਾਲਾ ਜ਼ਿਲ੍ਹਾ ਲੁਧਿਆਣਾ 'ਚ ਜੱਥੇਬੰਦੀ ਵੱਲੋਂ 15 ਜੂਨ ਨੂੰ ਸੂਬਾ ਪੱਧਰੀ ਪਰਿਵਾਰਾਂ ਅਤੇ ਬੱਚਿਆਂ ਸਮੇਤ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ 'ਚ ਪਿਛਲੇ 15-20 ਸਾਲਾਂ ਦੇ ਲੰਮੇ ਸਮੇਂ ਤੋਂ ਇਕ ਵਰਕਰ ਦੇ ਰੂਪ ਵਿੱਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਜਿਵੇਂ ਕਿ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ ਤੇ ਸਬੰਧਤ ਵਿਭਾਗ ਵਿਚ ਮਰਜ਼ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਲੀ ਪ੍ਰਪੋਜਲ ਨੂੰ ਲਾਗੂ ਕਰਨਾ, 58 ਸਾਲ ਦੀ ਉਮਰ ਤੱਕ ਪੱਕੇ ਰੁਜ਼ਗਾਰ ਦੀ ਗਾਰੰਟੀ ਕਰਨਾ ਤੇ ਜਦੋਂ ਤੱਕ ਇਸ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਲੀ ਮੰਗ ਦਾ ਹੱਲ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਲੇਬਰ ਐਕਟ 1948 ਅਤੇ 2019 ਵਿਚ 15ਵੀਂ ਲੇਬਰ ਕਮਿਸ਼ਨਰ ਦੀਆਂ ਸਿਫ਼ਾਰਸ਼ਾਂ ਅਨੁਸਾਰ ਘੱਟੋ-ਘੱਟ ਉਜਰਤ 34244 ਰੁਪਏ ਜਸਸ ਵਿਭਾਗ 'ਚ ਫੀਲਡ ਤੇ ਦਫ਼ਤਰਾਂ ਵਿੱਚ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਵਰਕਰਾਂ 'ਤੇ ਲਾਗੂ ਕੀਤੀਆਂ ਜਾਣ। ਵਰਕਰਾਂ ਨੂੰ ਈ.ਪੀ.ਐਫ., ਈ.ਐਸ.ਆਈ. ਸਹੂਲਤਾਂ ਦਿੱਤੀਆਂ ਜਾਣ।

ਕਿਰਤ ਕਾਨੂੰਨ, ਬੋਨਸ ਦਾ ਭੁਗਤਾਨ ਐਕਟ, 1965 ਮੁਤਾਬਕ ਆਊਟਸੋਰਸ ਵਰਕਰਾਂ ਨੂੰ 8.33 ਪ੍ਰਤੀਸ਼ਤ ਬੋਨਸ ਤਨਖਾਹ ਦੇ ਨਾਲ ਦਿੱਤਾ ਜਾਵੇ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੇ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ (ਜਲ ਘਰ) ਦਾ ਜਬਰੀ ਪੰਚਾਇਤੀਕਰਨ/ਪੰਚਾਇਤੀਕਰਨ, ਸਕਾਡਾ ਪ੍ਰਣਾਲੀ ਲਾਉਣ ਦੀਆਂ ਨੀਤੀਆਂ ਨੂੰ ਤੁਰੰਤ ਵਾਪਸ ਲਿਆ ਜਾਵੇ। ਪੰਚਾਇਤਾਂ ਨੂੰ ਹੈਂਡਓਵਰ ਕੀਤੀਆਂ ਜਲ ਸਪਲਾਈ ਸਕੀਮਾਂ ਮੁੜ ਵਿਭਾਗ ਅਧੀਨ ਕੀਤੀਆਂ ਜਾਣ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਚੁਣੌਤੀ ਵਜੋਂ ਲੈਂਦਿਆਂ ਨਸ਼ਿਆਂ ਦੀ ਜੜ੍ਹ ਪੁੱਟਣ ਲਈ ਸਰਕਾਰ ਨੇ ਜ਼ਬਰਦਸਤ ਜੰਗ ਵਿੱਢੀ : ਧਾਲੀਵਾਲ



**ਚੇਤਨਪੁਰਾ (ਸੁਖਦੇਵ ਚੇਤਨਪੁਰੀ)**

ਅਜਨਾਲਾ ਸੈਕਟਰ ਦੇ ਭਾਰਤ-ਪਾਕਿ ਕੌਮਾਂਤਰੀ ਸਰਹੱਦ ਤੇ ਐਨ ਸਥਿਤ ਪਿੰਡਾਂ ਸ਼ਾਲੀਵਾਲ, ਸੈਦਪੁਰ ਖੁਰਦ, ਮਾਝੀਮੀਆਂ, ਸੈਦੋਗਾਜ਼ੀ ਅਤੇ ਪਿੰਡ ਰਾਏਪੁਰ ਕਲਾਂ 'ਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਰਵਾਈਆਂ ਗਈਆਂ ਨਸ਼ਾ ਮੁਕਤ ਯਾਤਰਾਵਾਂ ਅਤੇ ਪ੍ਰਭਾਵਸ਼ਾਲੀ ਚੇਤਨਾ ਰੈਲੀਆਂ ਨੂੰ ਹਲਕਾ ਵਿਧਾਇਕ ਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਸੰਬੋਧਨ ਕੀਤਾ ਅਤੇ ਇਨ੍ਹਾਂ ਰੈਲੀਆਂ 'ਚ ਮੌਜੂਦ ਸੈਂਕੜੇ ਲੋਕਾਂ ਨੂੰ ਨਸ਼ੇ ਨਾ ਖਾਣ ਅਤੇ ਨਾ ਵੇਚਣ ਦੀ ਸਮੂਹਿਕ ਸਹੁੰ ਚੁਕਵਾਈ। ਇਸ ਸਮੇਂ ਉਨ੍ਹਾਂ ਪਿੰਡਾਂ 'ਚ ਨਸ਼ਾ ਵੇਚਣ ਵਾਲਿਆਂ ਬਾਰੇ ਗੁਪਤ ਰੂਪ 'ਚ ਐਸਡੀਐਮ ਅਜਨਾਲਾ, ਅਜਨਾਲਾ ਪੁਲਸ ਅਤੇ ਉਨ੍ਹਾਂ ਨੂੰ ਜਾਣਕਾਰੀ ਦੇਣ ਦਾ ਸੱਦਾ ਵੀ ਦਿੱਤਾ।ਰੈਲੀਆਂ ਸਮੇਂ ਹਾਜ਼ਰ ਲੋਕਾਂ ਨੂੰ ਮੁਖ਼ਾਤਿਬ ਹੁੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਾਬਕਾ ਸਰਕਾਰਾਂ ਵੱਲੋਂ ਅਮੀਰ ਰੰਗਲੇ ਪੰਜਾਬ ਦੀ ਵਿਰਾਸਤ ਤੇ ਸਦਾਚਾਰ ਦੀ ਅਣਦੇਖੀ ਕੀਤੇ ਜਾਣ ਕਾਰਨ ਪੰਜਾਬ 'ਚ ਨਸ਼ਿਆਂ ਦਾ ਧੰਦਾ ਇੱਕ ਜਟਿਲ ਸਮੱਸਿਆ ਬਣ ਚੁੱਕਾ ਸੀ, ਜਿਸ ਨੂੰ ਜੜ੍ਹੋਂ ਉਖੇੜਨ ਲਈ ਭਗਵੰਤ ਸਿੰਘ ਮਾਨ ਨੇ ਇੱਕ ਚੁਣੌਤੀ ਵਜੋਂ ਲੈਂਦਿਆਂ ਨਸ਼ਾ ਤਸਕਰਾਂ ਵਿਰੁੱਧ 1 ਮਾਰਚ ਤੋਂ ਯੁੱਧ ਨਸ਼ਿਆਂ ਵਿਰੁੱਧ ਜ਼ਬਰਦਸਤ ਜੰਗ ਛੇੜ ਦਿੱਤੀ ਹੈ, ਅਤੇ ਹਰ ਵਰਗ ਦੇ ਲੋਕਾਂ ਦੀ ਇਸ ਮੁੱਦੇ 'ਤੇ ਸਾਂਝੀ ਰਾਏ ਬਣਾਉਣ ਲਈ ਪਿੰਡ ਪਿੰਡ ਤੇ ਸ਼ਹਿਰੀ ਮੁਹੱਲਿਆਂ 'ਚ ਨਸ਼ਾ ਮੁਕਤੀ ਯਾਤਰਾ ਕਰਕੇ ਸਰਕਾਰ ਸਫ਼ਲਤਾ ਵੱਲ ਅੱਗੇ ਵਧ ਰਹੀ ਹੈ।ਨਸ਼ਿਆਂ ਵਿਰੁੱਧ ਜਿੱਤ ਦਰਜ ਕਰਵਾਉਣ ਲਈ ਲੋਕਾਂ ਦਾ ਸਰਗਰਮ ਸਹਿਯੋਗ ਬਰਾਬਰ ਮਿਲ ਰਿਹਾ ਹੈ।ਸ. ਧਾਲੀਵਾਲ ਨੇ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਦੀ ਲੰਮੀ ਛਾਲ ਲਗਾਏ ਜਾਣ ਦੇ ਨਤੀਜੇ ਸਾਰਥਿਕ ਰੂਪ 'ਚ ਮਿਲ ਰਹੇ ਹਨ ਅਤੇ 13 ਹਜ਼ਾਰ ਦੇ ਕਰੀਬ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ 'ਚ ਡੱਕਣ, ਡਰੱਗ ਮਨੀ ਨਾਲ ਬਣਾਏ ਹੋਏ ਨਸ਼ਾ ਸਮਗਲਰਾਂ ਦੇ ਦਰਜਨਾਂ ਘਰਾਂ 'ਤੇ ਬੁਲਡੋਜ਼ਰ ਚਲਾ ਕੇ ਘਰਾਂ ਨੂੰ ਨਸ਼ਟ ਕਰਨ ਤੇ ਜਾਇਦਾਦਾਂ ਨੂੰ ਜ਼ਬਤ ਤੇ ਸੀਲ ਕੀਤੇ ਜਾਣ ਤੋਂ ਇਲਾਵਾ ਹੁਣ ਤੱਕ ਨਸ਼ੇ ਕਰਦੇ ਆ ਰਹੇ 8 ਹਜ਼ਾਰ ਦੇ ਕਰੀਬ ਵਿਅਕਤੀਆਂ ਨੂੰ ਮੁੱਖ ਧਾਰਾ 'ਚ ਲਿਆ ਕੇ ਪੁਨਰ ਵਸੇਬੇ ਲਈ ਨਸ਼ਾ ਛੁਡਾਊ ਕੇਂਦਰਾਂ 'ਚ ਭਰਤੀ ਕਰਵਾ ਕੇ ਮੁਫ਼ਤ ਇਲਾਜ ਕਰਵਾਇਆ ਗਿਆ ਹੈ।ਨਸ਼ਾ ਮੁਕਤੀ ਯਾਤਰਾਵਾਂ 'ਚ ਸ਼ਮੂਲੀਅਤ ਕਰਕੇ ਲੋਕਾਂ ਵੱਲੋਂ ਨਸ਼ਿਆਂ ਵਿਰੁੱਧ ਚੁੱਕੀਆਂ ਜਾ ਰਹੀਆਂ ਸਹੁੰਆਂ ਦੇ ਮੱਦੇਨਜ਼ਰ ਉਠੀ ਲੋਕ ਲਹਿਰ ਦੇ ਦਬਾਓ ਹੇਠ ਆ ਕੇ ਬਹੁਤ ਸਾਰੇ ਤਸਕਰਾਂ ਨੇ ਪੰਜਾਬ ਤੋਂ ਬਾਹਰ ਦਾ ਰਸਤਾ ਨਾਪ ਲਿਆ ਹੈ ਅਤੇ ਇਸ ਤਸਕਰੀ ਦੇ ਬਦਨਾਮ ਧੰਦੇ 'ਚ ਪੈਣ ਲਈ ਹੁਣ ਤੌਲ ਰਹੇ ਨਵੇਂ ਬੰਦੇ ਤੌਬਾ ਕਰਕੇ ਹੱਥ ਖੜ੍ਹੇ ਕਰ ਗਏ ਹਨ।ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਐੱਸਡੀਐੱਮ ਅਜਨਾਲਾ ਰਵਿੰਦਰ ਸਿੰਘ ਅਰੋੜਾ, ਡੀਐੱਸਪੀ, ਬੀਡੀਪੀਓ ਸਿਤਾਰਾ ਸਿੰਘ ਵਿਰਕ, ਐੱਸਐੱਚਓ ਇੰਸਪੈਕਟਰ ਮੁਖਤਿਆਰ ਸਿੰਘ ਸਮੇਤ ਹੋਰ ਪੁਲਸ ਤੇ ਸਿਵਲ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਵਿਲੇਜ਼ ਡਿਫੈਂਸ ਕਮੇਟੀਆਂ ਦੇ ਅਹੁਦੇਦਾਰ, ਪੰਚ ਸਰਪੰਚ, ਸਮਾਜ ਸੇਵੀ, ਯੂਥ ਕਲੱਬਾਂ ਦੇ ਮੋਹਤਬਰ ਵੱਡੀ ਗਿਣਤੀ 'ਚ ਮੌਜੂਦ ਸਨ।

# ਦੋ ਨਸ਼ਾ ਤਸਕਰ ਹੈਰੋਇਨ ਅਤੇ ਡਰੱਗ ਮਨੀ ਸਮੇਤ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਿਸ ਦੇ ਏਐੱਸਆਈ. ਜਗਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਨਹਿਰੂ ਪਾਰਕ ਪੁੱਜੇ ਤਾਂ ਪਾਰਕ ਦੇ ਖੱਬੇ ਪਾਸੇ ਬਣੇ ਲੋਹੇ ਦੇ ਬੈਂਚ ਹੇਠ ਦੋ ਨੌਜਵਾਨ ਖੜੇ ਸੀ, ਜਿਨ੍ਹਾਂ ਨੂੰ ਸ਼ੱਕ ਪੈਣ 'ਤੇ ਉਨ੍ਹਾਂ ਦਾ ਪਤਾ ਪੁੱਛਿਆ ਤਾਂ ਉਨ੍ਹਾਂ ਆਪਣਾ ਨਾਂਅ ਪੰਕਪ੍ਰੀਤ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਗੁਰਦਾਸਪੁਰ ਅਤੇ ਦੂਸਰੇ ਨੇ ਅਰਮਾਨਜੋਤ ਸਿੰਘ ਪੁੱਤਰ ਸਤਿੰਦਰਪਾਲ ਸਿੰਘ ਵਾਸੀ ਗੁਰਦਾਸਪੁਰ ਦੱਸਿਆ, ਜਿਨ੍ਹਾਂ ਕੋਲੋਂ 5 ਗਰਾਮ 15 ਮਿਲੀਗ੍ਰਾਮ ਹੈਰੋਇਨ ਅਤੇ ਪੰਕਪ੍ਰੀਤ ਸਿੰਘ ਕੋਲੋਂ 4 ਗਰਾਮ 50 ਮਿਲੀ ਗ੍ਰਾਮ ਹੈਰੋਇਨ ਅਤੇ 2500 ਰੁਪਏ ਇਕ ਨੋਟ 500 ਰੁਪਏ ਅਤੇ 100/100 ਰੁਪਏ ਦੇ 20 ਨੋਟ ਡਰੱਗ ਮਨੀ ਅਤੇ 1 ਕੰਪਿਊਟਰ ਕੰਡਾ ਬਰਾਮਦ ਕੀਤਾ ਗਿਆ। ਪੁਲਸ ਨੇ ਇਨ੍ਹਾਂ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਪੁਲਸ ਪਾਰਟੀ ਨੇ ਦੱਸਿਆ ਕਿ ਉਕਤ ਦੋਵਾਂ ਵਿਅਕਤੀਆਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਜਿਨ੍ਹਾਂ ਪਾਸੋਂ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਥਾਣਾ ਅਜਨਾਲਾ ਅੱਗੇ ਅਣਮਿੱਥੇ ਸਮੇਂ ਦਾ ਧਰਨਾ ਦੇਣ ਦਾ ਐਲਾਨ



**ਅਜਨਾਲਾ (ਸੁਖਦਿੰਦਰ ਸਿੰਘ ਰਾਜੂ)**

ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਦੀ ਹੰਗਾਮੀ ਮੀਟਿੰਗ ਮੁਖਤਾਰ ਸਿੰਘ ਮੁਹਾਵਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਭਾ ਦੇ ਸੂਬਾਈ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਡਾਕਟਰ ਅਜਨਾਲਾ ਨੇ ਦੱਸਿਆ ਕਿ 15 ਮਈ ਵਾਲੇ ਦਿਨ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਜੱਗਾ ਸਿੰਘ ਡੱਲਾ ਉਪਰ ਜਾਨਲੇਵਾ ਹਮਲਾ ਹੋਇਆ ਜਿਸ ਵਿੱਚ ਜੱਗਾ ਸਿੰਘ ਨੂੰ ਗੰਭੀਰ ਸੱਟਾਂ ਮਾਰੀਆਂ ਗਈਆਂ ਜਿਸ ਦੇ ਵਿਰੁੱਧ ਜਮਹੂਰੀ ਕਿਸਾਨ ਸਭਾ ਵੱਲੋਂ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਥਾਣਾ ਅਜਨਾਲਾ ਸਾਹਮਣੇ ਉਸੇ ਦਿਨ ਦੋਸ਼ੀਆਂ ਵਿਰੁੱਧ ਪਰਚਾ ਦਰਜ ਕਰਾਉਣ ਲਈ ਧਰਨਾ ਦਿੱਤਾ।ਪੁਲਸ ਦੇ ਅਧਿਕਾਰੀਆਂ ਐੱਸਐੱਚਓ ਅਜਨਾਲਾ, ਡੀਐੱਸਪੀ ਅਜਨਾਲਾ ਨੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਪਰੰਤੂ ਪੁਲਸ ਵੱਲੋਂ ਬਣਦੀ ਯੋਗ ਕਾਰਵਾਈ ਨਾ ਕਰਨ ਵਿਰੁੱਧ 17 ਮਈ ਨੂੰ ਦੁਬਾਰਾ ਧਰਨਾ ਲਾ ਦਿੱਤਾ ਜਿੱਥੇ ਥਾਣਾ ਮੁਖੀ ਤੇ ਡੀਐੱਸਪੀ ਵੱਲੋਂ ਧਰਨਾਕਾਰੀਆਂ ਨੂੰ ਵਿਸ਼ਵਾਸ ਦੁਆਇਆ ਕਿ ਪਰਚੇ ਵਿਚ ਵਾਧਾ ਕਰਕੇ ਇਰਾਦਾ ਕਤਲ ਦੀ ਧਾਰਾ 109 ਅਤੇ ਹੋਰ ਬਣਦੀਆਂ ਧਾਰਾਵਾਂ ਲਾ ਦਿੱਤੀਆਂ ਜਾਣਗੀਆਂ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਅਗਲੇ ਦਿਨ 18 ਮਈ ਨੂੰ ਧਾਰਾਵਾਂ ਦਾ ਵਿਸਤਾਰ ਕਰਕੇ ਇਕ ਮੁਲਜ਼ਮ ਜਸਕਰਨ ਸਿੰਘ ਤੇ ਗੁਰਸ਼ਰਨ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਤੇ ਗ੍ਰਿਫ਼ਤਾਰੀ ਵੀ ਪਾ ਦਿੱਤੀ ਪਰ ਅਗਲੇ ਦਿਨ 23 ਮਈ ਦੀ ਸ਼ਾਮ ਨੂੰ ਹੀ ਰਿਹਾਅ ਕਰ ਦਿੱਤਾ ਜਿਸ ਕਰਕੇ ਪੁਲਸ ਦੀ ਅਜਿਹੀ ਅਤਿ ਨਿੰਦਣਯੋਗ ਕਾਰਵਾਈ ਵਿਰੁੱਧ ਇਲਾਕੇ ਵਿੱਚ ਗੁੱਸੇ ਦੀ ਲਹਿਰ ਦੌੜ ਗਈ।ਇੱਥੇ ਜ਼ਿਕਰਯੋਗ ਹੈ ਕਿ ਐੱਸਐੱਸਪੀ ਅੰਮ੍ਰਿਤਸਰ ਦਿਹਾਤੀ, ਡੀਐੱਸਪੀ ਅਤੇ ਐੱਸਐੱਚਓ ਅਜਨਾਲਾ ਨੇ ਪੀੜਤ ਧਰਨਾਕਾਰੀਆਂ ਨੂੰ ਵਿਸ਼ਵਾਸ ਦੁਆਇਆ ਸੀ ਕਿ ਦੋਸ਼ੀਆਂ ਦੀ ਗ੍ਰਿਫ਼ਤਾਰੀ ਪੈ ਗਈ ਹੈ ਤੇ ਦੋਸ਼ੀਆਂ ਨੂੰ ਛੱਡਿਆ ਨਹੀਂ ਜਾਵੇਗਾ।ਪੁਲਸ ਦੀ ਅਜਿਹੀ ਕਾਰਵਾਈ ਵਿਰੁੱਧ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਾਉਣ ਅਤੇ ਜੱਗਾ ਸਿੰਘ ਨੂੰ ਇਨਸਾਫ ਦਿਵਾਉਣ ਦੀ ਮੰਗ ਨੂੰ ਲੈ ਕੇ 2 ਜੂਨ ਨੂੰ ਥਾਣਾ ਅਜਨਾਲਾ ਸਾਹਮਣੇ ਅਣਮਿੱਥੇ ਸਮੇਂ ਦਾ ਜ਼ਿਲ੍ਹਾ ਪੱਧਰੀ ਰੋਸ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਬਾਬਾ ਅਰਜਨ ਸਿੰਘ ਹੁਸ਼ਿਆਰ ਨਗਰ, ਗੁਰਮੇਜ ਸਿੰਘ ਤਿੰਮੋਵਾਲ, ਹਰਪ੍ਰੀਤ ਸਿੰਘ ਬੁਟਾਰੀ, ਸੁਖਵਿੰਦਰ ਸਿੰਘ ਲਹੌਰੀਮੱਲ, ਹਰਭਜਨ ਸਿੰਘ ਟਰਪਈ, ਦੇਸਾ ਸਿੰਘ ਭਿੰਡੀ ਔਲਖ, ਕੁਲਵੰਤ ਸਿੰਘ ਮੱਲੂਨੰਗਲ, ਗੁਰਨਾਮ ਸਿੰਘ ਉਮਰਪੁਰਾ, ਸਤਵਿੰਦਰ ਸਿੰਘ ਓਠੀਆਂ, ਤਰਸੇਮ ਸਿੰਘ ਕਾਮਲਪੁਰਾ, ਬਿਕਰਮਜੀਤ ਸਿੰਘ ਕੁਰਾਲੀ, ਟਹਿਲ ਸਿੰਘ ਚੇਤਨਪੁਰਾ, ਬੀਬੀ ਅਜੀਤ ਕੌਰ ਕੋਟ ਰਜ਼ਾਦਾ, ਕਾਬਲ ਸਿੰਘ ਮੱਲੂਨੰਗਲ, ਬਲਕਾਰ ਸਿੰਘ ਗੁਲਗੜ੍ਹ, ਵਿਰਸਾ ਸਿੰਘ ਟਪਿਆਲਾ, ਸਵਰਨ ਸਿੰਘ ਟਰਪਈ ਆਦਿ ਆਗੂ ਹਾਜ਼ਰ ਸਨ।

# ਨਾਰੀ ਚੇਤਨਾ ਮੰਚ ਨੇ ਭਾਰਤੀ ਸੈਨਾ ਨੂੰ ਸਮਰਪਤ ਕੱਢੀ ਸੰਧੂਰ ਸ਼ਕਤੀ ਤਿਰੰਗਾ ਯਾਤਰਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਨਾਰੀ ਚੇਤਨਾ ਮੰਚ ਅੰਮ੍ਰਿਤਸਰ ਵੱਲੋਂ ਬਿਜਲੀ ਪਹਿਲਵਾਨ ਮੰਦਿਰ, ਲਾਰੇਂਸ ਰੋਡ ਵੱਲੋਂ ਸੰਧੂਰ ਸ਼ਕਤੀ ਤਿਰੰਗਾ ਯਾਤਰਾ ਸ਼ੁਰੂ ਹੋਈ, ਜੋ ਨਵਲਟੀ ਚੌਕ ਸਮਾਪਤ ਹੋਈ।ਭਾਰੀ ਤੂਫ਼ਾਨ ਵੀ ਮਹਿਲਾਵਾਂ ਦਾ ਹੌਸਲਾ ਡੇਗ ਨਹੀਂ ਸਕਿਆ।ਸੈਂਕੜਿਆਂ ਦੀ ਗਿਣਤੀ ਵਿੱਚ ਔਰਤਾਂ ਨੇ ਹੱਥ ਵਿੱਚ ਰਾਸ਼ਟਰੀ ਝੰਡਾ ਤਿਰੰਗਾ ਫੜ ਭਾਰਤ ਮਾਤਾ ਦੀ ਜੈ, ਵੰਦੇ ਮਾਤਰਮ, ਇਨਕਲਾਬ ਆਦਿ ਦੇ ਨਾਰਿਆ ਨਾਲ ਮਾਹੌਲ ਨੂੰ ਦੇਸ਼ ਭਗਤੀ ਨਾਲ ਭਰ ਦਿੱਤਾ।ਇਸ ਦੌਰਾਨ ਸੰਬੋਧਨ ਕਰਦੇ ਹੋਏ ਆਯੋਜਕਾਂ ਨੇ ਕਿਹਾ ਕਿ ਨਾਰੀ ਚੇਤਨਾ ਮੰਚ ਵੱਲੋਂ ਸੰਧੂਰ ਸ਼ਕਤੀ ਤਿਰੰਗਾ ਯਾਤਰਾ ਭਾਰੀ ਉਤਸਾਹ ਨਾਲ ਕੱਢੀ ਗਈ।ਇਸ ਦੌਰਾਨ ਵੱਖ-ਵੱਖ ਸਥਾਨ ਤੋਂ ਔਰਤਾਂ ਨੇ ਸ਼ਿਰਕਤ ਕਰਕੇ ਆਪਣੀ ਦੇਸ਼ ਭਗਤੀ ਦਾ ਜ਼ੋਰਦਾਰ ਮੁਜ਼ਾਹਰਾ ਕੀਤਾ।ਉਨ੍ਹਾਂ ਨੇ ਕਿਹਾ ਕਿ ਸਾਡੇ ਗੁਆਂਢੀ ਮੁਲਕ ਪਾਕਿਸਤਾਨ ਵੱਲੋਂ ਪਹਿਲਗਾਮ ਵਿੱਚ ਕੀਤੇ ਗਏ ਅੱਤਵਾਦੀ ਹਮਲੇ ਵਿੱਚ ਜਿਨ੍ਹਾਂ ਭੈਣਾਂ ਦਾ ਸੰਧੂਰ ਉਜਾੜਿਆ ਗਿਆ ਹੈ, ਇਸ ਦਾ ਬਦਲਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤੀ ਫੌਜ (ਥਲ, ਵਾਯੂ ਅਤੇ ਜਲ) ਨੇ ਲਿਆ, ਜਿਸ ਨੂੰ ਮਿਸ਼ਨ ਸੰਧੂਰ ਦਾ ਨਾਮ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਭਾਰਤੀ ਸੈਨਾਵਾਂ ਨੇ ਪਾਕਿਸਤਾਨ ਵਿੱਚ ਵੜ ਕੇ ਅੱਤਵਾਦ ਨੂੰ ਪਾਲ ਰਹੇ ਟਿਕਾਣਿਆਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ।ਇਹ ਮਿਸ਼ਨ ਅਜੇ ਖ਼ਤਮ ਨਹੀਂ ਹੋਇਆ ਹੈ, ਲਗਾਤਾਰ ਜਾਰੀ ਹੈ।ਭਾਰਤ ਅੱਤਵਾਦ ਨੂੰ ਪਨਪਣ ਨਹੀਂ ਦੇਵੇਗਾ।ਅੱਤਵਾਦ ਦੀ ਮਾਂ ਪਾਕਿਸਤਾਨ ਇਹ ਸਮਝ ਲਵੇ ਕਿ ਜੇਕਰ ਉਹ ਭਾਰਤ ਵਿੱਚ ਅੱਤਵਾਦ ਫੈਲਾਉਣ ਦੀ ਕੋਸ਼ਿਸ਼ ਕਰੇਗਾ ਤਾਂ ਉਸਨੂੰ ਮੂੰਹਤੋੜ ਜਵਾਬ ਮਿਲੇਗਾ।ਸਾਰੇ ਦੇਸ਼ ਦੀਆਂ ਔਰਤਾਂ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਖੜੀਆਂ ਹਨ ਅਤੇ ਜੇਕਰ ਜ਼ਰੂਰਤ ਪਈ ਤਾਂ ਔਰਤਾਂ ਬਾਰਡਰ 'ਤੇ ਜਾ ਕੇ ਆਪਣੇ ਦੇਸ਼ ਦੀ ਰੱਖਿਆ ਕਰਨਗੀਆਂ।ਉਨ੍ਹਾਂ ਕਿਹਾ ਕਿ ਨਾਰੀ ਚੇਤਨਾ ਮੰਚ ਵਲੋਂ ਤਿਰੰਗਾ ਯਾਤਰਾ ਕੱਢਣ ਦਾ ਇਹੀ ਉਦੇਸ਼ ਹੈ ਕਿ ਅਸੀਂ ਆਪਣੀ ਭਾਰਤੀ ਸੈਨਾ ਦਾ ਉਤਸ਼ਾਹ ਵਧਾਉਂਦੇ ਹੋਏ ਦੇਸ਼ ਭਗਤੀ ਨੂੰ ਸਮਰਪਤ ਹੋਈਏ।

# ਮਨਰੇਗਾ ਵਰਕਰਜ਼ ਯੂਨੀਅਨ ਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਬੀ ਡੀ ਪੀ ਓ ਦਫ਼ਤਰ ਅੱਗੇ ਨਾਅਰੇਬਾਜ਼ੀ



**ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)**

ਮਨਰੇਗਾ ਵਰਕਰਜ਼ ਯੂਨੀਅਨ ਅਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਬੀਡੀਪੀਓ ਖਡੂਰ ਸਾਹਿਬ ਦੇ ਦਫ਼ਤਰ ਅੱਗੇ ਮੰਗਾਂ ਨੂੰ ਲੈ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਬੋਲਦਿਆਂ ਬਲਦੇਵ ਸਿੰਘ ਪੰਡੋਰੀ, ਜਸਬੀਰ ਸਿੰਘ ਵੈਰੋਵਾਲ, ਨਰਿੰਦਰ ਸਿੰਘ ਟਰੌਲ, ਮੁਖਤਾਰ ਸਿੰਘ ਮੱਲਾ, ਕਾਲਾ ਸਿੰਘ ਪੰਡੋਰੀ, ਦਾਰਾ ਸਿੰਘ ਮੁੰਡਾ ਪਿੰਡ ਨੇ ਕਿਹਾ ਕਿ ਰਾਜ ਕਰਦੀ ਧਿਰ ਦੇ ਇਸ਼ਾਰਿਆਂ 'ਤੇ ਬੀਡੀਪੀਓ ਖਡੂਰ ਸਾਹਿਬ ਮਨਰੇਗਾ ਮਜ਼ਦੂਰਾਂ ਨੂੰ ਕੰਮ ਨਹੀਂ ਦੇ ਰਿਹਾ ਅਤੇ ਵਿਰੋਧੀ ਧਿਰ ਦੇ ਸਰਪੰਚਾ ਦੇ ਕੰਮ ਬੰਦ ਕਰਕੇ ਬੈਠਾ ਹੈ।ਮਨਰੇਗਾ ਸਕੀਮ ਤਹਿਤ ਕੰਮ ਨਹੀਂ ਦਿੱਤਾ ਜਾ ਰਿਹਾ।ਇਨ੍ਹਾਂ ਆਗੂਆਂ ਨੇ ਕਿਹਾ ਕਿ ਬਲਾਕ ਖਡੂਰ ਸਾਹਿਬ ਦੇ ਅਧਿਕਾਰੀ, ਮਨਰੇਗਾ ਅਫਸਰ, ਮਨਰੇਗਾ ਸੈਕਟਰੀ ਹਲਕਾ ਵਿਧਾਇਕਾਂ ਦੇ ਹੱਥ ਠੋਕੇ ਬਣ ਕੇ ਕੰਮ ਕਰ ਰਹੇ ਹਨ ।ਉਨ੍ਹਾਂ ਕਿਹਾ ਕਿ ਰਾਜ ਕਰਦੀ ਧਿਰ ਦੀ ਪੁਸ਼ਤਪਨਾਹੀ ਬੰਦ ਨਾ ਕੀਤੀ, ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਚੱਲਣ ਨਾ ਦਿੱਤਾ ਤਾਂ ਮਨਰੇਗਾ ਵਰਕਰਜ਼ ਯੂਨੀਅਨ ਅਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ 2 ਜੂਨ ਨੂੰ ਜ਼ਿਲ੍ਹਾ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਅੱਗੇ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਜੋਗਿੰਦਰ ਸਿੰਘ ਖਡੂਰ ਸਾਹਿਬ, ਕੁਲਦੀਪ ਸਿੰਘ ਰਟੋਲ, ਕੁਲਵਿੰਦਰ ਕੌਰ ਖਡੂਰ ਸਾਹਿਬ, ਬਲਜੀਤ ਕੌਰ ਕੰਗ ਆਦਿ ਹਾਜ਼ਰ ਸਨ।

# ਮਲਕਵਾਲ, ਕੋਟ ਖਜ਼ਾਨਾ ਤੇ ਹਸਨਪੁਰ ਕਲਾਂ ਵਿਖੇ ਲੋਕਾਂ ਨੂੰ ਨਸ਼ਿਆਂ ਖਿਲਾਫ ਜੁਝਣ ਲਈ ਸਹੁੰ ਚੁਕਾਈ

**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**

ਹਲਕਾ ਫਤਿਹਗੜ੍ਹ ਚੂੜੀਆਂ ਦੇ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਿੰਡ ਮਲਕਵਾਲ, ਕੋਟ ਖਜ਼ਾਨਾ, ਚੰਦੂ ਸੂਜਾ, ਹਸਨਪੁਰ ਕਲਾਂ, ਹਸਨਪੁਰ ਖੁਰਦ ਅਤੇ ਸ਼ੇਖੂਪੁਰ ਕਲਾਂ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਮੀਟਿੰਗਾਂ ਕਰਕੇ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਤੇ ਨਸ਼ਿਆਂ ਨੂੰ ਖਤਮ ਕਰਨ ਲਈ ਅੱਗੇ ਆਉਣ ਦੀ ਸਹੁੰ ਵੀ ਚੁਕਾਈ ਗਈ।ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਬਲਬੀਰ ਸਿੰਘ ਪੰਨੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਦੇ ਸਹਿਯੋਗ ਨਾਲ ਸਮਾਜਿਕ ਬੁਰਾਈਆਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕੀਤਾ ਜਾਵੇਗਾ।ਉਨ੍ਹਾਂ ਅੱਗੇ ਕਿਹਾ ਕਿ ਨਸ਼ਿਆਂ ਵਿਰੁੱਧ ਚੱਲ ਰਹੀ ਨਸ਼ਾ ਮੁਕਤੀ ਯਾਤਰਾ ਵਿੱਚ ਪਿੰਡ ਵਾਸਿਆਂ ਦਾ ਸਾਥ ਬਹੁਤ ਜ਼ਰੂਰੀ ਹੈ ਤਾਂ ਜੋ ਹਰ ਪਿੰਡ ਵਿੱਚੋਂ ਨਸ਼ਾ ਖਤਮ ਹੋ ਸਕੇ ਅਤੇ ਪੰਜਾਬ ਨੂੰ ਮੁੜ ਹੱਸਦਾ ਵੱਸਦਾ ਰੰਗਲਾ ਪੰਜਾਬ ਬਣਾਇਆ ਜਾ ਸਕੇ।ਇਸ ਮੌਕੇ ਸਰਪੰਚ ਪਰਮਜੀਤ ਕੌਰ, ਬਲਵਿੰਦਰ ਸਿੰਘ, ਸਰਪੰਚ ਅਵਤਾਰ ਸਿੰਘ ਚੰਦੂ ਸੂਜਾ, ਸਰਪੰਚ ਰਸ਼ਪਾਲ ਸਿੰਘ, ਡਾਕਟਰ ਸਰਵਣ ਸਿੰਘ, ਸਰਬਜੀਤ ਸਿੰਘ, ਸਰਪੰਚ ਰਾਜੇਸ਼ਵਰ ਸਿੰਘ, ਪੀਟਰ ਮਸੀਹ, ਤਰਲੋਕ ਕੁਮਾਰ, ਸਤਪਾਲ ਜਸਬੀਰ ਸਿੰਘ, ਸਰਪੰਚ ਜਗਜੀਤ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਰਣਜੀਤ ਸਿੰਘ, ਸੁਖਵਿੰਦਰ ਸਿੰਘ ਲੰਬੜਦਾਰ, ਦਿਲਬਾਗ ਸਿੰਘ ਜਸਬੀਰ ਮਸੀਹ, ਪੰਚ ਜਸਵੀਰ ਕੌਰ, ਪੰਚ ਰਿਪੀ, ਪੰਚ ਸਰਬਜੀਤ ਸਿੰਘ, ਬਖਸ਼ੀਸ਼ ਸਿੰਘ, ਜਥੇਦਾਰ ਨਿਰਮਲ ਸਿੰਘ,



ਫੌਜੀ ਰਜਿੰਦਰ ਸਿੰਘ, ਫੌਜੀ ਬਲਕਾਰ ਸਿੰਘ, ਅਵਤਾਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਬਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਗੁਰਪ੍ਰਤਾਪ ਸਿੰਘ, ਗੁਰਦੇਵ ਅੌਜਲਾ , ਬਲਾਕ ਪ੍ਰਧਾਨ ਜਗਜੀਤ ਸਿੰਘ ਆਜਮਪੁਰ ਅਤੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਕਿਰਨ ਨਾਲੇ ਤੇ ਆਲੇਚੱਕ ਡਰੇਨ ਦੀ ਸਫ਼ਾਈ ਸ਼ੁਰੂ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਕਿਰਨ ਨਾਲੇ (ਜਿਸ ਨੂੰ ਸ਼ੱਕੀ ਨਾਲਾ ਵੀ ਕਿਹਾ ਜਾਂਦਾ ਹੈ) ਅਤੇ ਆਲੇਚੱਕ ਡਰੇਨ ਦੀ ਸਫ਼ਾਈ ਦਾ ਕੰਮ ਅੱਜ ਸ਼ੁਰੂ ਹੋ ਗਿਆ ਹੈ।ਚੇਅਰਮੈਨ ਬਹਿਲ ਨੇ ਮੁੱਖ ਮੰਤਰੀ ਪੰਜਾਬ ਅਤੇ ਜਲ ਸਰੋਤ ਮੰਤਰੀ ਨਾਲ ਮੁਲਾਕਾਤ ਕਰਕੇ ਕਿਰਨ ਨਾਲੇ ਦੀ ਸਫ਼ਾਈ ਲਈ 55 ਲੱਖ ਰੁਪਏ ਅਤੇ ਆਲੇਚੱਕ ਡਰੇਨ 20 ਲੱਖ ਰੁਪਏ ਮਨਜ਼ੂਰ ਕਰਵਾ ਲਏ ਹਨ।ਚੇਅਰਮੈਨ ਬਹਿਲ ਨੇ ਦੱਸਿਆ ਕਿ ਉਨ੍ਹਾਂ ਨੇ ਕਿਰਨ ਨਾਲੇ ਅਤੇ ਆਲੇਚੱਕ ਡਰੇਨ ਦੀ ਸਫ਼ਾਈ ਦਾ ਮੁੱਦਾ ਸਰਕਾਰ ਕੋਲ ਚੁੱਕਿਆ ਸੀ ਅਤੇ ਉਨ੍ਹਾਂ ਦੀ ਲਗਾਤਾਰ ਪੈਰਵੀ ਸਦਕਾ ਪੰਜਾਬ ਸਰਕਾਰ ਵੱਲੋਂ ਸਾਲ 2025-26 ਦੇ ਮਾਨਸੂਨ ਤੋਂ ਪਹਿਲਾਂ ਇਸ ਨਾਲੇ ਨੂੰ ਸਾਫ਼ ਕਰਵਾਉਣ ਲਈ 55 ਲੱਖ ਰੁਪਏ ਜਾਰੀ ਕੀਤੇ ਗਏ ਹਨ।ਜ਼ਿਕਰਯੋਗ ਹੈ ਕਿ ਆਲੇਚੱਕ ਡਰੇਨ ਜਿਸ ਦੀ ਕੁੱਲ ਲੰਬਾਈ ਲਗਭਗ 14 ਕਿੱਲੋਮੀਟਰ ਹੈ ਅਤੇ ਇਹ ਡਰੇਨ ਪਿੰਡ ਆਲੇਚੱਕ, ਭੁਕਰਾ, ਸਾਧੂਚੱਕ, ਦਿਉਲ, ਮੀਰਪੁਰ, ਅੱਬਲਖੈਰ, ਮੁਸਤਾਬਾਦ ਸੈਦਾਂ ਸਮੇਤ ਲਗਭਗ 15 ਪਿੰਡਾਂ ਦੇ ਬਰਸਾਤੀ ਪਾਣੀ ਦੀ ਨਿਕਾਸੀ ਕਰਦੀ ਹੈ ਅਤੇ ਮਾਨਸੂਨ ਦੇ ਦਿਨਾਂ ਦੌਰਾਨ ਇਨ੍ਹਾਂ ਪਿੰਡਾਂ ਦੀਆਂ ਫ਼ਸਲਾਂ ਨੂੰ ਬਾਰਸ਼ ਦੀ ਮਾਰ ਤੋਂ ਬਚਾਉਂਦੀ ਹੈ।ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਇਸ ਡਰੇਨ ਦੀ ਵੀ ਸਫ਼ਾਈ ਨਹੀਂ ਸੀ ਹੋਈ ਜਿਸ ਕਾਰਨ ਪਾਣੀ ਦੀ ਨਿਕਾਸੀ ਵਿੱਚ ਮੁਸ਼ਕਲ ਆ ਰਹੀ ਸੀ।ਚੇਅਰਮੈਨ ਬਹਿਲ ਨੇ ਕਿਹਾ ਕਿ ਕਿਰਨ ਨਾਲੇ ਅਤੇ ਆਲੇਚੱਕ ਡਰੇਨ ਦੀ ਸਫ਼ਾਈ ਹੋਣ ਨਾਲ ਹੁਣ ਬਰਸਾਤਾਂ ਦੀ ਸੀਜ਼ਨ ਦੌਰਾਨ ਹੜ੍ਹਾਂ ਵਰਗੀ ਸਥਿਤੀ ਪੈਦਾ ਨਹੀਂ ਹੋਵੇਗੀ ਅਤੇ ਕਿਸਾਨਾਂ ਦੀਆਂ ਫ਼ਸਲਾਂ ਦਾ ਨੁਕਸਾਨ ਨਹੀਂ ਹੋਵੇਗਾ।ਓਧਰ ਇਲਾਕੇ ਦੇ ਲੋਕਾਂ ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਵੀ ਸ਼ਾਮਲ ਸਨ, ਨੇ ਕਿਹਾ ਕਿ ਚੇਅਰਮੈਨ ਬਹਿਲ ਨੇ ਉਨ੍ਹਾਂ ਦੀ ਇਸ ਸਮੱਸਿਆ ਨੂੰ ਸਮਝ ਕੇ ਹੱਲ ਕਰਵਾਇਆ ਹੈ।ਬਲਾਕ ਪ੍ਰਧਾਨ ਅਤੇ ਸਰਪੰਚ ਬਲਜੀਤ ਸਿੰਘ ਹਰਦੋਛੰਨੀ, ਸਰਪੰਚ ਬਲਜੀਤ ਸਿੰਘ ਬੋਪਾਰਾਏ, ਰੌਸ਼ਨ ਲਾਲ, ਨਿਸ਼ਾਨ ਸਿੰਘ ਬਲੱਗਣ ਅਤੇ ਸਰਪੰਚ ਪ੍ਰੀਤਮ ਸਿੰਘ ਬਲੱਗਣ, ਨਰਿੰਦਰ ਨੇ ਕਿਹਾ ਕਿ ਚੇਅਰਮੈਨ ਰਮਨ ਬਹਿਲ ਨੇ ਇਸ ਨੂੰ ਆਪਣੀ ਸਮੱਸਿਆ ਸਮਝ ਕੇ ਹੱਲ ਕਰਵਾਇਆ ਹੈ। ਇਲਾਕੇ ਦੇ ਲੋਕਾਂ ਨੇ ਰਮਨ ਬਹਿਲ ਅਤੇ ਪੰਜਾਬ ਸਰਕਾਰ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ ਹੈ।

# ਵਿਧਾਇਕ ਰੰਧਾਵਾ ਨੇ ਅਗਵਾਨ, ਰੁਡਿਆਣਾ ਤੇ ਸ਼ਾਲੇਚੱਕ 'ਚ ਵਿਲੇਜ ਡਿਫੈਂਸ ਕਮੇਟੀਆਂ ਨਾਲ ਕੀਤੀਆਂ ਮੀਟਿੰਗਾਂ



**ਡੇਰਾ ਬਾਬਾ ਨਾਨਕ (ਰਮੇਸ਼ ਕੁਮਾਰ)**-ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਤਹਿਤ ਬੀਤੀ ਸ਼ਾਮ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਅਗਵਾਨ, ਰੁਡਿਆਣਾ ਅਤੇ ਸ਼ਾਲੇਚੱਕ ਵਿਖੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਦੌਰਾਨ ਨਸ਼ਿਆਂ ਦੇ ਖ਼ਾਤਮੇ ਦਾ ਅਹਿਦ ਲਿਆ ਗਿਆ।ਇਸ ਮੌਕੇ ਵੱਡੀਆਂ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕ ਆਪ ਮੁਹਾਰੇ ਅੱਗੇ ਆ ਕੇ ਇਸ ਯਾਤਰਾ ਦਾ ਹਿੱਸਾ ਬਣ ਰਹੇ ਹਨ ਅਤੇ ਪੰਜਾਬ ਵਿੱਚੋਂ ਨਸ਼ੇ ਦੀਆਂ ਜੜ੍ਹਾਂ ਪੁੱਟਣ ਲਈ ਦਿਨ ਰਾਤ ਇੱਕ ਕਰ ਕੇ ਕੰਮ ਵੀ ਕਰਨ ਲੱਗ ਪਏ ਹਨ, ਹੁਣ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਵਿੱਚੋਂ ਨਸ਼ਿਆਂ ਦਾ ਖ਼ਾਤਮਾ ਮੁਕੰਮਲ ਤੌਰ ਉੱਤੇ ਹੋ ਜਾਵੇਗਾ।ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਨੂੰ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਅਤੇ ਪਿੰਡ ਵਾਸੀਆਂ ਨੂੰ ਨਿਰੰਤਰ ਨਸ਼ੇ ਖ਼ਿਲਾਫ਼ ਲੜੀ ਜਾ ਰਹੀ ਜੰਗ ਵਿੱਚ ਇੱਕਜੁੱਟ ਹੋ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਤ ਕੀਤਾ ਜਾਵੇ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ, ਜਿੱਥੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਪੰਜਾਬ ਸਰਕਾਰ ਵੱਲੋਂ ਮੁਫ਼ਤ ਅਤੇ ਢੁੱਕਵਾਂ ਇਲਾਜ ਕੀਤਾ ਜਾਂਦਾ ਹੈ। ਸ. ਰੰਧਾਵਾ ਨੇ ਕਿਹਾ ਕਿ ਸੂਬੇ ਦੀ ਨੌਜਵਾਨੀ ਹੁਣ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਰਹੀ ਹੈ ਅਤੇ ਪੰਜਾਬ ਮੁੜ ਤੋਂ ਸਿਹਤਮੰਦ ਪੰਜਾਬ ਬਣਨ ਵੱਲ ਵਧ ਰਿਹਾ ਹੈ।ਉਨ੍ਹਾਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਹੁਣ ਕਿਸੇ ਦੀ ਵੀ ਸਿਆਸੀ ਸ਼ਹਿ ਪ੍ਰਾਪਤ ਨਹੀਂ ਹੈ।ਉਨ੍ਹਾਂ ਕਿਹਾ ਪੰਜਾਬ ਸਰਕਾਰ ਨੇ ਪੁਲਸ ਵਿਭਾਗ ਅਤੇ ਹੋਰ ਸਬੰਧਿਤ ਵਿਭਾਗਾਂ ਨੂੰ ਇਹ ਸਖ਼ਤ ਹਦਾਇਤ ਦਿੱਤੀ ਹੈ ਕਿ ਨਸ਼ਿਆਂ ਦਾ ਵਪਾਰੀ ਭਾਵੇਂ ਕਿਸੇ ਵੀ ਪਰਿਵਾਰ ਨਾਲ ਸਬੰਧ ਰੱਖਦਾ ਹੋਵੇ, ਉਸ ਨੂੰ ਬਖ਼ਸ਼ਿਆ ਨਾ ਜਾਵੇ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨਸ਼ਿਆਂ ਖ਼ਿਲਾਫ਼ ਇਹ ਫ਼ੈਸਲਾਕੁਨ ਯੁੱਧ ਅਵਾਮ ਦੇ ਸਹਿਯੋਗ ਨਾਲ ਜ਼ਰੂਰ ਜਿੱਤੇਗੀ।ਇਸ ਮੌਕੇ ਤਹਿਸੀਲਦਾਰ ਡੇਰਾ ਬਾਬਾ ਨਾਨਕ ਲਛਮਣ ਸਿੰਘ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਡਾਕਟਰ ਅਰਸ਼ਦੀਪ ਸਿੰਘ ਤੋਂ ਇਲਾਵਾ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ, ਪੰਚ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਮਲਕੀਅਤ ਸੁਹਲ ਦੀ ਪੁਸਤਕ 'ਮਿੱਟੀਏ ਪੰਜਾਬ ਦੀਏ' ਆਕਲੈਂਡ 'ਚ ਰਿਲੀਜ਼



**ਗੁਰਦਾਸਪੁਰ, (ਜਨਕ ਮਹਾਜਨ)**

ਮਹਿਰਮ ਸਾਹਿਤ ਸਭਾ ਨਵਾਂ ਸ਼ਾਲਾ ਗੁਰਦਾਸਪੁਰ ਦੇ ਪ੍ਰਧਾਨ ਤੇ ਉਘੇ ਕਵੀ ਮਲਕੀਅਤ ਸੁਹਲ ਜੋ ਅੱਜਕੱਲ ਨਿਊਜ਼ੀਲੈਂਡ ਗਏ ਹੋਏ ਹਨ, ਦੀ ਲਿਖੀ ਪੁਸਤਕ 'ਮਿੱਟੀਏ ਪੰਜਾਬ ਦੀਏ' ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ ਵਿਚ ਲਾਇਬ੍ਰੇਰੀ ਦੀ ਚੀਫ਼ ਮੈਡਮ ਤੇ ਸਪਾਈਸ ਰੇਡੀਓ ਦੇ ਡਾਇਰੈਕਟਰ ਪਰਮਿੰਦਰ ਸਿੰਘ ਅਤੇ ਜਸਕੀਰਤ ਜੈਸੀ ਨੇ ਸਾਂਝੇ ਤੌਰ 'ਤੇ ਰਿਲੀਜ਼ ਕੀਤੀ ਹੈ। ਇਸ ਸਾਹਿਤਿਕ ਸਮਾਗਮ ਵਿਚ ਪੰਜਾਬੀ ਪਰਿਵਾਰਾਂ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਕਾਫ਼ੀ ਗਿਣਤੀ ਵਿਚ ਹਿੱਸਾ ਲਿਆ ਅਤੇ ਲੇਖਕਾਂ ਤੇ ਗਾਇਕਾਂ ਨੇ ਆਪਣੀਆਂ ਸ਼ਾਨਦਾਰ ਰਚਨਾਵਾਂ ਪੇਸ਼ ਕਰਕੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ। ਜਦੋਂਕਿ ਮਲਕੀਅਤ ਸੁਹਲ ਪਹਿਲਾਂ ਵੀ ਪਾਠਕਾਂ ਦੀ ਝੋਲੀ ਵਿਚ ਕਈ ਕਿਤਾਬਾਂ ਪਾ ਚੁੱਕੇ ਹਨ। ਸੁਹਲ ਨੂੰ ਸਭਾ ਦੇ ਸਰਪ੍ਰਸਤ ਰਵੇਲ ਸਿੰਘ ਇਟਲੀ, ਉਘੇ ਲੇਖਕ ਪ੍ਰਤਾਪ ਪਾਰਸ, ਸੀਤਲ ਸਿੰਘ ਗੁੰਨੋਪੁਰੀ, ਸੁਭਾਸ਼ ਸੂਫੀ, ਸੁਭਾਸ਼ ਦੀਵਾਨਾ, ਮੰਗਤ ਚੰਚਲ, ਤਰਸੇਮ ਸਿੰਘ ਭੰਗੂ, ਮੱਖਣ ਕੁਹਾੜ, ਮਹੇਸ਼ ਚੰਦਰਭਾਨੀ, ਅਵਤਾਰ ਸਿੰਘ, ਬਾਬਾ ਬੀਰਾ, ਸਾਬਕਾ ਸਰਪੰਚ ਸੁੱਚਾ ਸਿੰਘ ਮੁਲਤਾਨੀ, ਜਗਜੀਤ ਸਿੰਘ ਕੰਗ ਨੇ ਵਧਾਈਆਂ ਦਿੱਤੀਆਂ। ਉਨ੍ਹਾਂ ਦੀ ਲੰਬੀ ਉਮਰ ਅਤੇ ਸਿਹਤਯਾਬੀ ਦੀ ਕਾਮਨਾ ਵੀ ਕੀਤੀ।

# ਸ਼ੈਲੀ ਸੁਲਤਾਨ ਦਾ ਕਾਵਿ ਸੰਗ੍ਰਹਿ 'ਵਲਵਲੇ' ਲੋਕ ਅਰਪਿਤ



**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**

ਪਿਛਲੇ 40 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁਟੀ ਪੰਜਾਬ ਦੀ ਚਰਚਿੱਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਨਾਮਵਰ ਸ਼ਾਇਰ ਸ਼ੈਲੀ ਸੁਲਤਾਨ ਦਾ ਕਾਵਿ ਸੰਗ੍ਰਹਿ ਵਲਵਲੇ ਦਾ ਲੋਕ ਅਰਪਣ ਸਮਾਗਮ ਮੀਟਿੰਗ ਹਾਲ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਮੁੱਖ ਸੰਚਾਲਕ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸ਼ਾਇਰ ਵਿਸ਼ਾਲ (ਸੰਪਾਦਕ ਮੰਤਵ), ਸ਼ਾਇਰ ਹਰਕੰਵਲਜੀਤ ਸਾਹਿਲ (ਸੰਪਾਦਕ 7 ਰਿਵਰ), ਸ਼ਾਇਰ ਜਸਵੰਤ ਹਾਂਸਲ, ਡਾ: ਗਗਨਦੀਪ ਸਿੰਘ ਪ੍ਰਧਾਨ ਮਝੈਲਾਂ ਦੀ ਸੱਥ, ਸ਼ਾਇਰ ਸ਼ੈਲੀ ਸੁਲਤਾਨ, ਅਦਾਕਾਰ ਦੇਵ ਖਹਿਰਾ, ਗਿ: ਗੁਲਜ਼ਾਰ ਸਿੰਘ ਖੈੜਾ (ਪ੍ਰਧਾਨ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ), ਹਰਭਜਨ ਸਿੰਘ ਭੱਗਰੱਥ (ਪ੍ਰਧਾਨ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ), ਸ਼ਾਇਰ ਬਖਤੌਰ ਧਾਲੀਵਾਲ (ਮੰਤਵ), ਸੁਖਦੇਵ ਸਿੰਘ ਭੁੱਲਰ ਸੀ: ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ, ਮਾ: ਮਨਜੀਤ ਸਿੰਘ ਵੱਸੀ ਕਾਰਜਕਾਰੀ ਕੇਂਦਰੀ ਪੰਜਾਬੀ ਲੇਖਕ ਸਭਾ, ਸਰਪੰਚ ਗੁਰਪ੍ਰਤਾਪ ਸਿੰਘ ਭਿੱਲਾ, ਸਭਾ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ ਆਦਿ ਸ਼ੁਸ਼ੋਭਿਤ ਹੋਏ। ਇਸ ਮੌਕੇ ਸ਼ਾਇਰ ਸ਼ੈਲੀ ਸੁਲਤਾਨ ਦਾ ਕਾਵਿ ਸੰਗ੍ਰਹਿ 'ਵਲਵਲੇ' ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ। ਮੰਚ ਸੰਚਾਲਨ ਦੇ ਫਰਜ਼ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਏ। ਇਸ ਮੌਕੇ ਗਾਇਕ ਮੱਖਣ ਭੈਣੀਵਾਲਾ, ਲਖਵਿੰਦਰ ਕੋਟੀਆ, ਆਕਾਸ਼ਦੀਪ ਸਿੰਘ, ਕਾਲਾ ਰਿਆਲੀ, ਮਨਦੀਪ ਸਿੰਘ ਬੋਪਾਰਾਏ, ਅਜੀਤ ਸਿੰਘ ਸਠਿਆਲਵੀ, ਅਵਤਾਰ ਸਿੰਘ ਗੋਇੰਦਵਾਲੀਆ, ਕੁਲਦੀਪ ਸਿੰਘ ਦਰਾਜਕੇ, ਕਾਲੇ ਸ਼ਾਹ ਟਾਂਗਰਾ, ਲਾਲੀ ਕਰਤਾਰਪੁਰੀ, ਜਸਮੇਲ ਸਿੰਘ ਜੋਧੇ ਨੇ ਗਾਇਕੀ ਦੇ ਜੌਹਰ ਦਿਖਾਏ। ਉਪਰੰਤ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ (ਮਹਿਲਾ ਵਿੰਗ) ਦੇ ਪ੍ਰਧਾਨ ਸੁਖਵੰਤ ਕੌਰ ਵੱਸੀ, ਸੁਰਿੰਦਰ ਖਿਲਚੀਆਂ, ਮੁਖਤਾਰ ਸਿੰਘ ਗਿੱਲ, ਰਮੇਸ਼ ਜਾਨੂੰ, ਜਗਨ ਨਾਥ ਨਿਮਾਣਾ ਉਦੋਕੇ, ਨਵਦੀਪ ਸਿੰਘ ਬਦੇਸ਼ਾ, ਸੁਖਦੇਵ ਸਿੰਘ ਗੰਡਵਾਂ, ਸਰਬਜੀਤ ਸਿੰਘ ਪੱਡਾ, ਡਾ: ਕੁਲਵੰਤ ਸਿੰਘ ਬਾਠ, ਮਾ: ਬਲਬੀਰ ਸਿੰਘ ਬੀਰ ਬੋਲੇਵਾਲੀਆ, ਬਲਵਿੰਦਰ ਸਿੰਘ ਅਠੌਲਾ, ਕੰਵਲਜੀਤ ਸਿੰਘ ਢਿੱਲੋਂ, ਕੁਨਾਲ ਨਾਹਰ ਕਰਤਾਰਪੁਰੀ, ਅਮਰਜੀਤ ਸਿੰਘ ਰਤਨਗੜ੍ਹ, ਮਲਕੀਤ ਸਿੰਗ ਆਸਟਰੇਲੀਆ, ਸੁਖਪ੍ਰੀਤ ਸਿੰਘ, ਕੈਪਟਨ ਸਿੰਘ, ਗੁਰਸ਼ਾਨਦੀਪ ਸਿੰਘ, ਮਲੂਕ ਸਿੰਘ ਧਿਆਨਪੁਰ ਆਦਿ ਹਾਜ਼ਰੀਨ ਕਵੀਆਂ ਵੱਲੋਂ ਮਾਂ ਬੋਲੀ ਨੂੰ ਸਮਰਪਿਤ ਕਵਿਤਾ ਪਾਠ ਕੀਤਾ ਗਿਆ।

# ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਸਨਮਾਨਿਤ



**ਚੋਹਲਾ ਸਾਹਿਬ ਮਈ (ਰਮਨ ਚੱਢਾ)**

ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਦੇ ਵਿਦਿਆਰਥੀਆਂ ਵੱਲੋਂ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲਈ ਗਈ ਪ੍ਰੀਖਿਆ ਵਿੱਚ ਭਾਗ ਲੈਂਦਿਆਂ ਆਪਣੇ ਅਮੀਰ ਵਿਰਸੇ ਦੇ ਵਾਰਸ ਹੋਣ ਦਾ ਸਬੂਤ ਦਿੰਦਿਆਂ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਗਿਆ। ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਵਿਸ਼ੇਸ਼ ਤੌਰ 'ਤੇ ਮਾਸਟਰ ਸੁਖਵਿੰਦਰ ਸਿੰਘ ਤੁੜ ਵੱਲੋਂ ਸਕੂਲ ਪਹੁੰਚ ਕੇ ਬੱਚਿਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦੇ ਹੋਏ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਹੋਰ ਵੀ ਬੱਚਿਆਂ ਨੂੰ ਆਪਣੇ ਧਰਮ ਪ੍ਰਤੀ ਜਾਗਰੂਕ ਕਰਦਿਆਂ ਹੋਇਆਂ ਵੱਧ ਤੋਂ ਵੱਧ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਗੁਲਵਿੰਦਰ ਸਿੰਘ ਸੰਧੂ, ਐਜੂਕੇਸ਼ਨਲ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ, ਮਦਨ ਪਠਾਣੀਆਂ, ਪ੍ਰਿੰਸੀਪਲ ਨਿਰਭੈ ਸਿੰਘ ਸੰਧੂ ਵੱਲੋਂ ਬੱਚਿਆਂ ਮਾਪਿਆਂ ਨੂੰ ਮੁਬਾਰਕਬਾਦ ਦਿੰਦਿਆਂ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਆਏ ਭਾਈ ਸੁਖਵਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਧੰਨਵਾਦੀ ਹਾਂ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੀ ਸੰਸਥਾ ਦੇ ਜੋ ਬੱਚਿਆਂ ਨੂੰ ਗੁਰਬਾਣੀ ਸਿੱਖ ਇਤਿਹਾਸ ਨਾਲ ਜੋੜਨ ਲਈ ਬੱਚਿਆਂ ਦੇ ਇਮਤਿਹਾਨ ਕਰਵਾ ਕੇ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਦੇ ਹਨ ਜਿਸ ਨਾਲ ਬੱਚਿਆਂ ਨੂੰ ਹੋਰ ਉਤਸ਼ਾਹ ਮਿਲਦਾ ਹੈ ਸੋ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਬੱਚਿਆਂ ਦੀ ਅਜਿਹੇ ਇਮਤਿਹਾਨਾਂ ਵਿੱਚ ਭਾਗੇਦਾਰੀ ਕਰਵਾਈਏ ਤਾਂ ਕਿ ਵੱਧ ਤੋਂ ਵੱਧ ਬੱਚੇ ਗੁਰਮਤਿ ਸਿੱਖ ਇਤਿਹਾਸ ਤੋਂ ਜਾਣੂ ਹੋ ਗੁਰਬਾਣੀ ਦੇ ਧਾਰਨੀ ਬਣ ਸਕਣ। ਉਨ੍ਹਾਂ ਕਿਹਾ ਕਿ ਸਾਡੇ ਵੱਲੋਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਧਰਮ ਦੇ ਖੇਤਰ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਕਿ ਬੱਚਿਆਂ ਦਾ ਸਰਬਪੱਖੀ ਵਿਕਾਸ ਹੋ ਸਕੇ।

# ਸਰਕਾਰੀ ਪ੍ਰਾਇਮਰੀ ਸਕੂਲ ਮੀਰਕਚਾਣਾ ਤੇ ਪਕੀਵਾਂ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਜਿੱਥੇ ਸੂਬੇ ਦੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਇਤਿਹਾਸਿਕ ਫ਼ੈਸਲੇ ਲਏ ਜਾ ਰਹੇ ਹਨ ਉੱਥੇ ਹੀ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਦਿੱਤੀ ਹੈ।ਇਹ ਪ੍ਰਗਟਾਵਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਮੀਰਕਚਾਣਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਪਕੀਵਾਂ ਵਿਖੇ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਤੋਂ ਬਾਅਦ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।ਵਿਧਾਇਕ ਰੰਧਾਵਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ।ਉਨ੍ਹਾਂ ਕਿਹਾ ਕਿ ਹੁਣ ਬੁਨਿਆਦੀ ਸਹੂਲਤਾਂ ਤੇ ਪੜ੍ਹਾਈ ਪੱਖੋਂ ਸੂਬੇ ਦੇ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਤੋਂ ਅੱਗੇ ਹਨ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਕੂਲਾਂ ਵਿੱਚ ਆਧੁਨਿਕ ਸਿੱਖਿਆ ਦੇਣ ਲਈ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜ ਰਹੀ ਹੈ ਤਾਂ ਜੋ ਉਹ ਚੰਗੀ ਮੁਹਾਰਤ ਹਾਸਲ ਕਰਕੇ ਵਿਦਿਆਰਥੀਆਂ ਨੂੰ ਵਧੀਆਂ ਸਿੱਖਿਆ ਮੁਹੱਈਆ ਕਰਵਾ ਸਕਣ।ਇਸ ਮੌਕੇ ਵਿਧਾਇਕ



ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਖ਼ਤ ਤੋਂ ਸਖ਼ਤ ਮਿਹਨਤ ਕਰਕੇ ਆਪਣੇ ਮਿਥੇ ਟੀਚਿਆਂ ਨੂੰ ਸਰ ਕਰਦਿਆਂ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਨ।ਇਸ ਮੌਕੇ ਉਨ੍ਹਾਂ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ।ਇਸ ਦੌਰਾਨ ਸਕੂਲ ਦਾ ਸਮੂਹ ਸਟਾਫ਼, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਅਤੇ ਪਿੰਡ ਦੀ ਪੰਚਾਇਤ ਅਤੇ ਇਲਾਕੇ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਸ਼ੈਰੀ ਕਲਸੀ ਨੇ ਵੱਖ-ਵੱਖ ਸਕੂਲਾਂ 'ਚ ਕੀਤੇ ਵਿਕਾਸ ਕਾਰਜਾਂ ਦੇ ਉਦਘਾਟਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਇਥੋਂ ਨਜ਼ਦੀਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲੇਰ ਕਲਾਂ ਵਿਖੇ 22 ਲੱਖ ਰੁਪਏ ਦੀ ਲਾਗਤ ਨਾਲ, ਸਰਕਾਰੀ ਪ੍ਰਾਇਮਰੀ ਸਕੂਲ ਕਲੇਰ ਖੁਰਦ ਵਿਖੇ 9 ਲੱਖ ਰੁਪਏ ਅਤੇ ਸਰਕਾਰੀ



ਪ੍ਰਾਇਮਰੀ ਸਕੂਲ ਕਲੇਰ ਕਲਾਂ ਵਿਖੇ ਨਵੇਂ ਕਲਾਸ ਰੂਮ ਅਤੇ ਚਾਰਦੀਵਾਰੀ ਆਦਿ ਬਣਾਉਣ ਦੇ ਉਦਘਾਟਨ ਕੀਤੇ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਸਿੱਖਿਆ ਕ੍ਰਾਂਤੀ ਆਮ ਲੋਕਾਂ ਦੇ ਮਨਾਂ ਵਿਚ ਸਿੱਖਿਆ ਦੀ ਅਹਿਮੀਅਤ ਪ੍ਰਤੀ ਚੇਤੰਨਤਾ ਪੈਦਾ ਕਰ ਰਹੀ ਹੈ। ਇਹ ਪ੍ਰਗਟਾਵਾ ਇਸ ਮੌਕੇ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸਿੱਖਿਆ ਨਾਲ ਜਿੱਥੇ ਵਿਦਿਆਰਥੀ ਦਾ ਜੀਵਨ ਸੰਵਰਿਆ ਹੈ, ਉੱਥੇ ਹੀ ਸਾਖਰਤਾ ਦਰ ਵਿਚ ਵੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿਚ ਇਨਕਲਾਬੀ ਬਦਲਾਅ ਕੀਤੇ ਜਾ ਰਹੇ ਹਨ ਅਤੇ ਪੜ੍ਹੇ ਲਿਖੇ ਨੌਜਵਾਨ ਮੁੰਡੇ ਕੁੜੀਆਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਬੱਚਿਆਂ ਦਾ ਭਵਿੱਖ ਗੁਣਵੱਤਾ ਭਰਪੂਰ ਸਿੱਖਿਆ ਨਾਲ ਹੀ ਉੱਜਵਲ ਹੋ ਸਕਦਾ ਹੈ, ਜਿਸ ਲਈ ਸਕੂਲਾਂ ਵਿਚ ਚੰਗੇ ਅਧਿਆਪਕਾਂ, ਵਧੀਆ ਬੁਨਿਆਦੀ ਢਾਂਚੇ ਤੋਂ ਇਲਾਵਾ ਪੜ੍ਹਨ ਲਈ ਹਰ ਸਹੂਲਤ ਮੁਹੱਈਆ ਕਰਵਾਉਣੀ ਲਾਜ਼ਮੀ ਹੁੰਦੀ ਹੈ ਜਿਸ ਦੇ ਮੱਦੇਨਜ਼ਰ ਸੂਬਾ ਸਰਕਾਰ ਨੇ ਪਹਿਲ ਕਰਦਿਆਂ ਸਿੱਖਿਆ ਨੂੰ ਲੋਕ ਲਹਿਰ ਬਣਾਇਆ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ, ਮਨਦੀਪ ਸਿੰਘ ਗਿੱਲ, ਨਵਦੀਪ ਸਿੰਘ, ਰਾਮ ਪਾਲ, ਜਸਬੀਰ ਸਿੰਘ, ਮਨਦੀਪ ਸਿੰਘ, ਗਗਨਜੀਤ ਸਿੰਘ, ਵਿਦਿਆਰਥੀ ਅਤੇ ਪਿੰਡ ਦੇ ਪਤਵੰਤੇ ਆਦਿ ਹਾਜ਼ਰ ਸਨ।

# ਹਿਊਮੈਨਿਟੀ ਬਲੱਡ ਗਰੁੱਪ ਅੰਮ੍ਰਿਤਸਰ ਨੇ ਖ਼ੂਨਦਾਨ ਕੈਂਪ ਲਗਾਇਆ

**ਚੋਹਲਾ ਸਾਹਿਬ (ਰਮਨ ਚੱਢਾ)**

ਲੰਮੇ ਸਮੇਂ ਤੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਖ਼ੂਨਦਾਨ ਕੈਂਪਾਂ ਰਾਹੀਂ ਸੈਂਕੜੇ ਯੂਨਿਟ ਖ਼ੂਨ ਇੱਕਠਾ ਕਰਨ ਵਾਲੀ ਸੰਸਥਾ ਹਿਊਮੈਨਿਟੀ ਬਲੱਡ ਗਰੁੱਪ ਅੰਮ੍ਰਿਤਸਰ ਵੱਲੋਂ ਇਤਿਹਾਸਕ ਨਗਰ ਚੋਹਲਾ ਸਾਹਿਬ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪ੍ਰਧਾਨ ਮੈਡਮ ਰੁਪਾਲੀ ਨੇ ਦੱਸਿਆ ਕਿ ਇਤਿਹਾਸਕ ਨਗਰ ਚੋਹਲਾ ਸਾਹਿਬ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ ਹੈ ਜਿਸ ਵਿੱਚ ਨੌਜਵਾਨਾਂ ਵੱਲੋਂ ਵੱਧ ਚੜ੍ਹ ਕੇ ਖ਼ੂਨਦਾਨ ਕੀਤਾ ਗਿਆ ਹੈ। ਇਸ ਸਮੇਂ ਉਨ੍ਹਾਂ ਕਿਹਾ ਕਿ ਨੌਜਵਾਨ ਮੁੰਡੇ ਕੁੜੀਆਂ ਵਿੱਚ ਜਾਗਰੂਕਤਾ ਆ ਚੁੱਕੀ ਹੈ ਅਤੇ ਇਹ ਖ਼ੂਨਦਾਨ ਕਰਨ ਵਿੱਚ ਮੋਹਰੀ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਖ਼ੂਨਦਾਨ ਮਹਾਂਦਾਨ ਹੈ ਅਤੇ ਖ਼ੂਨ ਦਾਨ ਕਰਨ ਨਾਲ ਕਿਸੇ ਦੀ ਵੀ ਕੀਮਤੀ ਜਾਨ ਬਚ ਜਾਂਦੀ ਹੈ। ਉਨ੍ਹਾਂ ਕਿਹਾ ਕਿ ਹਰੇਕ ਇਨਸਾਨ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ ਤਾਂ ਕਿ ਕੀਮਤੀ ਜ਼ਿੰਦਗੀਆਂ ਬਚਾਈਆਂ ਜਾ ਸਕਣ। ਉਨ੍ਹਾਂ ਦੱਸਿਆ ਕਿ ਜਿਹੜਾ ਇਨਸਾਨ ਖ਼ੂਨਦਾਨ ਕਰਦਾ ਹੈ ਉਸਦਾ ਖੁਦ ਦਾ ਸਰੀਰ ਨਵੇਂ ਸੈੱਲ ਬਣਾਉਂਦਾ ਹੈ ਅਤੇ ਉਸ ਵਿੱਚ ਭਿਆਨਕ ਬਿਮਾਰੀਆਂ ਨਾਲ ਲੜਨ



ਦੀ ਤਾਕਤ ਵੱਧਦੀ ਹੈ ਅਤੇ ਸਰੀਰ ਤੰਦਰੁਸਤ ਰਹਿੰਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਹਰ ਵਿਅਕਤੀ ਸਾਲ ਵਿੱਚ ਇੱਕ ਵਾਰ ਜ਼ਰੂਰ ਖ਼ੂਨਦਾਨ ਕਰੇ। ਇਸ ਸਮੇਂ ਦਾਨਿਸ਼ ਗੁਪਤਾ,ਬਬਲੀ ਸ਼ਾਹ, ਤਰਸੇਮ ਨਈਅਰ, ਮਨਜਿੰਦਰ ਸਿੰਘ ਮੰਨਾ, ਅਮਨਜੋਤ ਸਿੰਘ, ਦਿਸ਼ਾਂਤ ਕੁੰਦਰਾਠ, ਪ੍ਰਵੀਨ ਕੁੰਦਰਾ, ਰਾਕੇਸ਼ ਕੁਮਾਰ ਬਿੱਲਾ, ਸੁਰਿੰਦਰ ਸੋਨੀ ਅਤੇ ਸੌਰਵ ਆਦਿ ਹਾਜ਼ਰ ਸਨ।

# ਗੁਰਦੁਆਰਾ ਛੇਵੀਂ ਪਾਤਸ਼ਾਹੀ ਨਗਰ ਸੁਰਸਿੰਘ ਵਿਖੇ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਧੂਮਧਾਮ ਨਾਲ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਸੁਰਸਿੰਘ ਵਿਖੇ ਮਹਾਨ ਸੂਰਬੀਰ ਯੋਧੇ ਬਾਬਾ ਬਿਧੀ ਚੰਦ ਜੀ ਦੇ ਅੰਸ਼-ਵੰਸ਼ ਮੌਜੂਦਾ 12ਵੇਂ ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਤੇ ਧੂਮ-ਧਾਮ ਨਾਲ ਮਨਾਇਆ ਗਿਆ।ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ ਅਤੇ 22 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਏ ਗਏ। ਭੋਗ ਉਪ੍ਰੰਤ ਸਜਾਏ ਗਏ ਧਾਰਮਿਕ ਦੀਵਾਨਾਂ ਅਤੇ 23 ਨੂੰ ਵੀ ਸਜੇ ਦੀਵਾਨਾਂ ਮੌਕੇ ਜਿੱਥੇ ਪੰਥ ਦੇ ਪ੍ਰਸਿੱਧ ਰਾਗੀ ਢਾਡੀ ਤੇ ਕਵੀਸ਼ਰੀ ਜਥਿਆਂ ਨੇ ਗੁਰ ਜੱਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਉੱਥੇ ਹੀ ਵਿਸ਼ੇਸ਼ ਤੌਰ ਤੇ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਿੰਘ ਸਹਿਬਾਨ ਅਤੇ ਪੰਥ ਦੀਆਂ ਸਿਰਮੌਰ ਧਾਰਮਿਕ ਸ਼ਖਸੀਅਤਾਂ ਤੋਂ ਇਲਾਵਾ ਬਾਬਾ ਜੋਗਾ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ, ਭਾਈ ਜਸਬੀਰ ਸਿੰਘ ਰੋਡੇ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਪੂ ਤਰਸੇਮ ਸਿੰਘ, ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਲੰਗਰਾਂ ਵਾਲੇ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਨੂੰ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਛੇਵੇਂ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਦਲ ਪੰਥ ਬਾਬਾ ਬਿਧੀ ਚੰਦ ਨਿਹੰਗ ਸਿੰਘਾਂ ਛਾਉਣੀ ਨਗਰ ਸੁਰਸਿੰਘ ਸਮੇਤ ਬਾਹਰਲੇ ਮੁਲਕਾਂ ਵਿੱਚ ਸਥਿਤ ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਦੇ ਗੁਰਦੁਆਰਿਆਂ ਵਿੱਚ ਵੀ ਸ਼ਰਧਾ ਭਾਵਨਾ ਨਾਲ ਮਨਾਏ ਜਾਣ ਬਾਰੇ ਦੱਸਦਿਆਂ ਜਥੇਦਾਰ ਸੰਤ ਮਹਾਂਪੁਰਸ਼ ਬਾਬਾ ਅਵਤਾਰ ਸਿੰਘ ਵੱਲੋਂ ਪੁੱਜੀਆਂ ਧਾਰਮਿਕ ਸ਼ਖ਼ਸੀਅਤਾਂ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਕਰਵਾਏ ਗਏ ਅੰਮ੍ਰਿਤ ਸੰਚਾਰ ਦੌਰਾਨ ਅਨੇਕਾਂ ਪ੍ਰਾਣੀਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ। ਛਬੀਲਾਂ ਤੇ ਲੰਗਰ ਅਤੁੱਟ ਵਰਤਾਏ ਗਏ।ਸ਼ਾਮ ਵੇਲੇ ਉਚ ਕੋਟੀ ਦੀਆਂ ਕਬੱਡੀ ਟੀਮਾਂ ਵਿਚਾਲੇ ਕਰਵਾਏ ਪ੍ਰਦਰਸ਼ਨੀ ਮੈਚ ਵਿੱਚ ਜੇਤੂ ਟੀਮ ਨੂੰ ਦਿਲਕਸ਼ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਨਿਹੰਗ ਸਿੰਘ ਫ਼ੌਜਾਂ ਵੱਲੋਂ ਖ਼ਾਲਸੇ ਦਾ ਰਵਾਇਤੀ ਖ਼ਾਲਸਾਈ ਮਹੱਲਾ ਖੇਡਿਆ ਗਿਆ ਜਿਸ ਵਿੱਚ ਘੋੜ ਦੌੜ, ਨੇਜ਼ੇਬਾਜ਼ੀ, ਗਤਕੇ ਦੇ ਜੰਗੀ ਕਰਤਬ ਵਿਖਾਏ ਗਏ।ਇਸ ਮੌਕੇ ਬਾਬਾ ਪ੍ਰੇਮ ਸਿੰਘ ਸੁਰਸਿੰਘ, ਬਾਬਾ ਚਰਨਜੀਤ ਸਿੰਘ ਸੁਰਸਿੰਘ ਵਾਲੇ, ਬਾਬਾ ਸਤਨਾਮ ਸਿੰਘ ਸੁਰਸਿੰਘ, ਬਾਬਾ ਕਰਮ ਸਿੰਘ, ਬਾਬਾ ਪ੍ਰਮਜੀਤ ਸਿੰਘ, ਬਾਬਾ ਗੁਰਜੰਟ ਸਿੰਘ, ਬਾਬਾ ਗੁਰਦੇਵ ਸਿੰਘ, ਜੋਗਿੰਦਰ ਸਿੰਘ ਸੁਰਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



27-May-PAGE-4-25.qxd 5/26/2025 10:41 PM Page 1

ਨਵਾਂ ਜ਼ਮਾਨਾ
ਮੰਗਲਵਾਰ, 27 ਮਈ 2025

# ਜੰਗੀ ਜਨੂੰਨ

*ਆਰ ਐੱਸ ਐੱਸ ਤੇ ਭਾਜਪਾ ਦਹਾਕਿਆਂ ਤੋਂ ਲੋਕਾਂ, ਖਾਸ ਤੌਰ 'ਤੇ ਲੋਕਾਂ ਦੇ ਇੱਕ ਹਿੱਸੇ ਵਿੱਚ ਇੱਕ ਅਜਿਹਾ ਮਨੋਵਿਗਿਆਨ ਪੈਦਾ ਕਰਨ ਵਿੱਚ ਲੱਗੇ ਹੋਏ ਹਨ, ਜਿਸ ਦਾ ਨਤੀਜਾ ਨਫਰਤ ਤੇ ਜੰਗੀ ਜਨੂੰਨ ਵਿੱਚ ਨਿਕਲਦਾ ਹੈ, ਪਰ ਇਸ ਤਰ੍ਹਾਂ ਦਾ ਵਾਤਾਵਰਣ ਕਿਸੇ ਦੇ ਕੰਟਰੋਲ ਵਿੱਚ ਨਹੀਂ ਰਹਿੰਦਾ। ਇਹ ਪਹਿਲਗਾਮ ਵਿੱਚ ਦਹਿਸ਼ਤਗਰਦਾਂ ਵੱਲੋਂ 26 ਸੈਲਾਨੀਆਂ ਦੇ ਕਤਲੇਆਮ ਤੋਂ ਬਾਅਦ ਦੇਖਣ ਨੂੰ ਮਿਲ ਰਿਹਾ ਹੈ। ਪਹਿਲਗਾਮ ਦੀ ਘਟਨਾ ਤੋਂ ਬਾਅਦ ਪਾਕਿਸਤਾਨ ਨਾਲ ਫੌਜੀ ਟਕਰਾਅ ਚਾਰ ਦਿਨਾਂ ਵਿੱਚ ਬੰਦ ਹੋ ਗਿਆ ਤਾਂ ਜਨੂੰਨੀ ਸਮੂਹ ਹਾਕਮਾਂ ਦੇ ਖਿਲਾਫ ਹੀ ਹੋ ਨਿਕਲੇ। ਹਾਕਮਾਂ ਤੇ ਮੀਡੀਆ ਨੇ ਜਿਹੜਾ ਵਾਤਾਵਰਣ ਤਿਆਰ ਕੀਤਾ ਸੀ, ਉਸ ਦਾ ਨਤੀਜਾ ਇਹ ਨਿਕਲਿਆ ਕਿ ਜਨੂੰਨੀ ਸਮੂਹ ਜੰਗਬੰਦੀ ਨੂੰ ਦੇਸ਼ ਦੀ ਕਮਜ਼ੋਰੀ ਕਰਾਰ ਦੇਣ ਲੱਗੇ।*

*ਸਾਡੇ ਦੇਸ਼ ਵਿੱਚ ਜੰਗ ਦੇ ਖਿਲਾਫ ਸਿਧਾਂਤਕ ਆਵਾਜ਼ ਉਠਾਉਣ ਦੀ ਇੱਕ ਸਿਹਤਮੰਦ ਪਰੰਪਰਾ ਰਹੀ ਹੈ। ਵਿਦਿਆਰਥੀ ਤੇ ਨੌਜਵਾਨ ਤਾਂ ਖਾਸ ਤੌਰ 'ਤੇ ਇਸ ਮਾਮਲੇ ਵਿੱਚ ਅੱਗੇ ਰਹੇ ਹਨ, ਪਰ ਇਸ ਵਾਰ ਨੌਜਵਾਨ ਤੇ ਵਿਦਿਆਰਥੀ ਜੰਗ ਲਈ ਜਨੂੰਨੀ ਨਜ਼ਰ ਆਏ। ਨੌਜਵਾਨਾਂ ਤੇ ਵਿਦਿਆਰਥੀਆਂ ਨੇ ਉਸ ਤਰ੍ਹਾਂ ਦੇ ਮੁਜ਼ਾਹਰੇ ਨਹੀਂ ਕੀਤੇ, ਜਿਸ ਤਰ੍ਹਾਂ ਦੇ ਵੀਅਤਨਾਮ ਉੱਤੇ ਅਮਰੀਕਾ ਦੇ ਹਮਲੇ ਅਤੇ ਫਲਸਤੀਨੀਆਂ ਉੱਤੇ ਇਜ਼ਰਾਈਲ ਦੇ ਹਮਲਿਆਂ ਵੇਲੇ ਕਦੇ ਕਰਦੇ ਰਹੇ। ਦਰਅਸਲ ਭਾਜਪਾ ਤੇ ਆਰ ਐੱਸ ਐੱਸ ਦੀ ਗਿਣੀ-ਮਿੱਥੀ ਸਿਆਸਤ ਨੇ ਜੰਗੀ ਜਨੂੰਨ ਨੂੰ ਇਸ ਕਦਰ ਵਧਾ ਦਿੱਤਾ ਹੈ ਕਿ ਪ੍ਰਗਤੀਸ਼ੀਲ ਤਬਕਾ ਵੀ ਅਮਨ ਦੀ ਗੱਲ ਕਰਨ ਤੋਂ ਡਰ ਰਿਹਾ ਹੈ। ਵਰਤਮਾਨ ਵਿੱਚ ਭਾਰਤ ਇੱਕ ਅਜਿਹੇ ਸੰਕਟ ਵਿੱਚੋਂ ਲੰਘ ਰਿਹਾ ਹੈ, ਜਿੱਥੇ ਜੰਗ ਦੀ ਭਾਸ਼ਾ ਨੂੰ ਦੇਸ਼ ਭਗਤੀ ਤੇ ਅਮਨ ਦੀ ਭਾਸ਼ਾ ਨੂੰ ਦੇਸ਼ਧ੍ਰੋਹ ਦੀ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ। ਭਾਜਪਾ ਤੇ ਆਰ ਐੱਸ ਐੱਸ ਦੀ ਨਫਰਤ ਆਧਾਰਤ ਸਿਆਸਤ ਨੇ ਨਾ ਸਿਰਫ ਆਮ ਲੋਕਾਂ ਵਿੱਚ ਸਗੋਂ ਬੁੱਧੀਜੀਵੀਆਂ ਤੇ ਪ੍ਰਗਤੀਸ਼ੀਲ ਤਬਕਿਆਂ ਵਿੱਚ ਵੀ ਇੱਕ ਅਜਿਹਾ ਭੈਅ ਪੈਦਾ ਕਰ ਦਿੱਤਾ ਹੈ ਕਿ ਉਹ ਖੁੱਲ੍ਹ ਕੇ ਅਮਨ ਤੇ ਵਿਵੇਕ ਦੀਆਂ ਗੱਲਾਂ ਕਰਨ ਤੋਂ ਕਤਰਾਉਣ ਲੱਗੇ ਹਨ। ਇਹ ਸਮਝਣਾ ਹੋਵੇਗਾ ਕਿ ਜੰਗ ਦਾ ਸਭ ਤੋਂ ਵੱਡਾ ਬੋਝ ਮਿਹਨਤਕਸ਼ ਲੋਕਾਂ, ਫੌਜੀਆਂ ਦੇ ਪਰਵਾਰਾਂ ਤੇ ਆਮ ਨਾਗਰਿਕਾਂ 'ਤੇ ਪੈਂਦਾ ਹੈ, ਜਦਕਿ ਮੁਨਾਫਾ ਹਥਿਆਰ ਉਦਯੋਗ ਤੇ ਹੁਕਮਰਾਨ ਵਰਗ ਦੇ ਹੱਥ ਵਿੱਚ ਆਉਂਦਾ ਹੈ। ਅਜਿਹੇ ਦੌਰ ਵਿੱਚ ਜਦ ਅਖੌਤੀ ਰਾਸ਼ਟਰਵਾਦ ਦਾ ਮਤਲਬ ਹੀ ਨਫਰਤ, ਹਿੰਸਾ ਤੇ ਜੰਗ ਨਾਲ ਜੋੜ ਦਿੱਤਾ ਗਿਆ ਹੈ, ਅਮਨ ਤੇ ਮਾਨਵਤਾ ਦੀ ਗੱਲ ਕਰਨਾ ਹੀ ਅਸਲ ਸਾਹਸ ਤੇ ਅਸਲ ਦੇਸ਼ ਭਗਤੀ ਹੈ। ਦੇਸ਼ ਦੇ ਪ੍ਰਗਤੀਸ਼ੀਲ ਲੋਕਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਇਸ ਘੁਟਣ ਭਰੇ ਮਾਹੌਲ ਵਿੱਚ ਸਪੱਸ਼ਟ, ਸਿਧਾਂਤਕ ਤੇ ਨਿਡਰ ਆਵਾਜ਼ ਵਿੱਚ ਜੰਗੀ ਜਨੂੰਨ ਦਾ ਵਿਰੋਧ ਕਰਨ ਅਤੇ ਅਮਨ, ਜਮਹੂਰੀਅਤ ਤੇ ਲੋਕ-ਹਿੱਤਾਂ ਦੇ ਹੱਕ 'ਚ ਡਟ ਕੇ ਖੜ੍ਹੇ ਹੋਣ। ਲੋਕਾਂ ਨੂੰ ਜਾਗਰਤ ਕਰਨ ਕਿ ਹੁਕਮਰਾਨ ਵਰਗ ਜੰਗ ਦੀ ਹਮੇਸ਼ਾ ਆਪਣੇ ਲਾਭ ਲਈ ਵਰਤੋਂ ਕਰਦਾ ਹੈ। ਇਤਿਹਾਸ ਵਿੱਚ ਇੱਕ ਸਥਾਪਤ ਤੱਥ ਹੈ ਕਿ ਹਾਕਮਾਂ ਨੇ ਆਰਥਕ ਸੰਕਟਾਂ ਵਿੱਚੋਂ ਉਭਰਨ ਲਈ ਅਕਸਰ ਜੰਗ ਦਾ ਸਹਾਰਾ ਲਿਆ ਹੈ। ਇਹ ਉਸ ਵੇਲੇ ਹੋਰ ਵੀ ਜ਼ਰੂਰੀ ਹੋ ਗਿਆ ਹੈ, ਜਦ ਮੋਦੀ ਸਰਕਾਰ ਐਲਾਨ ਚੁੱਕੀ ਹੈ ਕਿ ਦਹਿਸ਼ਤਗਰਦਾਂ ਨੇ ਫਿਰ ਕੋਈ ਕਾਰਾ ਕੀਤਾ ਤਾਂ ਉਸ ਨੂੰ ਜੰਗ ਮੰਨਿਆ ਜਾਵੇਗਾ।*

## ਰਗਾਂ 'ਚ ਸੰਧੂਰ

*ਮਿਟਾਉਣ ਵਾਲੇ ਜਦ ਸੰਧੂਰ ਨੂੰ,*
*ਬਚਾਉਣ ਦੀ ਕਰਦੇ ਗੱਲ ਮੀਆਂ।*
*ਇੰਝ ਲਗਦਾ ਏ ਪਹੋਏ ਵੱਲ ਨੂੰ,*
*ਉਲਟੀ ਗੰਗਾ ਪਈ ਚੱਲ ਮੀਆਂ।*
*ਗੱਲ ਵੀ ਕਾਹਦੀ ਕਰਦੇ ਇਹ ਤਾਂ,*
*ਲੋਕਾਂ ਨਾਲ ਕਰਦੇ ਛਲ ਮੀਆਂ।*
*ਉਜਾੜ ਕੇ ਰੰਗਲਾ ਅੱਜ ਤੁਹਾਡਾ,*
*ਕਹਿਣ ਕਰਾਂਗੇ ਚੰਗਾ ਕੱਲ੍ਹ ਮੀਆਂ।*
*ਚੌਥਾ ਪਾਵਾ ਜੋ ਲੋਕ-ਤੰਤਰ ਦਾ,*
*ਗਿਆ ਨਾਲ ਇਨ੍ਹਾਂ ਦੇ ਰਲ ਮੀਆਂ।*
*ਹੁਣ ਨਾ ਲੱਭਦੇ ਪੱਤਰਕਾਰ ਉਹ,*
*ਜੋ ਵਾਲ ਦੀ ਲਾਹੁਣ ਖੱਲ ਮੀਆਂ।*
*ਰਗਾਂ 'ਚ ਲਹੂ ਥਾਂ ਸੰਧੂਰ ਦੌੜਾ,*
*ਕਰਦੇ ਪਏ ਮਸਲਾ ਹੱਲ ਮੀਆਂ ।*
*ਜੱਗ ਹੱਸਦਾ ਵਿਸ਼ਵ ਗੁਰੂਆਂ 'ਤੇ,*
*ਕੇਹਾ ਖਿਲਾਰਨ ਡਏ ਝੱਲ ਮੀਆਂ।*

***-ਗੁਰਜਿੰਦਰ ਸਿੰਘ ਸਾਹਦੜਾ, 98153-02341***

# ਕਦੋਂ ਰੁਕੇਗਾ ਨਸ਼ਿਆਂ ਦਾ ਵਧ ਰਿਹਾ ਰੁਝਾਨ



ਦਲਜੀਤ ਰਾਏ ਕਾਲੀਆ

ਪੰਜਾਬ ਨੂੰ ਭਾਰਤ ਦੀ ਖੇਡ ਅਤੇ ਖੜਗ ਭੁਜਾ ਕਿਹਾ ਜਾਂਦਾ ਸੀ, ਜੋ ਹੁਣ ਬੁਰੀ ਤਰ੍ਹਾਂ ਨਸ਼ਿਆਂ ਦੀ ਗ੍ਰਿਫਤ ਵਿੱਚ ਜਕੜਿਆ ਜਾ ਚੁੱਕਿਆ ਹੈ । ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਕਈ ਦਹਾਕਿਆਂ ਤੋਂ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਨਸ਼ਿਆਂ ਦੀ ਆਮਦ ਨੂੰ ਰੋਕਣ ਲਈ ਹਿੰਦ-ਪਾਕਿ ਸਰਹੱਦ 'ਤੇ ਕੰਡਿਆਲੀ ਤਾਰ ਲਗਾ ਕੇ ਇਸ ਨੂੰ ਕਾਬੂ ਕਰਨ ਲਈ ਯਤਨ ਕੀਤੇ ਗਏ, ਪਰ ਨਸ਼ਿਆਂ ਦੀ ਸਪਲਾਈ ਡਰੋਨਾਂ ਰਾਹੀਂ ਨਿਰੰਤਰ ਹੁੰਦੀ ਰਹਿੰਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਨਸ਼ਿਆਂ ਦੀ ਤਸਕਰੀ ਰੋਕਣ ਅਤੇ ਨਸ਼ੇੜੀਆਂ ਦੇ ਪੁਨਰਵਾਸ ਲਈ ਬੜੇ ਲੰਮੇ ਅਰਸੇ ਤੋਂ ਯਤਨ ਕੀਤੇ ਜਾਂਦੇ ਰਹੇ ਹਨ। 1988 ਵਿੱਚ ਨਸ਼ਿਆਂ ਦੀ ਰੋਕਥਾਮ ਨੂੰ ਸੁਚੱਜੇ ਢੰਗ ਨਾਲ ਕਰਨ ਲਈ ਨਾਰਕੋਟਿਕਸ ਡਰੱਗਜ਼ ਸਾਈਕੋਟਰਾਪਿਕ ਸਬਸਟੈਂਸ ਐਕਟ ਲਾਗੂ ਕੀਤਾ ਗਿਆ। ਭਾਰਤ ਸਰਕਾਰ ਦੇ ਸਿਹਤ ਅਤੇ ਪਰਵਾਰ ਭਲਾਈ ਮਹਿਕਮੇ ਵੱਲੋਂ 1988 ਵਿੱਚ ਇੱਕ ਨਸ਼ਾ ਛੁਡਾਊ ਪ੍ਰੋਗਰਾਮ ਉਲੀਕਿਆ ਗਿਆ, ਜਿਸ ਤਹਿਤ ਵੱਖ-ਵੱਖ ਰਾਜਾਂ ਦੇ ਸਰਕਾਰੀ ਹਸਪਤਾਲਾਂ ਵਿੱਚ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਗਏ, ਜੋ ਭਾਰਤੀ ਰੈੱਡ ਕਰਾਸ ਦੇ ਸਹਿਯੋਗ ਨਾਲ ਸ਼ੁਰੂ ਕੀਤੇ ਗਏ।

ਨਸ਼ੀਲੇ ਪਦਾਰਥਾਂ ਦੀ ਮਨੁੱਖਾਂ ਦੁਆਰਾ ਵਰਤੋਂ ਕਰਨ ਨੂੰ ਨਸ਼ਾ ਕਰਨਾ ਆਖਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਪੋਸਤ, ਅਫੀਮ, ਭੁੱਕੀ, ਸ਼ਰਾਬ, ਚੰਡੂ, ਗਾਂਜਾ, ਚਰਸ, ਤੰਬਾਕੂ ਆਦਿ ਨਸ਼ੇ ਪ੍ਰਚੱਲਤ ਸਨ। ਅਜੋਕੇ ਦੌਰ ਵਿੱਚ ਸਮੈਕ, ਕੋਕੀਨ, ਹੈਰੋਇਨ ਜਿਹੇ ਕਈ ਪ੍ਰਕਾਰ ਦੇ ਨਸ਼ੇ ਪ੍ਰਚਲਤ ਹੋ ਗਏ ਹਨ । ਹੁਣ ਕਈ ਪ੍ਰਕਾਰ ਦੀਆਂ ਮੈਡੀਕਲ ਗੋਲੀਆਂ ਅਤੇ ਟੀਕੇ ਨਸ਼ਾ ਕਰਨ ਲਈ ਵਰਤੇ ਜਾਂਦੇ ਹਨ । ਸਿੰਥੈਟਿਕ ਨਸ਼ਿਆਂ ਦਾ ਪ੍ਰਚਲਨ ਹੁਣ ਆਮ ਗੱਲ ਹੈ ।

ਅਫੀਮ ਦੀ ਵਰਤੋਂ ਸਦੀਆਂ ਤੋਂ ਪੰਜਾਬ ਵਿੱਚ ਹੁੰਦੀ ਰਹੀ ਹੈ। ਕੁਝ ਦਹਾਕੇ ਪਹਿਲਾਂ ਤੱਕ ਲੋਕਾਂ ਦੇ ਅਫੀਮ ਵਾਲੇ ਕਾਰਡ ਵੀ ਬਣੇ ਹੁੰਦੇ ਸਨ, ਉਹ ਸਰਕਾਰੀ ਸਿਹਤ ਸੰਸਥਾਵਾਂ ਤੋਂ ਅਫੀਮ ਲੈ ਕੇ ਆਉਂਦੇ ਹੁੰਦੇ ਸਨ। ਭਾਵੇਂ ਕਾਰਡ ਧਾਰਕ ਨੂੰ ਇੱਕ ਸੀਮਤ ਮਾਤਰਾ ਵਿੱਚ ਹੀ ਅਫੀਮ ਮਿਲਦੀ ਹੁੰਦੀ ਸੀ, ਪਰ ਉਹ ਵਿਅਕਤੀ ਉਸ ਤੋਂ ਕਿਤੇ ਜ਼ਿਆਦਾ ਅਫੀਮ ਦਾ ਸੇਵਨ ਕਰਦੇ ਸਨ ਅਤੇ ਉਹਨਾਂ ਵਿਅਕਤੀਆਂ ਨੂੰ ਨਿਸਚਿਤ ਮਾਤਰਾ ਵਿੱਚ ਅਫੀਮ ਕੋਲ ਰੱਖਣ ਲਈ ਅਧਿਕਾਰ ਪ੍ਰਾਪਤ ਹੁੰਦਾ ਸੀ। ਸ਼ਰਾਬ ਵੀ ਪੰਜਾਬ ਦੇ ਲੋਕਾਂ ਦੀ ਪ੍ਰਾਹੁਣਚਾਰੀ ਦਾ ਵਿਸ਼ੇਸ਼ ਹਿੱਸਾ ਬਣੀ ਹੋਈ ਹੈ। ਸ਼ਰਾਬ ਦੀ ਖੁੱਲ੍ਹੀ ਵਰਤੋਂ ਲੋਕ ਖੁਸ਼ੀ ਦੇ ਮੌਕਿਆਂ 'ਤੇ ਅਕਸਰ ਕਰਦੇ ਹਨ। ਕਈ ਵਾਰ ਲਾੜੇ ਪੱਖ ਵਾਲੇ ਵਿਅਕਤੀ ਵਿਆਹ-ਸ਼ਾਦੀਆਂ ਸਮੇਂ ਸ਼ਰਾਬ ਦੇ ਵਿਸ਼ੇਸ਼ ਬਰਾਂਡਾਂ ਦੀ ਮੰਗ ਵੀ ਅਕਸਰ ਕਰਦੇ ਹਨ। ਸ਼ਰਾਬ ਪੀਣ ਨੂੰ ਸਟੇਟਸ ਸਿੰਬਲ ਸਮਝਿਆ ਜਾਂਦਾ ਹੈ। ਸਰਕਾਰਾਂ ਦੀ ਆਬਕਾਰੀ ਨੀਤੀ ਅਨੁਸਾਰ ਸ਼ਰਾਬ ਕਾਨੂੰਨੀ ਨਸ਼ਾ ਹੈ, ਬਕਾਇਦਾ ਸ਼ਰਾਬ ਨੀਤੀ ਬਣਾਈ ਜਾਂਦੀ ਹੈ। ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਹੁੰਦੀ ਹੈ। ਸਰਕਾਰਾਂ ਨੂੰ ਸ਼ਰਾਬ ਦੇ ਕਾਰੋਬਾਰ ਤੋਂ ਮੋਟੀ ਕਮਾਈ ਹੁੰਦੀ ਹੈ। ਸਾਲ 2022 ਵਿੱਚ ਭਾਰਤ ਦਾ ਸ਼ੁੱਧ ਸ਼ਰਾਬ ਬਾਜ਼ਾਰ ਕਰੀਬ ਤਿੰਨ ਅਰਬ ਲੀਟਰ ਸੀ । ਗੈਰ -ਕਾਨੂੰਨੀ ਤੌਰ 'ਤੇ ਬਣ ਰਹੀ ਸ਼ਰਾਬ ਦੀ ਵਿਕਰੀ ਇਸ ਤੋਂ ਇਲਾਵਾ ਸੀ। ਸਮੁੱਚੇ ਦੇਸ਼ ਵਿੱਚ ਹੁਣ ਤੱਕ ਹਜ਼ਾਰਾਂ ਹੀ ਲੋਕ ਜ਼ਹਿਰੀਲੀ ਸ਼ਰਾਬ ਦੀ ਭੇਟ ਚੜ ਚੁੱਕੇ ਹਨ ।

ਜੇਕਰ ਅਸੀਂ ਪੰਜਾਬ 'ਤੇ ਝਾਤ ਮਾਰੀਏ ਤਾਂ ਪੰਜਾਬ ਵਿੱਚ ਅਕਤੂਬਰ 2010 ਵਿੱਚ ਦਸੂਹਾ ਇਲਾਕੇ ਵਿੱਚ 10 ਲੋਕਾਂ ਦੀ ਜਾਨ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਚਲੀ ਗਈ ਸੀ। 2020 ਵਿੱਚ ਮਾਝੇ ਦੇ ਇਲਾਕੇ ਤਰਨ ਤਾਰਨ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿੱਚ ਜਹਿਰੀਲੀ ਸ਼ਰਾਬ ਪੀਣ ਕਰਕੇ 121 ਲੋਕਾਂ ਨੂੰ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ ਸਨ। ਮਾਰਚ 2024 ਵਿੱਚ ਸੰਗਰੂਰ ਦੇ ਦਿੜ੍ਹਬਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਰਕੇ 21 ਲੋਕਾਂ ਦੀ ਮੌਤ ਹੋ ਗਈ ਸੀ। ਜਹਿਰੀਲੀ ਸ਼ਰਾਬ ਦੇ ਮਜੀਠਾ ਇਲਾਕੇ ਦੇ ਪਿੰਡਾਂ ਵਿਖੇ 13 ਮਈ ਅਤੇ 14 ਮਈ 2025 ਦੀ ਦਰਮਿਆਨੀ ਰਾਤ ਵਾਪਰੇ ਭਿਆਨਕ ਕਾਂਡ ਵਿੱਚ 28 ਲੋਕਾਂ ਦੀ ਮੌਤ ਹੋ ਚੁੱਕੀ ਹੈ । ਹੁਣ ਸਰਕਾਰ ਵੱਲੋਂ ਜ਼ਹਿਰੀਲੀ ਸ਼ਰਾਬ ਦੇ ਕਾਰੋਬਾਰ ਵਿੱਚ ਲਿਪਤ ਲੋਕਾਂ ਅਤੇ ਇਲਾਕੇ ਦੇ ਪੁਲਸ ਅਧਿਕਾਰੀਆਂ ਉੱਪਰ ਕਾਰਵਾਈ ਸੰਬੰਧੀ ਵੱਡੇ-ਵੱਡੇ ਬਿਆਨ ਦਾਗੇ ਜਾਣਗੇ, ਵਾਪਰੇ ਦਰਦਨਾਕ ਕਾਂਡ ਦੀ ਪੜਤਾਲ ਲਈ ਕਮੇਟੀ ਗਠਨ ਕੀਤੀ ਗਈ ਹੈ ਅਤੇ ਸਿੱਟ ਦਾ ਗਠਨ ਵੀ ਹੋਇਆ ਹੈ, ਪਰ ਇਹ ਆਉਣ ਵਾਲੇ ਸਮੇਂ ਦੇ ਗਰਭ ਵਿੱਚ ਰਹੇਗਾ ਕਿ ਇਸ ਕਾਂਡ ਲਈ ਜ਼ਿੰਮੇਵਾਰ ਵਿਅਕਤੀਆਂ ਉਪਰ ਕੀ ਕਾਰਵਾਈ ਹੁੰਦੀ ਹੈ।

ਸ਼ਰਾਬ ਦੀ ਵਰਤੋਂ ਵਿੱਚ ਪੰਜਾਬ ਦੇਸ਼ ਵਿੱਚੋਂ ਦੂਸਰੇ ਸਥਾਨ 'ਤੇ ਆਉਂਦਾ ਹੈ, ਜਦ ਕਿ ਆਬਾਦੀ ਦੇ ਲਿਹਾਜ਼ ਨਾਲ ਪੰਜਾਬ ਦਾ ਸਥਾਨ 15ਵਾਂ ਹੈ। ਪੰਜਾਬ ਵਿੱਚ ਸ਼ਰਾਬ ਫੈਕਟਰੀਆਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ ਅਤੇ ਮਿਲਕ ਪਲਾਂਟਾਂ ਦੀ ਗਿਣਤੀ ਘਟ ਰਹੀ ਹੈ।

ਦੇਸ਼ ਵਿੱਚ ਹਰ ਸਾਲ 6000 ਤੋਂ ਵੱਧ ਮੌਤਾਂ ਕੇਵਲ ਸ਼ਰਾਬ ਪੀ ਕੇ ਵਾਹਨਾਂ ਨੂੰ ਚਲਾਉਣ ਸਦਕਾ ਹੁੰਦੀਆਂ ਹਨ। 2017 ਵਿੱਚ ਸੁਪਰੀਮ ਕੋਰਟ ਨੇ ਆਪਣੇ ਇੱਕ ਫੈਸਲੇ ਵਿੱਚ ਸ਼ਰਾਬ ਦੇ ਠੇਕੇ ਕੌਮੀ ਅਤੇ ਰਾਜਮਾਰਗਾਂ ਤੋਂ 500 ਮੀਟਰ ਦੂਰ ਲਿਜਾਣ ਲਈ ਫੈਸਲਾ ਦਿੱਤਾ ਸੀ, ਪਰ ਰਾਜ ਸਰਕਾਰਾਂ ਵੱਲੋਂ ਅਜਿਹੇ ਮਾਰਗਾਂ ਨੂੰ ਕੌਮੀ ਅਤੇ ਰਾਜਮਾਰਗਾਂ ਵੱਲੋਂ ਡੀ ਨੋਟੀਫਾਈ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਸੀ। 2017 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਚਾਰ ਹਫਤਿਆਂ ਵਿੱਚ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਦੀ ਗੱਲ ਕੀਤੀ ਗਈ ਸੀ। 2017 ਵਿੱਚ ਪੰਜਾਬ ਦੇ ਕਈ ਪਿੰਡਾਂ ਵੱਲੋਂ ਆਪਣੇ ਪਿੰਡਾਂ ਵਿੱਚ ਸ਼ਰਾਬ ਦੇ ਠੇਕੇ ਨਾ ਖੋਲ੍ਹੇ ਜਾਣ ਸੰਬੰਧੀ ਮਤੇ ਪਾਸ ਕੀਤੇ ਗਏ ਸਨ, ਪਰ ਇਹ ਸਭ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲੀ ਗੱਲ ਹੀ ਸਿੱਧ ਹੋਈ। ਸਾਡੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਓਨੇ ਸਰਕਾਰੀ ਸਕੂਲ, ਹਸਪਤਾਲ ਅਤੇ ਹੋਰ ਲੋਕ ਭਲਾਈ ਦੇ ਸੰਸਥਾਨ ਨਹੀਂ ਖੋਲ੍ਹੇ ਜਾਂਦੇ, ਜਿੰਨੇ ਸ਼ਰਾਬ ਦੇ ਠੇਕੇ ਖੁੱਲ੍ਹੇ ਹੁੰਦੇ ਹਨ ।

ਨਸ਼ਿਆਂ ਨੂੰ ਰੋਕਣ ਲਈ ਪੰਜਾਬ ਵਿੱਚ 23 ਮਾਰਚ, 2018 ਤੋਂ ਇਕ ਨਵਾਂ ਪ੍ਰੋਗਰਾਮ ਡੈਪੂ ਸ਼ੁਰੂ ਕੀਤਾ ਗਿਆ ਸੀ, ਪੂਰੇ ਪੰਜਾਬ ਵਿੱਚ 6 ਲੱਖ ਤੋਂ ਵੱਧ ਸਰਕਾਰੀ ਅਧਿਕਾਰੀ/ ਕਰਮਚਾਰੀ ਅਤੇ ਵਲੰਟੀਅਰ ਡੈਪੋ ਵਜੋਂ ਰਜਿਸਟਰਡ ਕੀਤੇ ਗਏ ਸਨ। ਪੰਜਾਬ ਸਿੱਖਿਆ ਵਿਭਾਗ ਵੱਲੋਂ ਵੀ 15 ਅਗਸਤ 2018 ਤੋਂ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਬੱਡੀ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਸੀ। ਅਧਿਕਾਰਤ ਅੰਕੜਿਆਂ ਅਨੁਸਾਰ 17416 ਸਰਕਾਰੀ ਅਤੇ ਗੈਰ-ਸਰਕਾਰੀ ਵਿਦਿਅਕ ਸੰਸਥਾਵਾਂ ਵਿੱਚ 8.6 ਲੱਖ ਦੇ ਕਰੀਬ ਬੱਡੀ ਗਰੁੱਪ ਹੋਂਦ ਵਿੱਚ ਹਨ।

ਏਮਜ਼ ਦੇ ਇੱਕ ਅਧਿਐਨ ਮੁਤਾਬਕ ਪੰਜਾਬ ਵਿੱਚ ਅਫੀਮ ਤੋਂ ਬਣਨ ਵਾਲੇ ਦਰਦ ਨਿਵਾਰਕ ਪਦਾਰਥਾਂ ਦੇ ਉਪਯੋਗ ਕਰਨ ਵਾਲਿਆਂ ਦੀ ਗਿਣਤੀ 7 ਲੱਖ ਤੋਂ ਵੱਧ ਹੈ। ਪੰਜਾਬ ਵਿੱਚ ਸਾਲ 2016 ਤੱਕ 18 ਸਾਲ ਤੋਂ ਵੱਧ ਉਮਰ ਦੇ ਲਗਭਗ 11 ਲੱਖ ਵਿਅਕਤੀਆਂ ਦੀ ਪਛਾਣ ਨਸ਼ਾ ਛਡਾਊ ਸੇਵਾਵਾਂ ਦੀ ਲੋੜ ਵਜੋਂ ਕੀਤੀ ਗਈ ਸੀ। ਪੰਜਾਬ ਵਿੱਚ ਕੀਤੇ ਗਏ ਸਰਵੇਖਣ ਅਨੁਸਾਰ 72 ਪ੍ਰਤੀਸ਼ਤ ਪੀੜਤ 15 ਤੋਂ 35 ਸਾਲ ਦੇ ਉਮਰ ਵਰਗ ਵਿੱਚ ਆਉਂਦੇ ਹਨ। ਇਸ ਸਰਵੇਖਣ ਅਨੁਸਾਰ 54 ਫੀਸਦੀ ਸ਼ਹਿਰੀ ਅਤੇ 46 ਫੀਸਦੀ ਪੇਂਡੂ ਆਬਾਦੀ ਨਸ਼ਿਆਂ ਦੀ ਆਦੀ ਹੋ ਚੁੱਕੀ ਸੀ। ਪੀ ਜੀ ਆਈ ਚੰਡੀਗੜ੍ਹ ਵੱਲੋਂ ਫਰਵਰੀ 2022 ਵਿੱਚ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਹਰ ਸੱਤਵਾਂ ਵਿਅਕਤੀ ਕਾਨੂੰਨੀ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥ 'ਤੇ ਨਿਰਭਰ ਸੀ। ਇਸ ਅਨੁਸਾਰ ਪੰਜਾਬ ਵਿੱਚ 40 ਲੱਖ ਲੋਕਾਂ ਨੂੰ ਨਸ਼ਿਆਂ ਦੀ ਲਤ ਲੱਗੀ ਹੋਈ ਹੈ।

ਇੰਸਟੀਚਿਊਟ ਫਾਰ ਡਿਵੈੱਲਪਮੈਂਟ ਐਂਡ ਕਮਿਊਨੀਕੇਸ਼ਨਜ਼ ਚੰਡੀਗੜ੍ਹ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਵਿੱਚ ਲਗਭਗ 35 ਫੀਸਦੀ 15 ਤੋਂ 25 ਸਾਲ ਦੀ ਉਮਰ ਵਰਗ ਦੇ ਨੌਜਵਾਨ ਸ਼ਮਿਲ ਹਨ।

ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਹਿਲੀ ਮਾਰਚ 2025 ਤੋਂ ਪੰਜਾਬ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵੱਡੇ ਪੱਧਰ 'ਤੇ ਵਿੱਢੀ ਗਈ ਹੈ । ਪੰਜਾਬ ਪੁਲਸ ਦੇ ਜਾਰੀ ਅੰਕੜਿਆਂ ਅਨੁਸਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਪਹਿਲੇ 75 ਦਿਨਾਂ ਵਿੱਚ 11208 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬ ਪੁਲਸ ਵੱਲੋਂ ਵੱਡੀ ਗਿਣਤੀ ਵਿੱਚ ਹੈਰੋਇਨ ਸਮੇਤ ਹੋਰ ਨਸ਼ਿਆਂ ਦੀ ਬਰਾਮਦਗੀ ਕੀਤੀ ਜਾ ਰਹੀ ਹੈ । ਇੱਕ ਪਾਸੇ ਪੰਜਾਬ ਪੁਲਿਸ ਇਮਾਨਦਾਰੀ ਅਤੇ ਤਨਦੇਹੀ ਨਾਲ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਪੂਰੀ ਵਾਹ ਲਾ ਰਹੀ ਹੈ, ਪਰ ਦੂਜੇ ਪਾਸੇ ਇਸੇ ਵਿਭਾਗ ਦੇ ਕੁਝ ਕਰਮਚਾਰੀ, ਅਧਿਕਾਰੀ ਨਸ਼ਿਆਂ ਦੇ ਸਰਗਨਿਆਂ ਨਾਲ ਮਿਲੇ ਹੋਏ ਵੀ ਹਨ । ਰਾਜ ਦੀਆਂ ਅਤੀ ਸੁਰੱਖਿਅਤ ਜੇਲ੍ਹਾਂ ਵਿੱਚੋਂ ਨਸ਼ੀਲੇ ਪਦਾਰਥਾਂ ਅਤੇ ਮੋਬਾਇਲਾਂ ਵਗੈਰਾ ਦਾ ਪਹੁੰਚਣਾ ਵੀ ਉੱਥੇ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਦੀ ਮੌਜੂਦਗੀ ਬਿਨਾਂ ਸੰਭਵ ਨਹੀਂ ਹੋ ਸਕਦਾ । ਕੁਝ ਦਿਨ ਪਹਿਲਾਂ ਹੀ ਸੰਗਰੂਰ ਜੇਲ੍ਹ ਵਿੱਚ ਤਾਇਨਾਤ ਡੀ ਐੱਸ ਪੀ ਸੁਰੱਖਿਆ ਨੂੰ ਚਿੱਟੇ ਦੇ ਕਾਲੇ ਕਾਰੋਬਾਰ ਵਿੱਚ ਲਿਪਤ ਹੋਣ ਕਰਕੇ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਸਰਕਾਰ ਵੱਲੋਂ ਵੱਡੇ ਪੱਧਰ 'ਤੇ ਕੀਤੇ ਜਾ ਰਹੇ ਉਪਰਾਲਿਆਂ ਦੇ ਬਾਵਜੂਦ ਸਾਨੂੰ ਰੋਜ਼ਾਨਾ ਅਖਬਾਰਾਂ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਹੋ ਰਹੀਆਂ ਮੌਤਾਂ ਬਾਰੇ ਪੜ੍ਹਨ ਨੂੰ ਲਗਾਤਾਰ ਮਿਲ ਰਿਹਾ ਹੈ। ਹਰ ਇੱਕ ਦੀ ਜ਼ੁਬਾਨ 'ਤੇ ਇਹ ਗੱਲ ਹੈ ਕਿ ਪੰਜਾਬ ਵਿੱਚ ਨਸ਼ੇ ਕਾਰਨ ਹੋ ਰਹੀਆਂ ਮੌਤਾਂ ਨੂੰ ਕਦੋਂ ਠੱਲ੍ਹ ਪਵੇਗੀ।

ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਬਲ ਦੇਣ ਲਈ ਪੰਜਾਬ ਸਰਕਾਰ ਵੱਲੋਂ 15000 ਤੋਂ ਵੱਧ ਪਿੰਡਾਂ ਅਤੇ ਸ਼ਹਿਰਾਂ ਦੇ ਵਾਰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਜਨ- ਜਾਗਰੂਕਤਾ ਮੁਹਿੰਮ ਤਹਿਤ ਰੋਜ਼ਾਨਾ 351 ਪਿੰਡਾਂ ਵਿੱਚ ਸਭਾਵਾਂ ਕੀਤੀਆਂ ਜਾਣਗੀਆਂ। ਇਸ ਮੁਹਿੰਮ ਦੇ ਤਸੱਲੀਬਖਸ਼ ਨਤੀਜੇ ਆਮ ਜਨਤਾ ਦੇ ਸਹਿਯੋਗ ਨਾਲ ਹੀ ਨਿਕਲ ਸਕਦੇ ਹਨ, ਨਹੀਂ ਤਾਂ ਆਮ ਸਰਕਾਰੀ ਮੁਹਿੰਮਾਂ ਵਾਂਗ ਇਹ ਮੁਹਿੰਮ ਵੀ ਆਪਣੇ ਅਸਲ ਟੀਚਿਆਂ ਨੂੰ ਪੂਰੇ ਕਰਨ ਵਿੱਚ ਕਾਮਯਾਬ ਨਹੀਂ ਹੋ ਸਕੇਗੀ। ਸਰਕਾਰ ਨੂੰ ਸੁਹਿਰਦਤਾ ਨਾਲ ਪੁਲਸ, ਪ੍ਰਸ਼ਾਸਨ ਅਤੇ ਸਿਆਸਤਦਾਨਾਂ ਦੇ ਨੈਕਸਸ ਨੂੰ ਤੋੜਨਾ ਪਵੇਗਾ। ਇਹ ਆਉਣ ਵਾਲਾ ਸਮਾਂ ਦੱਸੇਗਾ ਕਿ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਸ ਯੋਜਨਾ ਦਾ ਕੀ ਅੰਜ਼ਾਮ ਬਣਦਾ ਹੈ।

**# ਸੰਪਰਕ : 97812-00168**

# ਮੋਬਾਇਲ ਦੀ ਵਰਤੋਂ ਵਰਦਾਨ ਜਾਂ ਸਰਾਪ



ਮੁਹੰਮਦ ਅੱਬਾਸ ਧਾਲੀਵਾਲ

ਜਿਵੇਂ-ਜਿਵੇਂ ਮਨੁੱਖ ਤਰੱਕੀ ਕਰ ਰਿਹਾ ਹੈ, ਉਹ ਆਪਣੇ ਲਈ ਨਵੀਆਂ-ਨਵੀਆਂ ਤਕਨੀਕਾਂ ਦੀ ਖੋਜਾਂ ਕਰਦਿਆਂ ਆਪਣੀ ਜ਼ਿੰਦਗੀ ਨੂੰ ਬੇਹੱਦ ਆਸਾਨ ਅਤੇ ਆਰਾਮਦਾਇਕ ਬਣਾਉਂਦਾ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਮਨੁੱਖੀ ਜੀਵਨ ਲਈ ਵਰਦਾਨ ਸਮਝੇ ਜਾਂਦੇ ਮੋਬਾਈਲ 'ਤੇ ਗੱਲ ਕਰੀਏ। ਆਓ ਆਸਾਨ ਸ਼ਬਦਾਂ ਵਿਚ ਇਸ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਦਰਅਸਲ ਮੋਬਾਈਲ ਫ਼ੋਨ (ਸੈਲੂਲਰ ਫ਼ੋਨ, ਚਲੰਤ ਫ਼ੋਨ, ਹੈਂਡ ਫ਼ੋਨ ਜਾਂ ਸਿਰਫ਼ ਫ਼ੋਨ, ਜਿਸ ਨੂੰ ਸਾਧਾਰਨ ਲੋਕੀ ਮਬੈਲ ਵੀ ਆਖ ਦਿੰਦੇ ਹਨ) ਇੱਕ ਅਜਿਹਾ ਫ਼ੋਨ ਹੁੰਦਾ ਹੈ, ਜੋ ਇੱਕ ਲੰਮੇ-ਚੌੜੇ ਇਲਾਕੇ ਵਿੱਚ ਚੱਲਦਿਆਂ ਹੋਇਆਂ ਕਿਸੇ ਰੇਡੀਓ ਜੋੜ ਰਾਹੀਂ ਟੈਲੀਫ਼ੋਨ ਕਾਲਾਂ ਨੂੰ ਕਰ ਜਾਂ ਲੈ ਸਕਦਾ ਹੋਵੇ।

ਅੱਜ-ਕੱਲ੍ਹ ਦੇ ਮੋਬਾਈਲ ਫੋਨ ਏਨੇ ਸਮਰੱਥ ਹਨ ਕਿ ਅਸੀਂ ਉਹਨਾਂ ਤੋਂ ਬਹੁਤ ਸਾਰੇ ਕੰਮ ਲੈ ਸਕਦੇ ਹਾਂ, ਅਰਥਾਤ ਜਦੀਦ ਤਕਨੀਕਾਂ ਨਾਲ ਅਸੀਂ ਆਪਣੇ ਮੋਬਾਈਲ ਨਾਲ ਸਿਰਫ਼ ਇੱਕ-ਦੂਜੇ ਨਾਲ ਗੱਲਬਾਤ ਹੀ ਨਹੀਂ, ਸਗੋਂ ਆਪਣੀ ਰੋਜ਼ਾਨਾ ਜ਼ਿੰਦਗੀ ਨੂੰ ਵਧੇਰੇ ਸੌਖੀ ਵੀ ਕਰ ਸਕਦੇ ਹਾਂ। ਬਿਜਲੀ ਦੇ ਬਿੱਲ ਭਰਨ ਤੋਂ ਲੈ ਕੇ ਖਾਣ-ਪੀਣ ਦਾ ਸਾਮਾਨ ਮੰਗਵਾਉਣਾ, ਇੰਟਰਨੈੱਟ ਰਾਹੀਂ ਆਪਣਾ ਮਨੋਰੰਜਨ ਕਰਨ ਅਤੇ ਹੋਰ ਵੀ ਕਈ ਚੀਜ਼ਾਂ ਅਸੀਂ ਬੱਸ ਕੁਝ ਹੀ ਟੱਚਾਂ ਦੀ ਮਦਦ ਨਾਲ ਕਰ ਸਕਦੇ ਹਾਂ।

ਅੱਜ ਮੋਬਾਈਲ ਫੋਨ ਕੇਵਲ ਇੱਕ ਗੱਲਬਾਤ ਦਾ ਸਾਧਨ ਹੀ ਨਹੀਂ, ਬਲਕਿ ਮਨੁੱਖ ਦੀ ਜ਼ਿੰਦਗੀ ਦਾ ਇਕ ਬਹੁਤ ਹੀ ਜ਼ਰੂਰੀ ਅਤੇ ਅਹਿਮ ਹਿੱਸਾ ਬਣ ਚੁੱਕਿਆ ਹੈ, ਜਿਸ ਤੋਂ ਬਿਨਾਂ ਅਜੋਕੇ ਸਮੇਂ ਮਨੁੱਖ ਦਾ ਗੁਜ਼ਾਰਾ ਹੋਣਾ ਮੁਸ਼ਕਿਲ ਜਾਪਦਾ ਹੈ । ਕੰਮ-ਕਾਜ ਹੋਵੇ ਜਾਂ ਆਮ ਘਰੇਲੂ ਜੀਵਨ, ਹਰ ਥਾਂ ਫੋਨ ਦੀ ਲੋੜ ਪੈਂਦੀ ਹੀ ਹੈ। ਇਸੇ ਕਰਕੇ ਇਹ ਦੇਖਿਆ ਜਾਂਦਾ ਹੈ ਕਿ ਹਰ ਕਿਸੇ ਕੋਲ ਮੋਬਾਈਲ ਹੁੰਦਾ ਹੀ ਹੈ, ਭਾਵੇਂ ਉਹ ਇੱਕ ਗਰੀਬ ਰਿਕਸ਼ਾ ਚਾਲਕ ਹੈ ਜਾਂ ਕੋਈ ਬਹੁਤ ਵੱਡਾ ਵਪਾਰੀ।

ਪਰ ਇੱਥੇ ਸਵਾਲ ਇਹ ਹੈ ਕਿ ਕੀ ਉਕਤ ਸੁੱਖ ਸਹੂਲਤਾਂ ਦੇ ਚੱਲਦਿਆਂ ਅੱਜ ਮਨੁੱਖ ਹਕੀਕੀ ਅਰਥਾਂ ਵਿੱਚ ਖੁਸ਼ ਹੈ ਤਾਂ ਇਸ ਦਾ ਜਵਾਬ ਹੈ ਸ਼ਾਇਦ ਨਹੀਂ...!

ਬਿਨਾਂ ਸ਼ੱਕ ਅੱਜ ਸੰਚਾਰ ਦੇ ਮਾਧਿਅਮ ਬਹੁਤ ਜ਼ਿਆਦਾ ਵਿਕਸਿਤ ਹੋ ਚੁੱਕੇ ਹਨ। ਅੱਜ ਇੱਕ ਸਮਾਰਟ ਫੋਨ ਦੇ ਹੱਥ ਵਿੱਚ ਹੁੰਦਿਆਂ ਮਨੁੱਖ ਨੂੰ ਇੰਝ ਲੱਗਦਾ ਹੈ ਕਿ ਜਿਵੇਂ ਦੁਨੀਆ ਭਰ ਦੀਆਂ ਜਾਣਕਾਰੀਆਂ ਉਸ ਦੀ ਮੁੱਠੀ 'ਚ ਹੋਣ... ਪਰ ਕੀ ਦੁਨੀਆ ਨੂੰ ਮੁੱਠੀ ਵਿੱਚ ਕਰਨ ਦਾ ਦਮ ਭਰਨ ਵਾਲਾ ਮਨੁੱਖ ਕੀ ਸੱਚਮੁੱਚ ਖੁਸ਼ ਹੈ ? ਜਾਂ ਬਨਾਵਟੀ ਕਿਸਮ ਦੀਆਂ ਖੁਸ਼ੀਆਂ ਹੋਣ ਦਾ ਆਪਣੇ-ਆਪ ਵਿੱਚ ਭਰਮ ਪਾਲ ਰਿਹਾ ਹੈ। ਮੇਰੇ ਖਿਆਲ 'ਚ ਜੇਕਰ ਅੱਜ ਤੋਂ ਪੱਚੀ-ਤੀਹ ਸਾਲ ਪਹਿਲਾਂ ਦੀ ਗੱਲ ਕਰੀਏ, ਜਦ ਮੋਬਾਈਲ ਫੋਨ ਦਾ ਚਲਣ ਏਨਾ ਆਮ ਨਹੀਂ ਸੀ ਹੋਇਆ, ਉਦੋਂ ਲੋਕਾਂ ਨੂੰ ਟੈਨਸ਼ਨਾਂ ਘੱਟ ਸਨ, ਪਰ ਅਜੋਕੇ ਸਮੇਂ ਰੋਜ਼ਾਨਾ ਜੀਵਨ 'ਚ ਜਦੋਂ ਮਨੁੱਖ ਮੋਬਾਈਲ ਦੀ ਵਧੇਰੇ ਵਰਤੋਂ ਕਰਨ ਲੱਗ ਪਿਆ ਹੈ ਤਾਂ ਉਸ ਨੂੰ ਬਹੁਤ ਤਰ੍ਹਾਂ ਦੀਆਂ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਨਾਲ ਵਾਸਤਾ ਪੈਣ ਲੱਗਾ ਹੈ।

ਇੱਕ ਅੰਦਾਜ਼ੇ ਮੁਤਾਬਿਕ ਜ਼ਿਆਦਾ ਮੋਬਾਈਲ ਵਰਤੋਂ ਕਰਨ ਵਾਲੇ ਲੋਕਾਂ ਵਿੱਚ ਚਿੰਤਾ, ਡਿਪ੍ਰੈਸ਼ਨ ਅਤੇ ਤਣਾਅ 'ਚ ਵਾਧਾ ਵੇਖਣ ਨੂੰ ਮਿਲ ਰਿਹਾ ਹੈ, ਇਸ ਵਿੱਚ ਸੋਸ਼ਲ ਮੀਡੀਆ ਅੱਗ ਵਿੱਚ ਘੀ ਦਾ ਕੰਮ ਕਰਦਾ ਨਜ਼ਰ ਆ ਰਿਹਾ ਹੈ। ਇੱਕ ਤਰ੍ਹਾਂ ਨਾਲ ਸੋਸ਼ਲ ਮੀਡੀਆ ਦੇ ਵਧਦੇ ਪ੍ਰਭਾਵ ਤੇ ਇਸ ਦੀ ਜ਼ਿਆਦਾ ਵਰਤੋਂ ਕਰਨ ਦੇ ਚੱਲਦਿਆਂ ਲੋਕ ਆਪਣੇ ਤੇ ਆਪਣੀ ਸਿਹਤ ਲਈ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਸੱਦਾ ਦੇ ਰਹੇ ਹਨ।

ਇਸ ਦੇ ਨਾਲ-ਨਾਲ ਦੇਰ ਰਾਤ ਤੱਕ ਮੋਬਾਈਲ ਚਲਾਉਣ ਦਾ ਚਲਣ ਅੱਜ ਆਮ ਵੇਖਣ ਨੂੰ ਮਿਲ ਰਿਹਾ ਹੈ, ਜਿਸ ਦੇ ਚੱਲਦਿਆਂ ਨੀਂਦ ਦੀ ਗੁਣਵੱਤਾ ਪ੍ਰਭਾਵਿਤ ਹੋ ਰਹੀ ਹੈ, ਕਿਉਂਕਿ ਫੋਨ ਦੀ ਨੀਲੀ ਰੌਸ਼ਨੀ ਸਰੀਰ ਦੇ ਮੈਲਾਟੋਨਿਨ ਹਾਰਮੋਨ ਨੂੰ ਘਟਾ ਦਿੰਦੀ ਹੈ, ਜਿਸ ਦੇ ਨਤੀਜੇ ਵਜੋਂ ਅੱਜ ਲੋਕਾਂ ਨੂੰ ਨੀਂਦ ਦੇ ਸੰਦਰਭ ਵਿੱਚ ਬਹੁਤ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨੀਂਦ ਦਾ ਸਮੇਂ ਸਿਰ ਤੇ ਪੂਰੀ ਨੀਂਦ ਨਾ ਲੈਣਾ ਬਹੁਤ ਸਾਰੀਆਂ ਮਾਨਸਿਕ ਸਮੱਸਿਆਵਾਂ ਵਿੱਚ ਵਾਧਾ ਕਰ ਰਿਹਾ ਹੈ । ਦੇਰ ਰਾਤ ਤੱਕ ਸੋਸ਼ਲ ਮੀਡੀਆ 'ਤੇ ਐਕਟਿਵ ਰਹਿਣਾ ਮਾਨਸਿਕ ਤਨਾਅ ਅਤੇ ਅਨੇਕਾਂ ਕਿਸਮ ਦੀਆਂ ਸਿਹਤ ਦੀਆਂ ਸਮੱਸਿਆਵਾਂ ਨੂੰ ਜਨਮ ਦੇ ਰਿਹਾ ਹੈ । ਅੱਜ ਸੋਸ਼ਲ ਮੀਡੀਆ ਦੇ ਜ਼ਰੀਏ ਚਿੰਤਾ, ਡਿਪ੍ਰੈਸ਼ਨ ਅਤੇ ਤਣਾਅ 'ਚ ਬੇਹੱਦ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

ਮੋਬਾਈਲ ਦੀ ਲੋੜ ਤੋਂ ਵਧੇਰੇ ਵਰਤੋਂ ਜਿੱਥੇ ਮਨੁੱਖੀ ਯਾਦਦਾਸ਼ਤ ਨੂੰ ਪ੍ਰਭਾਵਿਤ ਕਰ ਰਹੀ ਹੈ, ਉੱਥੇ ਹੀ ਧਿਆਨ ਦੀ ਘਾਟ ਦਾ ਕਾਰਨ ਵੀ ਬਣਦੀ ਨਜ਼ਰ ਆ ਰਹੀ ਹੈ। ਮਾਹਿਰਾਂ ਅਨੁਸਾਰ ਲਗਾਤਾਰ ਨੋਟੀਫਿਕੇਸ਼ਨ ਅਤੇ ਮਲਟੀਟਾਸਕਿੰਗ ਧਿਆਨ ਅਤੇ ਇਕਾਗਰਤਾ ਦੀ ਸਮਰੱਥਾ ਨੂੰ ਕਮਜ਼ੋਰ ਕਰ ਦਿੰਦੇ ਹਨ। ਇਸ ਦੇ ਨਾਲ-ਨਾਲ ਲੋਕਾਂ ਨੂੰ ਅੱਜ ਵਧੇਰੇ ਸਕਰੀਨ ਟਾਈਮ ਕਾਰਨ ਅੱਖਾਂ ਦੀ ਥਕਾਵਟ, ਗਰਦਨ ਦਰਦ ਅਤੇ ਮਾੜੀ ਪੋਜ਼ੀਸ਼ਨ ਵਾਲੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ । ਇਸ ਤੋਂ ਇਲਾਵਾ ਇੱਕ ਹੋਰ ਵੱਡਾ ਦੁਖਾਂਤ ਇਹ ਵਾਪਰ ਰਿਹਾ ਹੈ ਕਿ ਵਧੇਰੇ ਮੋਬਾਇਲ ਦੀ ਵਰਤੋਂ ਕਰਨ ਦੇ ਚੱਲਦਿਆਂ ਅੱਜ ਸਮਾਜਿਕ ਤੌਰ 'ਤੇ ਦੂਰੀਆਂ ਵਿੱਚ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਜ਼ਿਆਦਾ ਸਮਾਂ ਮੋਬਾਈਲ ਨਾਲ ਲੱਗੇ ਰਹਿਣ ਕਾਰਨ ਪਰਿਵਾਰਕ ਅਤੇ ਦੋਸਤੀ ਵਾਲੇ ਰਿਸ਼ਤੇ ਅੱਜ ਖਤਮ ਹੋਣ ਕੰਢੇ ਪਹੁੰਚ ਚੁੱਕੇ ਹਨ। ਅੱਜ ਅਸੀਂ ਭਾਵੇਂ ਪਰਵਾਰਕ ਮੈਂਬਰ ਇੱਕ ਕਮਰੇ ਵਿੱਚ ਬੈਠੇ ਹੋਈਏ, ਫਿਰ ਵੀ ਇੱਕ-ਦੂਜੇ ਤੋਂ ਮਾਨਸਿਕ ਤੇ ਦਿਮਾਗ਼ੀ ਤੌਰ 'ਤੇ ਬਹੁਤ ਦੂਰ ਹੁੰਦੇ ਜਾ ਰਹੇ ਹਾਂ, ਜਦੋਂ ਕਿ ਇਸ ਦੇ ਉਲਟ ਜਿਹੜੇ ਵਿਅਕਤੀ ਸਾਡੇ ਕੋਲੋਂ ਬਹੁਤ ਦੂਰ ਹੁੰਦੇ ਹਨ, ਉਨ੍ਹਾਂ ਨੂੰ ਅਸੀਂ ਆਪਣੀ ਮੋਬਾਈਲ ਚੈਟ ਕਰਨ ਦੇ ਚਲਦਿਆਂ ਬਹੁਤ ਨਜ਼ਦੀਕ ਸਮਝਦੇ ਹਾਂ, ਪਰ ਅਜਿਹੇ ਸਮੇਂ ਅਸੀਂ ਇੱਕ ਤਰ੍ਹਾਂ ਨਾਲ ਆਪਣੇ-ਆਪ ਨੂੰ ਇੱਕ ਮ੍ਰਿਗ ਤ੍ਰਿਸ਼ਨਾ ਵਿੱਚ ਉਲਝਾਅ ਰਹੇ ਹੁੰਦੇ ਹਾਂ।


ਅੱਜ ਲੋਕਾਂ ਦੇ ਮੋਬਾਈਲ ਦਾ ਜਾਦੂ ਇਸ ਕਦਰ ਸਿਰ ਚੜ੍ਹ ਕੇ ਬੋਲ ਰਿਹਾ ਹੈ ਕਿ ਕੁਝ ਲੋਕ ਮੋਬਾਈਲ ਦੇ ਬਿਨਾਂ ਆਪਣੇ-ਆਪ ਨੂੰ ਚਿੰਤਤ ਜਾਂ ਬੇਚੈਨ ਮਹਿਸੂਸ ਕਰਨ ਲੱਗਦੇ ਹਨ। ਅੱਜ ਨਸ਼ੇ ਦੀ ਲਤ ਵਾਂਗੂ ਮੋਬਾਈਲ ਦੀ ਆਦਤ ਵੀ ਇਨਸਾਨ ਨੂੰ ਜੋਕ ਵਾਂਗੂ ਚੁੰਬੜ ਜਾਂਦੀ ਹੈ।

ਅੱਜ ਲੋਕ ਸਮਾਜਿਕ ਤੌਰ 'ਤੇ ਇੱਕ-ਦੂਜੇ ਤੋਂ ਦੂਰ ਜਾ ਰਹੇ ਹਨ। ਇਸ ਦੀ ਵੱਡੀ ਵਜ੍ਹਾ ਮੋਬਾਈਲ ਬਣ ਰਿਹਾ ਹੈ। ਜ਼ਿਆਦਾ ਮੋਬਾਈਲ ਦੀ ਵਰਤੋਂ ਕਾਰਨ ਲੋਕ ਅਸਲੀ ਜੀਵਨ ਵਿੱਚ ਮਿਲਣ-ਜੁਲਣ ਤੋਂ ਦੂਰ ਹੋਣ ਦੇ ਨਾਲ-ਨਾਲ ਅਪਣੇ ਨੇੜਲੇ ਰਿਸ਼ਤਿਆਂ ਤੋਂ ਵੀ ਨਿਖੇੜਾ ਕਰਦੇ ਪ੍ਰਤੀਤ ਹੋ ਰਹੇ ਹਨ। ਆਪਸੀ ਗੱਲਬਾਤ ਦਾ ਰੁਝਾਨ ਘਟ ਰਿਹਾ ਹੈ, ਜਿਸ ਦੇ ਚਲਦਿਆਂ ਲੋਕਾਂ ਨੂੰ ਬਹੁਤ ਸਾਰੀਆਂ ਮਾਨਸਿਕ ਚਿੰਤਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੁੱਲ ਮਿਲਾ ਕੇ ਅੱਜ ਮੋਬਾਈਲ ਇੱਕ ਚੰਗੇ ਅਵਿਸ਼ਕਾਰ ਦੀ ਥਾਂ ਲੋਕਾਂ ਲਈ ਇੱਕ ਮਾੜਾ ਸਰਾਪ ਵਧੇਰੇ ਬਣਦਾ ਜਾ ਰਿਹਾ ਹੈ। ਆਉਣ ਵਾਲੇ ਸਮੇਂ ਮੋਬਾਈਲ ਦੇ ਮਨੁੱਖੀ ਸਰੀਰ ਅਤੇ ਮਾਨਸਿਕਤਾ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ...ਯਕੀਨਨ ਇਹ ਸਾਡੇ ਸਭਨਾਂ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

**# ਸੰਪਰਕ :98552-59650**

# ਭਾਰਤ ਲਈ ਅੰਤਰਰਾਸ਼ਟਰੀ ਹਾਲਾਤ ਨਾਸਾਜ਼ਗਾਰ



ਹਰਜਿੰਦਰ ਸਿੰਘ ਗੁਲਪੁਰ

ਭਾਰਤ ਇਸ ਸਮੇਂ ਚਾਰ-ਚੁਫੇਰਿਓਂ ਘਿਰਿਆ ਹੋਇਆ ਹੈ । ਉੱਤਰ-ਪੂਰਬ ਵੱਲ ਚੀਨ ਹੈ ਅਤੇ ਉੱਤਰ ਪੱਛਮ ਵਲ ਪਾਕਿਸਤਾਨ। ਪਾਕਿਸਤਾਨ ਪਹਿਲਾਂ ਅਮਰੀਕਾ ਦੇ ਨੇੜੇ ਸੀ, ਹੁਣ ਚੀਨ ਅਤੇ ਅਮਰੀਕਾ ਦੋਹਾਂ ਦੇ ਨੇੜੇ ਹੈ । ਭਾਰਤ ਇਸ ਸਮੇਂ ਕਿਸੇ ਵੀ ਤਾਕਤਵਰ ਦੇਸ਼ ਦੇ ਨੇੜੇ ਨਹੀਂ ਹੈ । ਰੂਸ ਨਾਲ ਵੀ ਸਬੰਧ , ਸੋਵੀਅਤ ਯੂਨੀਅਨ ਸਮੇਂ ਵਾਲੇ ਨਹੀ ਰਹੇ । ਇੱਥੋਂ ਤੱਕ ਕਿ ਭਾਰਤ ਨਾਲ ਸ੍ਰੀਲੰਕਾ, ਨੇਪਾਲ, ਭੂਟਾਨ, ਮਾਰੀਸ਼ਸ਼, ਬੰਗਲਾਦੇਸ ਵਰਗੇ ਗੁਆਂਢੀ ਦੇਸ ਵੀ ਰੁੱਸੇ ਹੋਏ ਹਨ । ਕਿਸੇ ਸਮੇ ਇਹ ਭਾਰਤ ਦੇ ਮਿੱਤਰ ਦੇਸ ਹੁੰਦੇ ਸਨ । ਭਾਰਤ ਦੀ ਗੁੱਟ ਨਿਰਲੇਪ ਵਿਦੇਸ ਨੀਤੀ ਕਾਰਨ ਹਰ ਕੋਈ ਭਾਰਤ ਨੂੰ ਆਪਣੇ ਨਾਲ ਰੱਖਣਾ ਚਾਹੁੰਦਾ ਸੀ । ਭਾਜਪਾ ਦੇ ਸੱਤਾ ਵਿਚ ਆਉਣ ਨਾਲ ਇਹ ਛੋਟੇ-ਛੋਟੇ ਦੇਸ਼ ਵੀ ਭਾਰਤ ਤੋਂ ਦੂਰ ਚਲੇ ਗਏ ਹਨ । ਇਹ ਦੇਸ਼ ਹੁਣ ਚੀਨ ਦੇ ਪਰਭਾਵ ਹੇਠ ਹਨ । ਇਸ ਹਿਸਾਬ ਨਾਲ ਦੇਖਿਆ ਜਾਵੇ ਤਾਂ ਪਾਕਿਸਤਾਨ ਕੂਟਨੀਤੀ ਪੱਖੋਂ ਭਾਰਤ ਤੋਂ ਬੇਹਤਰ ਸਾਬਤ ਹੋਇਆ ਹੈ ।

ਪੀ ਐਮ ਨੂੰ ਲਗਦਾ ਸੀ ਕਿ ਉਹ ਪਰਚਾਰ ਦੇ ਆਸਰੇ ਪੂਰੇ ਵਿਸਵ ਨੂੰ ਆਪਣੇ ਨਾਲ ਜੋੜ ਲੈਣਗੇ । ਹਜ਼ਾਰਾਂ ਕਰੋੜ ਰੁਪਏ ਉਸ ਨੇ ਵਿਦੇਸ਼ੀ ਦੌਰਿਆਂ 'ਤੇ ਖਰਚ ਕਰ ਦਿੱਤੇ। ਵਿਦੇਸ਼ਾਂ ਵਿੱਚ ਜਾ ਕੇ ਉਹ ਭਾਰਤੀ ਡਾਇਸਪੋਰਾ ਨੂੰ ਸੰਬੋਧਨ ਕਰਦੇ ਸਨ ਅਤੇ ਮੋਦੀ-ਮੋਦੀ ਦੇ ਨਾਅਰੇ ਸੁਣ ਕੇ ਇਹ ਭਰਮ ਪਾਲ ਲੈਂਦੇ ਸਨ ਕਿ ਬਾਹਰਲੇ ਦੇਸ਼ ਵੀ ਉਸ ਦੇ ਕੋਰ ਵੋਟਰਾਂ ਵਾਂਗ ਉਸ ਤੋਂ ਪਰਭਾਵਿਤ ਹੋ ਜਾਣਗੇ । ਜਦੋਂ ਭਾਰਤ 'ਤੇ ਮੁਸੀਬਤ ਬਣੀ ਤਾਂ ਕੋਈ ਵੀ ਦੇਸ਼ ਭਾਰਤ ਦੇ ਹੱਕ ਵਿੱਚ ਖੜ੍ਹਾ ਨਹੀ ਹੋਇਆ । 'ਇੰਡੀਅਨ ਐਕਸਪ੍ਰੈੱਸ' ਦੇ ਸਾਬਕਾ ਪੱਤਰਕਾਰ ਹਰੀ ਦੇਸਾਈ ਦਾ ਕਹਿਣਾ ਹੈ ਕਿ-ਜਦੋਂ ਮੋਦੀ ਜੀ, ਗੁਜਰਾਤ ਦੇ ਮੁੱਖ ਮੰਤਰੀ ਹੁੰਦੇ ਸਨ ਤਾਂ ਅਕਸਰ ਉਸ ਨੂੰ ਫੋਨ ਕਰਕੇ ਕਹਿੰਦੇ ਸਨ ਕਿ ਮੇਰੇ ਨਾਂਅ ਨਾਲ ਚਾਣਕਿਆ ਆਫ ਗੁਜਰਾਤ ਜ਼ਰੂਰ ਲਿਖਣਾ। ਇਹ ਵੱਖਰੀ ਗੱਲ ਹੈ ਕਿ ਪ੍ਰਧਾਨ ਮੰਤਰੀ ਬਣਨ ਤੋ ਬਾਅਦ ਉਹ ਖੁਦ ਚੰਦਰ ਗੁਪਤ ਬਣ ਗਏ ਅਤੇ ਅਮਿਤ ਸ਼ਾਹ ਨੂੰ ਚਾਣਕਿਆ ਬਣਾ ਦਿੱਤਾ । ਉਹਨਾ ਦੇ ਕਹਿਣ ਅਨੁਸਾਰ ਮੋਦੀ ਨੇ ਲੋਕਾਂ ਦਾ ਪੈਸਾ ਖਰਚ ਕੇ ਮੀਡੀਆ ਰਾਹੀਂ ਆਪਣੇ ਦੁਆਲੇ ਜਿਹੜਾ ਤਲਿਸਮ ਸਿਰਜਿਆ ਹੋਇਆ ਹੈ, ਉਸ ਦਾ ਜ਼ਮੀਨੀ ਹਕੀਕਤਾਂ ਨਾਲ ਕੋਈ ਵਾਸਤਾ ਨਹੀ । ਆਖਰ ਇਹ ਤਲਿਸਮ ਟੁੱਟਣਾ ਹੀ ਸੀ, ਜਿਸ ਦੇ ਟੁੱਟਣ ਦਾ ਸਮਾ ਆ ਗਿਆ ਹੈ । ਅਪਰੇਸਨ ਸਿੰਧੂਰ ਦੌਰਾਨ ਮੋਦੀ ਟੀਮ ਦੀ ਕਾਰਗੁਜ਼ਾਰੀ ਨਾਲ ਮੋਦੀ ਦੇ ਅਕਸ ਨੂੰ ਜਿਹੜੀ ਠੇਸ ਲੱਗੀ ਹੈ, ਉਸ ਦੀ ਭਰਪਾਈ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਅਪਰੇਸਨ ਬਾਰੇ ਜਿਹੜੀ ਜਾਣਕਾਰੀ ਦੇਸ਼ ਦੀ ਸੰਸਦ ਅਤੇ ਦੇਸ਼ ਦੇ ਲੋਕਾਂ ਤੋਂ ਲੁਕਾਈ ਗਈ ਸੀ, ਹੁਣ ਉਹੀ ਜਾਣਕਾਰੀ ਵਿਦੇਸ਼ਾਂ ਨੂੰ ਦੇਣ ਲਈ ਸਰਬ ਪਾਰਟੀ ਵਫਦ ਭੇਜੇ ਜਾ ਰਹੇ ਹਨ । ਸਰਕਾਰ ਦੀ ਹਾਲਤ ਇਸ ਸਮੇਂ ਸੱਪ ਲੰਘੇ ਤੋਂ ਲਕੀਰ ਕੁੱਟਣ ਵਾਲੀ ਬਣੀ ਹੋਈ ਹੈ । 'ਅਪਰੇਸਨ ਸੰਧੂਰ' ਜਦੋਂ ਸ਼ੁਰੂ ਹੋਇਆ ਤਾਂ ਪੂਰਾ ਦੇਸ਼ ਸਰਕਾਰ ਦੇ ਪਿੱਛੇ ਲਾਮਬੰਦ ਹੋ ਗਿਆ ਸੀ । ਪਾਕਿਸਤਾਨ ਵਲੋਂ ਕੀਤੇ ਮੋੜਵੇਂ ਹਮਲੇ ਕਾਰਨ ਹਾਲਾਤ ਜੰਗ ਵਰਗੇ ਬਣ ਗਏ, ਪਰ ਇਹ ਜੰਗ ਨਹੀ ਸੀ । ਚੌਥੇ ਦਿਨ ਅਚਾਨਕ ਇਹ ਕਹਿ ਕੇ ਗੋਲੀਬੰਦੀ ਦਾ ਐਲਾਨ ਹੋ ਗਿਆ ਕਿ ਪਾਕਿਸਤਾਨ ਆਰਮੀ ਦੇ ਕਿਸੇ ਅਧਿਕਾਰੀ ਦਾ ਫੋਨ ਆਇਆ ਸੀ ।

ਇਸ ਅਚਾਨਕ ਹੋਈ ਗੋਲੀਬੰਦੀ ਨਾਲ ਪੂਰਾ ਦੇਸ਼ ਸਕਤੇ ਵਿੱਚ ਚਲੇ ਗਿਆ । ਦੋ ਫੌਜੀ ਅਫਸਰਾਂ ਦੀ ਆਪਸੀ ਗੱਲਬਾਤ ਨਾਲ ਗੋਲੀਬੰਦੀ ਹੋ ਗਈ, ਕਿਸੇ ਨੂੰ ਹਜ਼ਮ ਨਹੀ ਹੋਇਆ । ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਨੇ ਇਹ ਬਿਆਨ ਦੇ ਕੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ ਕਿ ਜੰਗਬੰਦੀ ਉਸ ਨੇ ਕਰਵਾਈ ਹੈ ਅਤੇ ਕਸ਼ਮੀਰ ਮਾਮਲਾ ਹੱਲ ਕਰਨ ਵਿੱਚ ਮੈਂ ਮਦਦ ਕਰਾਂਗਾ ।

ਇਸ ਬਿਆਨ ਦੀ ਬਦੌਲਤ ਪਾਕਿਸਤਾਨ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਸ ਨੇ ਕਸ਼ਮੀਰ ਮਸਲੇ ਦਾ ਵਿਸ਼ਵੀਕਰਨ ਕਰਕੇ ਆਪਣਾ ਉਦੇਸ਼ ਪੂਰਾ ਕਰ ਲਿਆ ਹੈ । ਇਸ ਸਮੇਂ ਵਿਦੇਸੀ ਮੀਡੀਆ ਵਿਚ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਕੁਝ ਦੇਸ਼ਾਂ ਨੇ ਆਪੋ ਆਪਣੇ ਹਥਿਆਰ ਟੈਸਟ ਕਰਨ ਲਈ ਇਸ ਫੌਜੀ ਝੜਪ ਨੂੰ ਵਰਤਿਆ ਹੈ । ਇਸ ਵਰਤਾਰੇ ਤੋਂ ਬਾਅਦ ਰਾਫੇਲ ਲੜਾਕੂ ਜਹਾਜ਼ਾਂ ਨੂੰ ਡੇਗੇ ਜਾਣ ਦੀ ਚਰਚਾ ਵੀ ਚੱਲ ਰਹੀ ਹੈ । ਡਿੱਗੇ ਹਨ ਜਾਂ ਨਹੀ ਡਿੱਗੇ, ਕਹਿਣਾ ਮੁਸ਼ਕਿਲ ਹੈ । ਇਸ ਚਰਚਾ ਦੇ ਦੋ ਆਧਾਰ ਮੰਨੇ ਜਾ ਰਹੇ ਹਨ । ਪਹਿਲਾ ਇਹ ਕਿ ਰਾਫੇਲ ਬਣਾਉਣ ਵਾਲੀ ਫਰਾਂਸੀਸੀ ਕੰਪਨੀ ਦੇ ਸ਼ੇਅਰਾਂ ਵਿੱਚ ਗਿਰਾਵਟ ਆਈ ਹੈ ਅਤੇ ਚੀਨੀ ਜਹਾਜ਼ ਬਣਾਉਣ ਵਾਲੀ ਕੰਪਨੀ ਦੇ ਸ਼ੇਅਰਾਂ ਵਿੱਚ ਉਛਾਲ ਆਇਆ ਹੈ । ਦੂਜਾ ਆਧਾਰ ਇਹ ਹੈ ਕਿ ਜਦੋਂ ਪੱਤਰਕਾਰਾਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਏਅਰ ਵਾਈਸ ਚੀਫ ਨੂੰ ਇਸ ਸਬੰਧੀ ਸਵਾਲ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ ਕਿ ਉਹਨਾਂ ਦੇ ਸਾਰੇ ਪਾਇਲਟ ਸੁਰੱਖਿਅਤ ਵਾਪਸ ਪਰਤ ਆਏ ਹਨ । ਉਸ ਨੇ ਰਾਫੇਲ ਦੇ ਡਿੱਗਣ ਜਾਂ ਨਾ ਡਿਗਣ ਵਾਰੇ ਸਪੱਸ਼ਟ ਨਹੀਂ ਕੀਤਾ । ਇਸ ਨਾਲ ਰਾਫੇਲ 'ਤੇ ਲਾਇਆ ਜਾ ਰਿਹਾ ਪ੍ਰਸ਼ਨ ਚਿੰਨ ਹੋਰ ਵੀ ਪੁਖਤਾ ਹੋ ਗਿਆ । ਇਹ ਵੀ ਸਾਫ ਹੋ ਗਿਆ ਹੈ ਕਿ ਚੀਨ ਸਿਧੇ ਅਤੇ ਅਸਿੱਧੇ ਢੰਗ ਨਾਲ ਪਾਕਿਸਤਾਨ ਦੀ ਪਿੱਠ 'ਤੇ ਖੜ੍ਹਾ ਹੈ । ਭਾਰਤ ਸਰਕਾਰ ਦੀ ਗਲਤ ਵਿਦੇਸ਼ ਨੀਤੀ ਕਾਰਨ ਤਾਕਤਾਂ ਦੇ ਅੰਤਰ-ਰਾਸ਼ਟਰੀ ਸਮੀਕਰਨ ਵਿਗੜ ਗਏ ਹਨ । ਟਰੰਪ ਆਪਣੇ ਐਫ 35 ਜਹਾਜ਼ ਵੇਚਣ ਲਈ 50 ਹਜ਼ਾਰ ਕਰੋੜ ਡਾਲਰ ਦੇ ਸੌਦੇ ਲਈ ਭਾਰਤ 'ਤੇ ਦਬਾਅ ਬਣਾ ਰਿਹਾ ਹੈ । ਭਾਰਤ ਜਾਵੇ ਤਾਂ ਕਿਧਰ ਜਾਵੇ ? ਭਾਰਤ ਨੂੰ ਕੂਟਨੀਤਕ ਸਮਝ ਤੋਂ ਕੰਮ ਲੈ ਕੇ ਚੀਨ ਵੱਲ ਦੋਸਤੀ ਦਾ ਹੱਥ ਵਧਾਉਣਾ ਚਾਹੀਦਾ ਹੈ । ਚੀਨ ਲਈ ਵੀ ਇਹ ਸਹੀ ਹੋਵੇਗਾ !

ਚੀਨ ਨੇ ਪਾਕਿਸਤਾਨ ਦੇ ਬਲੋਚਿਸਤਾਨ ਸਾਗਰ ਤੱਟ ਤੱਕ ਤਿੰਨ ਹਜ਼ਾਰ ਕਿਲੋਮੀਟਰ ਸੜਕ ਬਣਾਈ ਹੈ, ਜਿਸ ਨੂੰ ਸੀ ਪੈਕ (ਚਾਈਨਾ ਪਾਕਿਸਤਾਨ ਇਕਨਾਮਿਕ ਕੋਰੀਡੋਰ) ਦਾ ਨਾਂਅ ਦਿੱਤਾ ਗਿਆ ਹੈ। ਇਸ ਸੜਕ ਦੇ ਬਣਨ ਨਾਲ ਅਰਬ ਮੁਲਕਾਂ ਤੱਕ ਚੀਨ ਦੀ ਪਹੁੰਚ ਹਜ਼ਾਰਾਂ ਕਿਲੋਮੀਟਰ ਘਟ ਜਾਵੇਗੀ। ਹੈਰਾਨੀ ਦੀ ਗੱਲ ਹੈ ਕਿ ਇਹ ਸੜਕ ਪੀ ਓ ਕੇ ਦੇ ਵੱਡੇ ਹਿੱਸੇ ਵਿੱਚੋਂ ਲੰਘਦੀ ਹੈ, ਜਿਸ ਨੂੰ ਭਾਰਤ ਆਪਣਾ ਹਿੱਸਾ ਮੰਨਦਾ ਹੈ। ਭਾਰਤ-ਪਾਕਿਸਤਾਨ ਨੂੰ ਦੇਸ਼ ਹਿਤ ਵਿੱਚ ਚੀਨ ਦੀ ਵਿਚੋਲਗੀ ਨਾਲ ਕਸ਼ਮੀਰ ਦਾ ਮਸਲਾ ਹੱਲ ਕਰ ਕੇ ਪਾਕਿਸਤਾਨ ਅਤੇ ਅਰਬ ਦੇਸ਼ਾਂ ਨਾਲ ਵਪਾਰ ਦੇ ਯਤਨ ਕਰਨੇ ਚਾਹੀਦੇ ਹਨ । ਚੀਨ ਨਾਲ ਸਦੀਆਂ ਪਹਿਲਾਂ ਵੀ ਵਪਾਰ ਹੁੰਦਾ ਸੀ ਖਾਸ ਕਰਕੇ ਰੇਸ਼ਮ ਦਾ । ਇਸ ਲਈ ਉਸ ਵਪਾਰਕ ਰਾਹ 'ਨੂੰ ਸਿਲਕਰੂਟ' ਕਿਹਾ ਜਾਂਦਾ ਸੀ । ਉਸ ਰਾਹ ਦੀ ਮੁੜ ਬਹਾਲੀ ਨਾਲ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ ਦਬਾਅ ਤੋਂ ਨਿਜਾਤ ਹਾਸਲ ਕੀਤੀ ਜਾ ਸਕਦੀ ਹੈ।

ਇਸ ਕੋਰੀਡੋਰ ਨੂੰ ਵੀ ਵਰਤਿਆ ਜਾ ਸਕਦਾ ਹੈ, ਨਹੀਂ ਤਾਂ ਇਹ ਮੁਲਕ ਇਹਨਾਂ ਦੋਵਾਂ ਦੇਸ਼ਾਂ ਨੂੰ ਬਲੈਕਮੇਲ ਕਰਦੇ ਰਹਿਣਗੇ । ਭਾਰਤ ਦੀਆਂ ਸਰਹੱਦਾਂ 'ਤੇ ਤਣਾਅ ਘਟਾਉਣ ਦਾ ਇਹੀ ਇਕ ਬਦਲ ਹੈ। ਅਮਲੀ ਤੌਰ 'ਤੇ ਜਿਹੜੇ-ਜਿਹੜੇ ਹਿੱਸੇ ਉਤੇ ਦੋਵੇਂ ਦੇਸ ਕਾਬਜ਼ ਹਨ ਉਸ ਦੇਸ਼ ਨੂੰ ਛੱਡ ਦੇਣੇ ਚਾਹੀਦੇ ਹਨ। ਇਸੇ ਵਿੱਚ ਹੀ ਸਾਰਿਆਂ ਦੀ ਭਲਾਈ ਹੈ ।

**# ਸੰਪਰਕ : +61482069176**

# ਸੰਯੁਕਤ ਕਿਸਾਨ ਮੋਰਚੇ ਵੱਲੋਂ ਜਬਰ ਵਿਰੋਧੀ ਰੈਲੀ ਤੇ ਰੋਸ ਮੁਜ਼ਾਹਰਾ

## ਲੋਕਾਂ ਦੇ ਜਨਤਕ ਸੰਘਰਸ਼ ਕਰਨ ਦੇ ਬੁਨਿਆਦੀ ਹੱਕ ਬਹਾਲ ਕਰਨ ਦੀ ਮੰਗ



**ਸੰਗਰੂਰ (ਪ੍ਰਵੀਨ ਸਿੰਘ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਸਥਾਨਕ ਅਨਾਜ ਮੰਡੀ ਵਿਖੇ ਕਿਸਾਨਾਂ ਦਾ ਭਾਰੀ ਇਕੱਠ ਹੋਇਆ। ਇੱਥੇ ਰੋਸ ਰੈਲੀ ਕਰਨ ਤੋਂ ਬਾਅਦ ਡੀ ਸੀ ਦਫਤਰ ਤੱਕ ਵਿਸ਼ਾਲ ਰੋਸ ਮੁਜ਼ਾਹਰਾ ਕਰਕੇ ਮੁੱਖ ਮੰਤਰੀ ਦੇ ਨਾਂ ਡੀ ਸੀ ਸੰਗਰੂਰ ਨੂੰ ਮੰਗ ਪੱਤਰ ਦੇ ਕੇ 25 ਅਪ੍ਰੈਲ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਖਾਈ ਤੇ ਕਾਤਲਾਨਾ ਹਮਲਾ ਕਰਨ ਵਾਲੇ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਚਾਉਕੇ, ਜਿਉਂਦ ਤੇ ਅਖਾੜਾ ਪਿੰਡ ਵਿੱਚ ਪੁਲਸ ਤਸ਼ੱਦਦ ਕਰਨ ਵਾਲੇ ਦੋਸ਼ੀਆਂ 'ਤੇ ਕਾਰਵਾਈ ਕਰਨ ਤੇ ਲੋਕਾਂ ਦੇ ਜਨਤਕ ਸੰਘਰਸ਼ ਕਰਨ ਦੇ ਬੁਨਿਆਦੀ ਹੱਕ ਬਹਾਲ ਕਰਨ ਦੀ ਮੰਗ ਕੀਤੀ।

ਇਸ ਮੌਕੇ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਸਰਕਾਰ ਨੇ ਪੁਲਸ ਨੂੰ ਖੁੱਲ੍ਹੀਆਂ ਛੁੱਟੀਆਂ ਦੇ ਕੇ ਲੋਕਾਂ ਵੱਲੋਂ ਆਪਣੀਆਂ ਮੰਗਾਂ, ਮਸਲਿਆਂ ਤੇ ਸੰਘਰਸ਼ ਕਰਨ ਦਾ ਹੱਕ ਖੋਹ ਲਿਆ ਹੈ, ਹਰ ਥਾਂ ਤਸ਼ੱਦਦ ਤੇ ਅੰਨ੍ਹੇਵਾਹ ਗ੍ਰਿਫਤਾਰੀਆਂ ਦਾ ਦੌਰ ਚਲਾਇਆ ਜਾ ਰਿਹਾ ਹੈ ਅਤੇ ਕਿਸਾਨ ਆਗੂਆਂ ਖਿਲਾਫ ਗੁੰਡਾ ਅਨਸਰਾਂ ਤੋਂ ਹਮਲੇ ਕਰਵਾਏ ਜਾ ਰਹੇ ਹਨ। ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਖਾਈ ਤੇ 25 ਅਪ੍ਰੈਲ ਨੂੰ ਕੈਬਨਿਟ ਮੰਤਰੀ ਬਰਿੰਦਰ ਗੋਇਲ ਦੀ ਸ਼ਹਿ ਪ੍ਰਾਪਤ ਭੂ ਮਾਫੀਆ ਗਰੋਹ ਨੇ ਕਾਤਲਾਨਾ ਹਮਲਾ ਕੀਤਾ ਸੀ, ਪਰ ਅੱਜ ਤੱਕ ਪੁਲਸ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।

ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਲਗਾਤਾਰ ਸੰਘਰਸ਼ੀ ਕਿਸਾਨਾਂ ਮਜ਼ਦੂਰਾਂ 'ਤੇ ਜਬਰ ਦਾ ਕੁਹਾੜਾ ਤੇਜ਼ ਕਰ ਰਹੀ ਹੈ। ਪਿੰਡ ਜਿਉਂਦ ਤੇ ਚਾਉਕੇ ਵਿਖੇ ਸੰਘਰਸ਼ੀ ਕਿਸਾਨਾਂ 'ਤੇ ਪੁਲਸ ਵੱਲੋਂ ਜਬਰ ਕੀਤਾ ਗਿਆ। ਇਸੇ ਤਰ੍ਹਾਂ ਬਾਇਓਗੈਸ ਫੈਕਟਰੀ ਖਿਲਾਫ ਪਿੰਡ ਅਖਾੜਾ ਵਿਖੇ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਤਸ਼ੱਦਦ ਕੀਤਾ। ਇਸ ਤਰ੍ਹਾਂ ਦੇ ਮਾਹੌਲ ਨੂੰ ਪੰਜਾਬ ਦੇ ਲੋਕ ਕਦੇ ਬਰਦਾਸ਼ਤ ਨਹੀਂ ਕਰਨਗੇ। ਇੱਕ ਪਾਸੇ ਪੰਜਾਬ ਵਿੱਚ ਨਾਜਾਇਜ਼ ਮਾਈਨਿੰਗ ਸਰੇਆਮ ਚੱਲ ਰਹੀ ਹੈ, ਪੰਜਾਬ ਵਿੱਚ ਨਸ਼ੇ ਦਾ ਕਾਰੋਬਾਰ ਪੁਲਸ ਤੇ ਰਾਜਨੀਤਕ ਗੱਠਜੋੜ ਦੁਆਰਾ ਚੱਲ ਰਿਹਾ ਹੈ, ਬੇਰੁਜ਼ਗਾਰ ਸੜਕਾਂ 'ਤੇ ਰੁਲ ਰਹੇ ਹਨ ਅਤੇ ਦੂਜੇ ਪਾਸੇ ਸਰਕਾਰ ਪੰਜਾਬ ਦੇ ਕਾਰਪੋਰੇਟ ਘਰਾਣਿਆਂ ਨੂੰ ਮੱਦਦ ਦੇ ਰਹੀ ਹੈ ਅਤੇ ਉਨ੍ਹਾਂ ਦੀ ਸੇਵਾ ਲਈ ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ ਐਕਵਾਇਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਲੁਟਾਇਆ ਜਾ ਰਿਹਾ ਹੈ। ਸਰਕਾਰ ਦਿੱਲੀ ਮਾਮਲਿਆਂ ਨੂੰ ਹੱਲ ਕਰਨ ਦੀ ਬਜਾਏ ਕੇਂਦਰ ਸਰਕਾਰ ਨਾਲ ਮਿਲ ਕੇ ਸੰਘਰਸ਼ੀ ਲੋਕਾਂ 'ਤੇ ਤਸ਼ੱਦਦ ਦੇ ਰਾਹ ਪਈ ਹੈ। ਇਸ ਜਬਰ ਦਾ ਟਾਕਰਾ ਜਥੇਬੰਦਕ ਸੰਘਰਸ਼ਾਂ ਰਾਹੀਂ ਕੀਤਾ ਜਾਵੇਗਾ।

ਇਸ ਸਮੇਂ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਨਿਰਭੈ ਸਿੰਘ ਖਾਈ ਦਾ ਕੇਸ ਲਹਿਰਾਂ ਪੁਲਸ ਦੀ ਥਾਂ ਸੀਆਈਏ ਸਟਾਫ ਨੂੰ ਦਿੱਤਾ ਜਾਵੇ ਤੇ ਦੂਸਰੇ ਮਤੇ ਰਾਹੀਂ ਜੀਂਦ ਰਿਆਸਤ ਦੇ ਰਾਜੇ ਦੀ ਜ਼ਮੀਨ ਦੀ ਵੰਡ ਦੀ ਮੰਗ ਕਰ ਰਹੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੇਲ੍ਹਾਂ 'ਚ ਬੰਦ ਵੱਖਰੇ ਸਮੇਤ ਸਾਰੇ ਕਾਰਕੁਨਾਂ ਨੂੰ ਰਿਹਾਅ ਕੀਤਾ ਜਾਵੇ।

ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ, ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜਨਕ ਸਿੰਘ ਭੁਟਾਲ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਮੇਜਰ ਸਿੰਘ ਪੁੰਨਾਵਾਲ, ਬੀਕੇਯੂ ਡਕੌਂਦਾ ਧਨੇਰ ਦੇ ਸੂਬਾ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਹਰਭਜਨ ਬੁੱਟਰ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਪਿਆਲ, ਬੀਕੇਯੂ ਡਕੌਂਦਾ ਬੁਰਜਗਿੱਲ ਦੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਕੁੱਲ ਹਿੰਦ ਕਿਸਾਨ ਫੈਡਰੇਸਨ ਦੇ ਸੂਬਾ ਆਗੂ ਕਿਰਨਜੀਤ ਸਿੰਘ ਸੇਖੋਂ, ਬੀਕੇਯੂ ਸਾਦੀਪੁਰ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਸਾਦੀਪੁਰ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਉੱਦਮ ਸਿੰਘ ਸੰਤੋਖਪੁਰਾ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਸੂਬਾ ਆਗੂ ਕੁਲਵੰਤ ਸਿੰਘ ਮੌਲਵੀਵਾਲਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਹਰਦੀਪ ਸਿੰਘ ਟੋਡਰਪੁਰ, ਡੀਟੀਐੱਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, ਖੇਤੀਬਾੜੀ ਕਿਸਾਨ ਵਿਕਾਸ ਫਰੰਟ ਦੇ ਸੂਬਾਈ ਆਗੂ ਮਹਿੰਦਰ ਸਿੰਘ ਭੱਠਲ, ਭੁਪਿੰਦਰ ਸਿੰਘ ਲੌਂਗੋਵਾਲ, ਕਸ਼ਮੀਰ ਸਿੰਘ ਘਰਾਚੋਂ, ਕਰਮ ਸਿੰਘ ਬਲਿਆਲ, ਇੰਦਰਪਾਲ ਸਿੰਘ ਪੁੰਨਾਵਾਲ, ਨਰੰਜਨ ਸਿੰਘ ਸਫੀਪੁਰ, ਸਵਰਨ ਸਿੰਘ ਨਵਾਂਗਾਓ, ਧਨੰਮਲ ਗੋਇਲ, ਡੀਟੀਐੱਫ ਦੇ ਸੂਬਾ ਆਗੂ ਬਲਵੀਰ ਚੰਦ ਨੇ ਵੀ ਸੰਬੋਧਨ ਕੀਤਾ।

# ਬਲੈਕਮੇਲਿੰਗ 'ਚ ਐੱਸ ਪੀ ਆਈ ਓ ਤੇ ਉਸ ਦੀ ਮਹਿਲਾ ਸਾਥੀ ਗ੍ਰਿਫ਼ਤਾਰ

**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**

ਪਿੰਡ ਕਾਲਾਂਵਾਲੀ ਦੇ ਟਰਾਂਸਪੋਰਟ ਸੈਕਟਰ ਵਿੱਚ ਕੰਮ ਕਰਨ ਵਾਲੇ ਕਾਰੋਬਾਰੀ ਜਿੰਮੀ ਨੂੰ ਝੂਠੇ ਬਲਾਤਕਾਰ ਦੇ ਮਾਮਲੇ ਵਿੱਚ ਫਸਾਉਣ ਦਾ ਮਾਮਲਾ ਸਾਹਮਣੇ ਅਉਣ 'ਤੇ ਫਤਿਆਬਾਦ ਪੁਲਸ ਦੇ ਐੱਸ ਪੀ ਆਈ ਓ ਕਰਮਚਾਰੀ ਤੇ ਉਸ ਦੀ ਮਹਿਲਾ ਸਾਥੀ ਨੂੰ ਪੀੜਤ ਤੋਂ 1.5 ਲੱਖ ਰੁਪਏ ਲੈਂਦੇ ਹੋਏ ਪੁਲਸ ਨੇ ਗ੍ਰਿਫ਼ਤਾਰ ਕਰਕੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ। ਪੁਲਸ ਨੂੰ ਇਸ ਮਾਮਲੇ ਵਿੱਚ ਜਾਣਕਾਰੀ ਮਿਲੀ ਹੈ ਕਿ ਦੋਵਾਂ ਮੁਲਜ਼ਮਾਂ ਨੇ ਮਿਲ ਕੇ ਕਾਲਾਂਵਾਲੀ ਦੇ ਕਈ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਪੁਲਸ ਇਸ ਪਹਿਲੂ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ। ਕਾਲਾਂਵਾਲੀ ਪੁਲਸ ਦੇ ਇੰਚਾਰਜ ਸੁਨੀਲ ਕੁਮਾਰ ਨੇ ਦੱਸਿਆ ਕਿ ਕਾਲਾਂਵਾਲੀ ਵਿੱਚ ਟਰਾਂਸਪੋਰਟ ਦਾ ਕੰਮ ਕਰਨ ਵਾਲੇ ਜਿੰਮੀ ਨੇ ਸ਼ਿਕਾਇਤ ਕੀਤੀ ਸੀ ਕਿ ਉਹ ਨਜ਼ਦੀਕੀ ਪਿੰਡ ਦੀ ਮਹਿਲਾ ਦੇ ਸੰਪਰਕ ਵਿੱਚ ਆਇਆ ਤੇ ਦੋਵਾਂ ਵਿਚਕਾਰ ਗੱਲਬਾਤ ਹੋਈ। ਇਸ ਤੋਂ ਬਾਅਦ ਉਸ ਮਹਿਲਾ ਨੇ ਉਸ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ ਤੇ ਕਿਹਾ ਕਿ ਜੇ ਉਹ ਪੰਜ ਲੱਖ ਰੁਪਏ ਨਹੀਂ ਦਿੰਦਾ ਤਾਂ ਉਹ ਉਸ ਨੂੰ ਬਲਾਤਕਾਰ ਦੇ ਮਾਮਲੇ ਵਿੱਚ ਫਸਾਏਗੀ। ਪੰਜ ਲੱਖ ਨਾ ਦੇਣ ਦੌਰਾਨ ਕਾਰੋਬਾਰੀ ਨੂੰ ਫ਼ੋਨ ਕਰਕੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਫਤਿਹਾਬਾਦ ਪੁਲਸ ਵਿੱਚ ਐੱਸ ਪੀ ਆਈ ਓ ਹੋਣ ਕਰਕੇ ਉਹ ਪੁਲਸ ਤੋਂ ਡਰਨ ਲੱਗ ਪਿਆ। ਥਾਣਾ ਇੰਚਾਰਜ ਨੇ ਦੱਸਿਆ ਕਿ ਕਾਰੋਬਾਰੀ ਨੇ ਜਿਵੇਂ ਹੀ ਦੋਵਾਂ ਨੂੰ1.5 ਲੱਖ ਰੁਪਏ ਦਿੱਤੇ, ਪੁਲਸ ਟੀਮ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਮੁਲਜ਼ਮਾਂ ਨੂੰ ਰਿਮਾਂਡ 'ਤੇ ਲੈ ਕੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਪਤਾ ਲਾਇਆ ਜਾ ਸਕੇ ਕਿ ਇਸ ਪੂਰੀ ਖੇਡ ਵਿੱਚ ਇਨ੍ਹਾਂ ਲੋਕਾਂ ਨੇ ਹੁਣ ਤੱਕ ਕਿੰਨੇ ਲੋਕਾਂ ਨੂੰ ਇਸ ਤਰ੍ਹਾਂ ਫਸਾਇਆ ਹੈ।

# ਕਿਸਾਨਾਂ ਵੱਲੋਂ ਸ਼ਹਿਰ 'ਚ ਜਬਰ ਵਿਰੋਧੀ ਰੋਸ ਧਰਨਾ ਤੇ ਮੁਜ਼ਾਹਰਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਤਹਿਤ ਸ਼ਹਿਰ ਵਿੱਚ ਜਬਰ ਵਿਰੋਧੀ ਰੋਸ ਧਰਨਾ ਤੇ ਮੁਜ਼ਾਹਰਾ ਕੀਤਾ ਗਿਆ। ਰੋਸ ਪ੍ਰਦਰਸ਼ਨ 'ਚ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਭਗਵੰਤ ਮਾਨ ਦੀ ਸਰਕਾਰ ਨੂੰ ਲਲਕਾਰਦਿਆਂ ਕਿਹਾ ਕਿ ਜਬਰ ਦੇ ਹੱਥਕੰਡੇ ਬੰਦ ਕੀਤੇ ਜਾਣ, ਕਿਉਂਕਿ ਪਿਛਲੇ ਦਿਨੀਂ ਬਠਿੰਡਾ ਜ਼ਿਲ੍ਹੇ ਅੰਦਰ ਚੌਕੇ ਆਦਰਸ਼ ਸਕੂਲ ਦੇ ਮਾਮਲੇ 'ਤੇ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਬਰਦਸਤ ਜਬਰ ਕਰਕੇ 13 ਮਹੀਨਿਆਂ ਦੀ ਬੱਚੀ ਤੱਕ ਨੂੰ ਵੀ ਜੇਲ੍ਹ ਵਿੱਚ ਬੰਦ ਕੀਤਾ ਗਿਆ।ਇਸੇ ਤਰ੍ਹਾਂ ਜਿਉਂਦ ਪਿੰਡ ਵਿੱਚ ਧੱਕੇ ਨਾਲ ਜ਼ਮੀਨਾਂ ਖੋਹ ਕੇ ਜਗੀਰਦਾਰਾਂ ਨੂੰ ਸੰਭਾਉਣ ਲਈ ਨਿੱਤ ਦਿਹਾੜੇ ਜਬਰ ਕੀਤਾ ਜਾ ਰਿਹਾ ਹੈ।ਇਸ ਖਿਲਾਫ ਬਠਿੰਡਾ ਅੰਦਰ ਕਿਸਾਨ ਜਥੇਬੰਦੀਆਂ ਜੋ ਸੰਯੁਕਤ ਕਿਸਾਨ ਮੋਰਚਾ ਦਾ ਹਿੱਸਾ ਹਨ, ਨੇ ਰਲ ਕੇ ਰੋਸ ਧਰਨੇ ਤੋਂ ਬਾਅਦ ਹਨੂਮਾਨ ਚੌਕ ਤੱਕ ਰੋਸ ਮੁਜ਼ਾਹਰਾ ਕੀਤਾ।ਮੁੱਖ ਬੁਲਾਰਿਆਂ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਸੂਬਾ ਸੀਨੀਅਰ ਪ੍ਰਧਾਨ ਝੰਡਾ ਸਿੰਘ ਜੇਠੂ ਕੇ, ਕਿਰਤੀ ਕਿਸਾਨ ਯੂਨੀਅਨ ਦੇ ਜਰਨਲ ਸੈਕਟਰੀ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਸਵਰਨ ਪੂਹਲੀ, ਕੁੱਲ ਹਿੰਦ ਸਭਾ ਵੱਲੋਂ ਬਲਕਰਨ ਸਿੰਘ ਬਰਾੜ, ਜਸਬੀਰ ਸਿੰਘ ਆਕਲੀਆ, ਬੀਕੇਯੂ ਡਕੌਂਦਾ (ਧਨੇਰ) ਵੱਲੋਂ ਗੁਰਦੀਪ ਸਿੰਘ ਰਾਮਪੁਰਾ, ਸੂਬਾ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਕੋਟਲੀ, ਬੀਕੇਯੂ ਡਕੌਂਦਾ (ਬੁਰਜ ਗਿੱਲ) ਵੱਲੋਂ ਬਲਦੇਵ ਸਿੰਘ ਭਾਈਰੂਪਾ ਰਾਜਮਹਿੰਦਰ ਕੋਟਭਾਰਾ ਤੇ ਔਰਤਾਂ ਦੇ ਆਗੂ ਹਰਿੰਦਰ ਬਿੰਦੂ, ਰਾਜ ਕੌਰ ਫਾਜ਼ਿਲਕਾ, ਬੀ ਕੇ ਯੂ ਲੱਖੋਵਾਲ ਤੋਂ ਨਿਰਮਲ ਸਿੰਘ ਝੰਡੂਕੇ, ਜਮਹੂਰੀ ਕਿਸਾਨ ਸਭਾ ਅਮਰੀਕ ਸਿੰਘ ਫਫੜੇ ਭਾਈ ਕੇ, ਪੰਜਾਬ ਕਿਸਾਨ ਯੂਨੀਅਨ ਤੋਂ ਗੁਰਪ੍ਰੀਤ ਸਿੰਘ, ਡੀ ਟੀ ਐੱਫ਼ ਤੋਂ ਜਸਵਿੰਦਰ ਸਿੰਘ, ਡੀ ਟੀ ਐੱਫ਼ ਤੋਂ ਮਹਿੰਦਰ ਸਿੰਘ ਕੌੜਿਆਂਵਾਲੀ, ਅਦਰਸ਼ ਸਕੂਲ ਚੌਕੇ ਤੋਂ ਬਲਵਿੰਦਰ ਸਿੰਘ ਚੌਕੇ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ।

## ਕਾਤਰਾਂ

### ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ 30 ਨੂੰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਮੁੱਖ ਖੇਤੀਬਾੜੀ ਅਫਸਰ ਰਜਿੰਦਰ ਕੁਮਾਰ ਕੰਬੋਜ ਨੇ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ 30 ਮਈ 2025 ਨੂੰ ਸਵੇਰੇ 9:30 ਵਜੇ ਸਾਉਣੀ ਦੀਆਂ ਫਸਲਾਂ ਸਬੰਧੀ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇਣ ਲਈ ਜ਼ਿਲ੍ਹਾ ਪੱਧਰ ਦਾ ਕਿਸਾਨ ਸਿਖਲਾਈ ਕੈਂਪ ਡ੍ਰੀਮ ਵਿਲਾ ਪੈਲੇਸ ਸ੍ਰੀ ਮੁਕਤਸਰ ਸਾਹਿਬ ਰੋਡ, ਜਲਾਲਾਬਾਦ ਵਿਖੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਸਾਨਾਂ ਨੂੰ ਇਸ ਕੈਂਪ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਇਸ ਦਾ ਲਾਭ ਲੈਣ ਦੀ ਅਪੀਲ ਕੀਤੀ ਹੈ।

### ਟਰੱਕ ਦੀ ਲਪੇਟ 'ਚ ਆਉਣ ਨਾਲ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇਕ ਟਰੱਕ ਦੀ ਲਪੇਟ 'ਚ ਆਉਣ ਨਾਲ ਇਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਟਰੱਕ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮੰਨੂੰ ਪੁੱਤਰ ਗਾਂਧੀ ਮੋਹਤੇ ਵਾਸੀ ਬਾਰਡਰ ਰੋਡ, ਬਸਤੀ ਬੇਰੀਆ ਵਾਲੀ, ਅਜੀਤ ਨਗਰ ਫਿਰੋਜ਼ਪੁਰ ਨੇ ਦੱਸਿਆ ਕਿ 24 ਮਈ 2025 ਨੂੰ ਕਰੀਬ 8.15 ਵਜੇ ਰਾਤ ਉਸ ਦਾ ਪਿਤਾ ਤੇ ਉਸ ਦਾ ਲੜਕਾ ਹਨੀ ਬਾਜ਼ਾਰ ਪੈਦਲ ਦਹੀਂ ਲੈ ਕੇ ਵਾਪਸ ਘਰ ਆ ਰਹੇ ਸੀ ਤਾਂ ਉਹ ਵੀ ਆਪਣੇ ਕੰਮ ਤੋਂ ਵਾਪਸ ਆ ਰਿਹਾ ਸੀ। ਜਦੋਂ ਉਹ ਕਾਲਾ ਸਰਵਿਸ ਸਟੇਸ਼ਨ ਬਾਰਡਰ ਰੋਡ ਫਿਰੋਜ਼ਪੁਰ ਸ਼ਹਿਰ ਪਾਸ ਪੁੱਜਾ ਤਾਂ ਉਸ ਦੇ ਵੇਖਦੇ ਵੇਖਦੇ ਇੱਕ ਟਰੱਕ ਡਰਾਈਵਰ ਬੜੀ ਲਾਪ੍ਰਵਾਹੀ ਤੇ ਤੇਜ਼ ਰਫਤਾਰ ਨਾਲ ਆਇਆ, ਜਿਸ ਨੇ ਟਰੱਕ ਉਸ ਦੇ ਪਿਤਾ ਦੇ ਉਪਰ ਚੜ੍ਹਾ ਦਿੱਤਾ ਅਤੇ ਮੌਕੇ ਤੋਂ ਫਰਾਰ ਹੋ ਗਿਆ। ਮੰਨੂੰ ਨੇ ਦੱਸਿਆ ਕਿ ਉਸ ਦੇ ਪਿਤਾ ਦੀ ਇਲਾਜ ਦੌਰਾਨ 25 ਮਈ 25 ਨੂੰ ਸਵੇਰੇ 6.15 ਵਜੇ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਟਰੱਕ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੀੜਤਾ ਨੂੰ ਮੁਆਵਜ਼ਾ ਜਾਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਨਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ.ਨਗਰ (ਮੋਹਾਲੀ) ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੁਮੀਤ ਮਲਹੋਤਰਾ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਪੀੜਤਾ ਨੂੰ ਮੁਆਵਜ਼ਾ ਜਾਰੀ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟਰੇਟ ਸਹਿਤ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਨੇ ਦੱਸਿਆ ਕਿ ਇਹ ਕੇਸ ਅਧੀਨ ਜੁਰਮ ਧਾਰਾ 376 ਆਈ.ਪੀ.ਸੀ ਦਾ ਸੀ, ਜਿਸ ਵਿਚ ਮਾਨਯੋਗ ਅਦਾਲਤ ਨੇ ਪੀੜਤਾ ਨੂੰ ਅੰਤਰਿਮ ਮੁਆਵਜ਼ਾ ਦੇਣ ਦੇ ਹੁਕਮ ਫਰਮਾਏ। ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਇਸ ਕੇਸ ਵਿੱਚ ਪੀੜਤ ਨੂੰ ਮੁਆਵਜ਼ਾ ਦਿੱਤਾ ਗਿਆ। ਪੀੜਤਾ ਦੇ ਪਿਤਾ ਨੇ ਦੱਸਿਆ ਕਿ ਮੁਆਜ਼ਜੇ ਦੀ ਰਕਮ ਉਨ੍ਹਾਂ ਦੇ ਖਾਤੇ ਵਿਚ ਪ੍ਰਾਪਤ ਹੋ ਗਈ ਹੈ ਅਤੇ ਉਹ ਇਸ ਮੁਆਵਜ਼ੇ ਦੀ ਰਕਮ ਨੂੰ ਪੀੜਤ ਦੇ ਨਿਰਬਾਹ ਲਈ ਹੀ ਵਰਤਣਗੇ।

# ਆਪ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਮਰਨ ਕਿਨਾਰੇ : ਰਾਜਾ ਵੜਿੰਗ

## ਨਸ਼ਿਆਂ ਦੇ ਮੁੱਦੇ 'ਤੇ ਵਿਧਾਨ ਸਭਾ 'ਚ ਹੋਵੇ ਵਿਚਾਰ-ਚਰਚਾ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਭਗਵੰਤ ਮਾਨ ਸਰਕਾਰ ਨਸ਼ਿਆਂ ਦੇ ਮੁੱਦੇ 'ਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ।ਜਿਹੜੇ ਲੀਡਰ ਮਹੀਨੇ-ਦੋ ਮਹੀਨੇ 'ਚ ਨਸ਼ੇ ਖਤਮ ਕਰਨ ਦੇ ਐਲਾਨ ਕਰਦੇ ਹਨ, ਉਹ ਝੂਠ ਬੋਲਦੇ ਹਨ।ਇਸ ਤਰ੍ਹਾਂ ਗੱਲਾਂ-ਬਾਤਾਂ ਜਾਂ ਐਲਾਨਾਂ ਨਾਲ ਪੰਜਾਬ ਨਸ਼ਾ ਮੁਕਤ ਨਹੀਂ ਹੋ ਸਕਦਾ।ਸਾਡੀ ਸਰਕਾਰ ਨੇ ਵੀ ਕੋਸ਼ਿਸ਼ ਕੀਤੀ ਸੀ, ਪਰ ਨਸ਼ੇ ਖਤਮ ਨਹੀਂ ਹੋਏ।ਜੇਕਰ ਪੰਜਾਬ ਬਚਾਉਣਾ ਹੈ ਤਾਂ ਚਿੱਟਾ, ਸਮੈਕ ਤੇ ਮੈਡੀਕਲ ਵਰਗੇ ਮਾਰੂ ਨਸ਼ੇ ਯਕੀਨੀ ਤੌਰ 'ਤੇ ਖਤਮ ਕਰਨੇ ਪੈਣਗੇ।ਇਹ ਪ੍ਰਗਟਾਵਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮਾਲੇਰਕੋਟਲਾ 'ਚ ਸਾਬਕਾ ਮੰਤਰੀ ਮੈਡਮ ਰਜ਼ੀਆ ਸੁਲਤਾਨਾ ਤੇ ਉਨ੍ਹਾਂ ਦੀ ਬੇਟੀ ਨਿਸ਼ਾਤ ਅਖਤਰ ਦੀ ਅਗਵਾਈ ਹੇਠ ਹੋਈ ਵਿਸ਼ਾਲ ਸੰਵਿਧਾਨ ਬਚਾਓ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ।ਆਪਣੀ ਪੌਣੇ ਘੰਟੇ ਦੀ ਪ੍ਰਭਾਵਸ਼ਾਲੀ ਤਕਰੀਰ ਦੌਰਾਨ ਰਾਜਾ ਵੜਿੰਗ ਕਰੀਬ ਪੰਜ ਮਿੰਟ ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਫਤਾ ਸਮੇਤ ਮੈਡਮ ਰਜ਼ੀਆ ਸੁਲਤਾਨਾ ਤੇ ਉਨ੍ਹਾਂ ਦੀ ਬੇਟੀ ਨਿਸ਼ਾਤ ਅਖਤਰ ਦੀ ਪ੍ਰਸ਼ੰਸਾ ਦੇ ਸੋਹਲੇ ਗਾਉਂਦੇ ਰਹੇ।

ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਗੰਭੀਰ ਮੁੱਦੇ 'ਤੇ ਸਾਰਿਆਂ ਨੂੰ ਚਿੰਤਨ-ਮੰਥਨ ਹੋ ਕੇ ਵਿਧਾਨ ਸਭਾ 'ਚ ਘੱਟੋ-ਘੱਟ ਲਗਾਤਾਰ 100 ਘੰਟੇ ਇਹ ਵਿਚਾਰ ਚਰਚਾ ਕਰਨੀ ਚਾਹੀਦੀ ਹੈ ਕਿ ਨਸ਼ੇ ਕਿਸ ਤਰ੍ਹਾਂ ਖਤਮ ਹੋ ਸਕਦੇ ਹਨ।ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਮਰਨ ਕਿਨਾਰੇ ਵੱਲ ਵੱਧ ਰਹੇ ਪੰਜਾਬ ਸਿਰ ਅੱਜ ਸਵਾ ਚਾਰ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਹੈ, ਜੋ ਕਿ ਆਪ ਸਰਕਾਰ ਦੇ ਅਗਲੇ ਦੋ ਸਾਲਾਂ ਤੱਕ ਪੌਣੇ 6 ਲੱਖ ਕਰੋੜ ਰੁਪਏ ਦੇ ਕਰੀਬ ਪੁੱਜ ਜਾਣ ਦੀ ਸੰਭਾਵਨਾ ਹੈ।ਉਨ੍ਹਾਂ ਕਿਹਾ ਕਿ ਜਿਸ ਹਿਸਾਬ ਨਾਲ ਕਰਜ਼ਾ ਵੱਧ ਰਿਹਾ ਹੈ, ਆਉਣ ਵਾਲੇ ਸਮੇਂ 'ਚ ਸਰਕਾਰ ਦੀ ਸਾਰੀ ਆਮਦਨ ਕਰਜ਼ਾ ਮੋੜਨ 'ਚ ਹੀ ਚਲੀ ਜਾਵੇਗੀ ਤੇ ਪੰਜਾਬ ਕੰਗਾਲ ਹੋ ਜਾਵੇਗਾ।ਆਰ.ਆਰ.ਐੱਸ. ਦੀਆਂ ਨੀਤੀਆਂ ਤਹਿਤ ਚੱਲਦੀ ਭਾਜਪਾ ਨੂੰ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਤੇ ਸਿੱਖਾਂ ਦੀ ਦੁਸ਼ਮਣ ਦੱਸਦੇ ਹੋਏ ਰਾਜਾ ਵੜਿੰਗ ਨੇ ਕਿਹਾ ਕਿ ਮੁਸਲਮਾਨਾਂ ਤੇ ਸਿੱਖਾਂ ਨੇ ਕਦੇ ਵੀ ਆਰ.ਐੱਸ.ਐੱਸ. ਅੱਗੇ ਸਿਰ ਨਹੀਂ ਝੁਕਾਇਆ।ਇਸੇ ਲਈ ਇਨ੍ਹਾਂ ਦੋਵਾਂ ਕੌਮਾਂ ਨੂੰ ਇੱਕ-ਇੱਕ ਕਰਕੇ ਮੋਦੀ ਸਰਕਾਰ ਖਤਮ ਕਰਨਾ ਚਾਹੁੰਦੀ ਹੈ।

ਸਾਬਕਾ ਮੰਤਰੀ ਮੈਡਮ ਰਜ਼ੀਆ ਸੁਲਤਾਨਾਂ ਨੇ ਸੰਬੋਧਨ ਦੌਰਾਨ ਆਪਣੇ 25 ਸਾਲਾਂ ਦੇ ਸਿਆਸੀ ਕੈਰੀਅਰ ਦਾ ਜ਼ਿਕਰ ਕਰਦੇ ਹੋਏ ਜਿੱਥੇ ਹਲਕੇ ਦੀ ਤਰੱਕੀ ਲਈ ਆਪਣੀਆਂ ਕੀਤੀਆਂ ਮੁੱਖ ਪ੍ਰਾਪਤੀਆਂ ਗਿਣਾਈਆਂ, ਉਥੇ ਹੀ ਪਿਛਲੇ ਕਈ ਮਹੀਨਿਆਂ ਤੋਂ ਹਲਕੇ ਦੇ ਪਿੰਡਾਂ ਤੇ ਸ਼ਹਿਰ 'ਚ ਬਤੌਰ ਕਾਂਗਰਸੀ ਆਗੂ ਵਜੋਂ ਵਿਚਰਦੀ ਆ ਰਹੀ ਆਪਣੀ ਬੇਟੀ ਨਿਸ਼ਾਤ ਅਖਤਰ ਨੂੰ ਮਾਲੇਰਕੋਟਲਾ 'ਚ ਭਵਿੱਖ ਦੀ ਕਾਂਗਰਸੀ ਆਗੂ ਵਜੋਂ ਪੇਸ਼ ਕਰਦੇ ਹੋਏ ਅੱਜ ਰਜ਼ੀਆ ਸੁਲਤਾਨਾ ਨੇ ਲੋਕਾਂ ਦੀ ਹਾਜ਼ਰੀ 'ਚ ਨਿਸ਼ਾਤ ਅਖਤਰ ਨੂੰ ਆਪਣੀ ਸਿਆਸੀ ਵਿਰਾਸਤ ਸੌਂਪਦਿਆਂ ਕਿਹਾ ਕਿ ਨਿਸ਼ਾਤ ਮੇਰੇ ਨਾਲੋਂ ਵੀ ਵਧ-ਚੜ੍ਹ ਕੇ ਹਲਕੇ ਦੀ ਤਰੱਕੀ ਲਈ ਤੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰੇਗੀ।ਇਸ ਮੌਕੇ ਰੈਲੀ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੇ ਸੈਕਟਰੀ ਰਵਿੰਦਰ ਡਾਲਵੀ, ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਫਤਾ, ਸੂਬਾਈ ਕਾਂਗਰਸੀ ਆਗੂ ਮੈਡਮ ਨਿਸ਼ਾਤ ਅਖਤਰ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਮਹੰਤ ਜਸਪਾਲ ਦਾਸ ਹਥਨ ਤੇ ਅਨਵਰ ਮਹਿਬੂਬ ਨੇ ਸੰਬੋਧਨ ਕੀਤਾ।

# ਸਿੱਖਿਆ ਸਮਾਜ ਦੇ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ : ਵਿਧਾਇਕ ਰਹਿਮਾਨ

## ਇਸਲਾਮੀਆ ਕੰਬੋਜ ਸੀਨੀ. ਸੈਕੰ. ਸਕੂਲ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ




**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਥਾਨਕ ਇਸਲਾਮੀਆ ਕੰਬੋਜ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲ 2024-2025 ਦੇ ਬੋਰਡ ਦੀਆਂ ਕਲਾਸਾਂ 'ਚ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਇੱਕ ਸਮਾਰੋਹ ਕੀਤਾ ਗਿਆ।ਇਸ ਸਮਾਰੋਹ 'ਚ ਸਕੂਲ ਦੇ ਪੁਰਾਣੇ ਵਿਦਿਆਰਥੀ, ਜਿਨ੍ਹਾਂ ਨੇ ਮੁੱਢਲੀ ਸਿੱਖਿਆ ਇਸ ਸਕੂਲ 'ਚ ਪ੍ਰਾਪਤ ਕਰਨ ਤੋਂ ਬਾਅਦ ਸਮਾਜ ਦੇ ਵੱਖ-ਵੱਖ ਖੇਤਰਾਂ 'ਚ ਆਪਣੇ ਕੰਮ ਨਾਲ ਨਾਮ ਤੇ ਰੁਤਬਾ ਪ੍ਰਾਪਤ ਕੀਤਾ ਹੈ, ਨੂੰ ਖਾਸ ਤੌਰ 'ਤੇ ਬੁਲਾਇਆ ਗਿਆ।ਇਸ ਸਮਾਰੋਹ 'ਚ ਵਿਧਾਇਕ ਮਾਲੇਰਕੋਟਲਾ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਮੁਨਸ਼ੀ ਮੁਹੰਮਦ ਰਮਜ਼ਾਨ ਮੈਨੇਜਰ ਕੰਬੋਜ ਸਕੂਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਸਕੂਲ ਦੀਆਂ ਪ੍ਰਾਪਤੀਆਂ ਅਤੇ ਜ਼ਰੂਰਤਾਂ ਬਾਰੇ ਵਿਚਾਰ ਪੇਸ਼ ਕੀਤੇ।ਸਕੂਲ ਦੇ ਪੁਰਾਣੇ ਵਿਦਿਆਰਥੀ ਮੁਹੰਮਦ ਖਲੀਲ ਰਿਟਾਇਰਡ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਨੇ ਆਪਣੇ ਸੰਬੋਧਨ 'ਚ ਸਿੱਖਿਆ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਤੋਂ ਇਲਾਵਾ ਸਕੂਲ ਦੇ ਇੱਕ ਹੋਰ ਪੁਰਾਣੇ ਵਿਦਿਆਰਥੀ ਅਬਦੁਲ ਲਤੀਫ ਥਿੰਦ ਪੀ.ਸੀ.ਐੱਸ ਸੀ.ਈ.ਓ ਪੰਜਾਬ ਵਕਫ ਬੋਰਡ ਨੇ ਕਿਹਾ ਕਿ ਅੱਜ ਦਾ ਸਮਾਂ ਕੰਪਿਊਟਰ ਤੇ ਵਿਗਿਆਨ ਦਾ ਸਮਾਂ ਹੈ, ਇਸ ਲਈ ਸਾਨੂੰ ਬਿਨਾਂ ਗੱਲਾਂ 'ਤੇ ਧਿਆਨ ਦੇਣ ਦੇ ਪੜ੍ਹਨ ਪੜ੍ਹਾਉਣ ਦੀ ਪ੍ਰਕਿਰਿਆ ਕਰਨੀ ਚਾਹੀਦੀ ਹੈ।ਸਮਾਰੋਹ ਦੇ ਮੁੱਖ ਮਹਿਮਾਨ ਵਿਧਾਇਕ ਮਾਲੇਰਕੋਟਲਾ ਡਾ. ਮੁਹੰਮਦ ਜਮੀਲ ਉਰ ਰਹਿਮਾਨ ਨੇ ਆਪਣੇ ਸੰਬੋਧਨ 'ਚ ਸਕੂਲ ਦੇ ਇਤਿਹਾਸ ਬਾਰੇ ਰੌਸ਼ਨੀ ਪਾਉਂਦੇ ਹੋਏ ਸਿੱਖਿਆ ਦੇ ਖੇਤਰ 'ਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।

ਉਨ੍ਹਾਂ ਕਿਹਾ ਕਿ ਜੇਕਰ ਸਿੱਖਿਆ ਦੀ ਨੀਂਹ ਮਜ਼ਬੂਤ ਹੋਵੇਗੀ ਤਾਂ ਹੀ ਸਮਾਜ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹੇਗਾ।ਉਨ੍ਹਾਂ ਕਿਹਾ ਕਿ ਸਿੱਖਿਆ ਕਿਸੇ ਵੀ ਦੇਸ਼ ਤੇ ਸਮਾਜ ਦੇ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।ਉਨ੍ਹਾਂ ਕਿਹਾ ਕਿ ਰਾਜ ਦੇ ਬੱਚਿਆਂ ਲਈ ਚੰਗਾ ਵਿੱਦਿਅਕ ਮਾਹੌਲ ਤਿਆਰ ਕਰਨਾ ਮਾਨ ਸਰਕਾਰ ਦੀ ਪਹਿਲ ਹੈ।ਵਿਧਾਇਕ ਨੇ ਸਕੂਲ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ ਹਰ ਪ੍ਰਕਾਰ ਦੀ ਸਹਾਇਤਾ ਕਰਨ ਦਾ ਵਾਅਦਾ ਕੀਤਾ।ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਮੁਹੰਮਦ ਸਲੀਮ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਬੁਲਾਰਿਆਂ ਵੱਲੋਂ ਦਿੱਤੇ ਗਏ ਸੁਝਾਵਾਂ 'ਤੇ ਅਮਲ ਕਰਨ ਦਾ ਵਾਅਦਾ ਕੀਤਾ। ਸਕੂਲ ਦੇ ਪ੍ਰਿੰਸੀਪਲ ਮੁਹੰਮਦ ਅਸਰਾਰ ਨਿਜ਼ਾਮੀ ਨੇ ਸਟੇਜ ਦਾ ਸੰਚਾਲਨ ਬਾਖ਼ੂਬੀ ਕੀਤਾ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਚੌਧਰੀ ਉਮਰਦੀਨ, ਮੁਹੰਮਦ ਸ਼ਕੀਲ ਜਾਨ ਸੀਮਿੰਟ ਵਾਲੇ, ਅਬਦੁਲ ਹਲੀਮ ਐੱਮ ਡੀ ਮਿਲਕੋਵੈਲ, ਨੂਰ ਮੁਹੰਮਦ ਨੂਰ, ਮੁਹੰਮਦ ਇਲਿਆਸ ਅਬਦਾਲੀ, ਕੌਂਸਲਰ ਚੌਧਰੀ ਮੁਹੰਮਦ ਬਸ਼ੀਰ, ਮੁਹੰਮਦ ਇਸ਼ਤਿਆਕ ਮਹਿੰਦਰੂ ਰਿਟਾਇਰਡ ਚੀਫ ਮੈਨੇਜਰ ਪੀਐੱਨਬੀ ਸਾਰੇ ਹੀ ਪੁਰਾਣੇ ਵਿਦਿਆਰਥੀ ਤੇ ਮੁਹੰਮਦ ਜਾਫਰ ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ ਤੋਂ ਇਲਾਵਾ ਸਕੂਲ ਸਟਾਫ ਤੇ ਵਿਦਿਆਰਥੀ ਸ਼ਾਮਲ ਹੋਏ।

# 'ਖੁਆਰ ਹੋਏ ਸਭ ਮਿਲੈਂਗੇ' ਤਹਿਤ ਗੁਰਦੁਆਰਾ ਸੰਤ ਬਾਬਾ ਹਮੀਰ ਸਿੰਘ ਵਿਖੇ ਗੁਰਮਤਿ ਸਮਾਗਮ

## ਪੰਜਾਬ ਦੇ ਨੌਜਵਾਨ ਬਾਣੇ ਤੇ ਬਾਣੀ ਦੇ ਧਾਰਨੀ ਬਣਨ : ਜਥੇਦਾਰ ਗੜਗੱਜ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼ੁਰੂ ਕੀਤੀ ਗਈ ਧਰਮ ਪ੍ਰਚਾਰ ਲਹਿਰ ਖੁਆਰ ਹੋਏ ਸਭ ਮਿਲੈਂਗੇ ਦੀ ਲੜੀ ਅਧੀਨ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸੰਤ ਬਾਬਾ ਹਮੀਰ ਸਿੰਘ (ਜਨੇਰ ਟਕਸਾਲ) ਵਿਖੇ ਨਵਾਬ ਕਪੂਰ ਸਿੰਘ ਸੇਵਾ ਸੰਸਥਾ ਵੱਲੋਂ ਸੰਤ ਬਾਬਾ ਮਹਿੰਦਰ ਸਿੰਘ ਜੀ ਜਨੇਰ ਟਕਸਾਲ ਵਾਲਿਆਂ ਦੀ ਰਹਿਨੁਮਾਈ ਹੇਠ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਸ਼ਿਰਕਤ ਕੀਤੀ। ਇਸ ਸਮਾਗਮ ਦੌਰਾਨ ਬਾਬਾ ਪਵਨਦੀਪ ਸਿੰਘ ਕੰਡਿਆਲ ਵਾਲੇ, ਬਾਬਾ ਭੋਲਾ ਸਿੰਘ ਬੱਡੂਵਾਲ, ਬਾਬਾ ਹਰਵਿੰਦਰ ਸਿੰਘ ਮੰਗਲੀਵਾਲੇ, ਭਾਈ ਜਗਦੀਪ ਸਿੰਘ ਫਰੀਦਕੋਟ, ਐੱਸ.ਜੀ.ਪੀ.ਸੀ. ਮੈਂਬਰ ਗੁਰਚਰਨ ਸਿੰਘ ਗਰੇਵਾਲ, ਐੱਸ.ਜੀ.ਪੀ.ਸੀ. ਮੈਂਬਰ ਸੁਖਹਰਪ੍ਰੀਤ ਸਿੰਘ ਰੋਡੇ, ਐੱਸ.ਜੀ.ਪੀ.ਸੀ. ਮੈਂਬਰ ਤਰਸੇਮ ਸਿੰਘ ਰੱਤੀਆਂ ਮੌਜੂਦ ਸਨ। ਇਸ ਸਮਾਗਮ ਦੌਰਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਨਵਾਬ ਕਪੂਰ ਸਿੰਘ ਸੇਵਾ ਸੰਸਥਾ ਦੇ ਸਹਿਯੋਗ ਨਾਲ ਨੌਜਵਾਨਾਂ ਨੂੰ ਦਸਤਾਰਾਂ ਸਜਾਉਣ ਲਈ ਉਤਸ਼ਾਹਤ ਕਰਨ ਦੇ ਮੰਤਵ ਤਹਿਤ ਭੇਟਾ ਰਹਿਤ ਦਸਤਾਰਾਂ ਦੀ ਤਕਸੀਮ ਕੀਤੀਆਂ ਗਈਆਂ। ਇਸ ਸਮਾਗਮ ਦਾ ਆਰੰਭ ਜਨੇਰ ਟਕਸਾਲ ਦੇ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਨ ਭਾਈ ਗੁਲਾਬਜਿੰਦਰ ਸਿੰਘ ਤੇ ਲਖਬੀਰ ਸਿੰਘ ਮੋਗਾ ਵੱਲੋਂ ਸੰਗਤਾਂ ਨਾਲ ਕਥਾ ਵਿਚਾਰਾਂ ਦੀ ਸਾਂਝ ਪਾਈ ਗਈ, ਉਪਰੰਤ ਗਿਆਨੀ ਗੁਰਬਚਨ ਸਿੰਘ ਸ਼ੇਰਪੁਰੀ ਜਸਬੀਰ ਸਿੰਘ ਜੱਸਾ, ਬਖ਼ਸ਼ੀਸ਼ ਸਿੰਘ ਕੋਮਲ ਦੇ ਕਵੀਸ਼ਰੀ ਜੱਥੇ ਤੇ ਇੰਟਰਨੈਸ਼ਨਲ ਪੰਥਕ ਢਾਡੀ ਜਥਾ ਕੁਲਵਿੰਦਰ ਸਿੰਘ ਜਲਾਲਾਬਾਦੀ ਦੇ ਜੱਥੇ ਵੱਲੋਂ ਬੀਰ ਰਸ ਵਾਰਾਂ ਤੇ ਸਿੱਖ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਇਸ ਮੌਕੇ ਸੰਗਤਾਂ ਤੇ ਸਨਮੁੱਖ ਹੁੰਦਿਆਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਾਡੇ ਸਿੱਖ ਨੌਜਵਾਨਾਂ ਨੂੰ ਨਸ਼ਾ ਰਹਿਤ ਸਾਬਤ ਸੂਰਤ ਹੋ ਕੇ ਦਸਤਾਰ ਸਜਾਉਣ ਅਤੇ ਬਾਣੇ ਤੇ ਬਾਣੀ ਦੇ ਧਾਰਨੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੋਚੀ ਸਮਝੀ ਸਾਜ਼ਿਸ਼ ਤਹਿਤ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ਾ ਤੇ ਪਤਤਪੁਣਾ ਪਰੋਸਿਆ ਜਾ ਰਿਹਾ ਹੈ, ਪਰ ਸਾਡੀ ਕੁਰਾਹੇ ਪਈ ਨੌਜਵਾਨ ਪੀੜ੍ਹੀ ਨੂੰ ਮੁੜ ਸਿੱਖੀ ਵੱਲ ਪ੍ਰੇਰਤ ਕਰਨ 'ਚ ਸਭ ਤੋਂ ਵੱਡੀ ਭੂਮਿਕਾ ਮਾਤਾ-ਪਿਤਾ ਨਿਭਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੀਆਂ ਜ਼ਮੀਨਾਂ ਹਥਿਆਉਣ ਲਈ ਨਵੇਂ ਨਵੇਂ ਹੱਥਕੰਡੇ ਅਪਨਾਏ ਜਾ ਰਹੇ ਹਨ, ਕਿਸੇ ਸਮੇਂ ਬਾਬਾ ਬਾਬਾ ਬੰਦਾ ਸਿੰਘ ਬਹਾਦਰ ਨੇ ਕਿਸਾਨ ਮੁਜਾਰਿਆਂ ਤੋਂ ਜ਼ਮੀਨਾਂ ਦੇ ਮਾਲਕ ਬਣਾਇਆ ਸੀ। ਜਿਸ ਜ਼ਮੀਨ ਨੇ ਦੇਸ਼ ਦਾ ਅਤੇ ਸਾਡਾ ਢਿੱਡ ਭਰਿਆ, ਅੱਜ ਅਸੀਂ ਉਸੇ ਨੂੰ ਹੀ ਵੇਚ ਕੇ ਪੰਜਾਬ 'ਚੋਂ ਆਪਣਾ ਮਾਲਕਾਨਾ ਹੱਕ ਗੁਆ ਰਹੇ ਹਨ। ਜੋ ਅਤਿਅੰਤ ਦੁੱਖਦਾਈ ਹੈ। ਉਨ੍ਹਾਂ ਸਮੁੱਚੇ ਪੰਜਾਬ ਵਿੱਚ ਵਸਦੇ ਸਿੱਖ, ਹਿੰਦੂ ਤੇ ਮੁਸਲਿਮਾਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਭਾਈਚਾਰਾ ਬਹਾਲ ਰੱਖਦੇ ਹੋਏ ਪੰਜਾਬ ਦੀ ਤਰੱਕੀ ਲਈ ਯਤਨਸ਼ੀਲ ਹੋਣ। ਉਨ੍ਹਾਂ ਕਿਹਾ ਕਿ ਜੋ ਉਪਰਾਲਾ ਨਵਾਬ ਕਪੂਰ ਸਿੰਘ ਸੇਵਾ ਸੰਸਥਾ ਪ੍ਰਧਾਨ ਰਾਜਿੰਦਰ ਸਿੰਘ ਡੱਲਾ ਵਲੋਂ ਕੀਤਾ ਗਿਆ ਹੈ, ਉਹ ਸ਼ਲਾਘਾਯੋਗ ਕਦਮ ਹੈ। ਅਜਿਹੇ ਗੁਰਮਤਿ ਸਮਾਗਮ ਹੋਣੇ ਚਾਹੀਦੇ ਹਨ ਤਾਂ ਜੋ ਸਾਡੀ ਆਉਣ ਵਾਲੇ ਪੀੜ੍ਹੀ ਨੂੰ ਸਿੱਖੀ ਨਾਲ ਜੋੜਿਆ ਜਾ ਸਕੇ। ਸਮਾਗਮ ਦਾ ਸੰਚਾਲਨ ਗੁਰਮੀਤ ਸਿੰਘ ਦਾਤੇਵਾਲ ਵੱਲੋਂ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਸੰਤਾਂ ਮਹਾਂਪੁਰਖਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਪਿੰਡ ਜਨੇਰ ਦੀ ਪੰਚਾਇਤ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਿਰੋਪਾਓ ਦੇ ਕੇ ਸਮਾਗਮ ਕੀਤਾ ਗਿਆ। ਉਥੇ ਹੀ ਨਵਾਬ ਕਪੂਰ ਸਿੰਘ ਸੇਵਾ ਸੰਸਥਾ ਦੇ ਪ੍ਰਧਾਨ ਰਾਜਿੰਦਰ ਸਿੰਘ ਡੱਲਾ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਸਮੁੱਚੀ ਸੰਗਤ ਦਾ ਇਸ ਸਮਾਗਮ ਵਿੱਚ ਪੁੱਜਣ ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਖਾਲਸਾ, ਅਕਾਲੀ ਆਗੂ ਰਾਜਵੰਤ ਸਿੰਘ ਮਾਹਲਾ, ਬੂਟਾ ਸਿੰਘ ਦੌਲਤਪੁਰਾ, ਹਰਮੇਲ ਸਿੰਘ ਡਰੋਲੀ ਭਾਈ, ਚਰਨਜੀਤ ਸਿੰਘ ਝੰਡੇਆਣਾ, ਜਨੇਰ ਦੇ ਸਰਪੰਚ ਪਰਮਿੰਦਰ ਸਿੰਘ, ਗੁਰਜੰਟ ਸਿੰਘ ਰਾਮੂੰਵਾਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਪਤਵੰਤਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ।

# ਟੀ ਐੱਸ ਯੂ ਨੇ ਕੀਤੀ ਰੋਸ ਰੈਲੀ



**ਭੀਖੀ (ਗੁਰਿੰਦਰ ਸਿੰਘ ਔਲਖ)**

ਟੈਕਨੀਕਲ ਸਰਵਿਸਜ਼ ਯੂਨੀਅਨ ਤੇ ਪੈਨਸ਼ਨਰਜ਼ ਐਸੋਸੀਏਸ਼ਨ (ਅਜ਼ਾਦ) ਯੂਨੀਅਨ ਵੱਲੋਂ ਪਾਵਰ ਤੇ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਸੀ ਐਚ ਬੀ ਕਾਮੇ ਤੇ ਸੀ ਡਬਲਿਊ ਕਾਮੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨਵਾਉਣ ਲਈ ਕਾਫੀ ਦਿਨਾਂ ਤੋਂ ਖ਼ਜ਼ਾਨਾ ਮੰਤਰੀ ਦੇ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕਰ ਰਹੇ ਹਨ, ਦੇ ਹੱਕ 'ਚ ਸਬ ਡਵੀਜ਼ਨ ਵਿਖੇ ਰੋਸ ਰੈਲੀ ਕੀਤੀ ਗਈ।ਬੁਲਾਰਿਆਂ ਨੇ ਕਿਹਾ ਕਿ ਬਿਜਲੀ ਕਾਮੇ ਪਿਛਲੇ ਕਾਫੀ ਲੰਮੇ ਸਮੇਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ।ਠੇਕੇਦਾਰ ਕਾਮਿਆਂ ਦੀਆਂ ਤਨਖਾਹਾਂ ਚੋਂ ਵੱਡੇ ਮੁਨਾਫ਼ੇ ਕਮਾ ਰਹੇ ਹਨ।ਕਾਮਿਆਂ ਦੀ ਸੁਰੱਖਿਆ ਵੱਲ ਕੋਈ ਤਵੱਜੋਂ ਨਹੀਂ ਦਿੱਤੀ ਜਾ ਰਹੀ, ਜਿਸ ਕਾਰਨ ਕਈ ਕਾਮੇ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠੇ ਹਨ ਜਾਂ ਪੂਰੀ ਤਰ੍ਹਾਂ ਨਕਾਰਾਂ ਹੋ ਕੇ ਰਹਿ ਗਏ ਹਨ। ਇਨ੍ਹਾਂ ਬਿਜਲੀ ਕਾਮਿਆਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਬਿਜਲੀ ਵਿਭਾਗ ਦੀ ਸੇਵਾ 'ਚ ਲਾਇਆ ਹੈ।ਇਨ੍ਹਾਂ ਦੀ ਮੰਗ ਹੈ ਕਿ ਤਜਰਬੇ ਦੇ ਅਧਾਰ 'ਤੇ ਇਨ੍ਹਾਂ ਨੂੰ ਵਿਭਾਗ 'ਚ ਪੱਕਾ ਕੀਤਾ ਜਾਵੇ ਤੇ ਪੂਰੀਆਂ ਤਨਖਾਹਾਂ ਦਿੱਤੀਆਂ ਜਾਣ।ਬਿਜਲੀ ਬੋਰਡ ਦਾ ਨਿੱਜੀਕਰਨ ਬੰਦ ਕੀਤਾ ਜਾਵੇ।ਪਰ ਸਰਕਾਰ ਇਨ੍ਹਾਂ ਦੀਆਂ ਮੰਗਾਂ ਮੰਨਣ ਦੀ ਬਜਾਇ ਜਬਰ ਦੇ ਰਾਹ ਪੈ ਗਈ ਹੈ।ਕਾਮਿਆਂ ਦੇ ਸੰਘਰਸ਼ ਨੂੰ ਦਬਾਉਣ ਲਈ ਪਹਿਲਾਂ ਰੱਖੇ ਗਏ ਸੀ.ਐੱਚ.ਬੀ. ਕਾਮਿਆਂ ਤੋਂ ਅੱਗੇ ਹੋਰ ਅਣਟਰੇਂਡ ਕਾਮਿਆਂ ਦੀਆਂ ਗੈਂਗਾਂ ਬਣਾ ਕੇ ਭਰਾ ਮਾਰੂ ਲੋਕ ਦੋਖੀ ਖੇਡ ਖੇਡੀ ਜਾ ਰਹੀ ਹੈ।ਪਹਿਲਾਂ ਐਕਸੀਡੈਂਟ ਪ੍ਰਭਾਵਤ ਮੁਲਾਜ਼ਮਾਂ ਦਾ ਤੇ ਭਵਿੱਖ ਵਿੱਚ ਅਣਟਰੇਂਡ ਕਾਮਿਆਂ ਨਾਲ ਜੇਕਰ ਅਣਹੋਣੀ ਵਾਪਰਦੀ ਹੈ ਤਾਂ ਇਸ ਦਾ ਜ਼ਿੰਮੇਵਾਰ ਕੌਣ ਹੋਵੇਗਾ ?

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਨਾ ਲਾਓ ਮੱਥਾ : ਤਲਵੰਡੀ

## ਮੀਟਿੰਗ 'ਚ ਹੋਏ ਇਕੱਠ ਨੇ ਕਈਆਂ ਦੇ ਭੁਲੇਖੇ ਕੀਤੇ ਦੂਰ, ਸੰਗਤ ਦਾ ਧੰਨਵਾਦ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼ਹੀਦਾਂ ਦੀ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਹੋਈ ਪੰਜ ਮੈਂਬਰੀ ਭਰਤੀ ਕਮੇਟੀ ਦੀ ਮੀਟਿੰਗ ਨੂੰ ਮਿਲੇ ਹੁੰਗਾਰੇ ਨੇ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਤੇ ਪੰਥ ਦਰਦੀ ਪਰਿਵਾਰਵਾਦ ਅਤੇ ਵਿਅਕਤੀ ਵਿਸ਼ੇਸ਼ ਵਾਲੀ ਸਿਆਸਤ ਨੂੰ ਨਕਾਰ ਚੁੱਕੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਮਰਹੂਮ ਅਕਾਲੀ ਨੇਤਾ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਸ੍ਰ. ਰਣਧੀਰ ਸਿੰਘ ਚੀਮਾ ਦੇ ਪਰਵਾਰ ਦੇ ਫਰਜ਼ੰਦ ਗੁਰਜੀਤ ਸਿੰਘ ਤਲਵੰਡੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਮੁਹਿੰਮ ਨੂੰ ਪੂਰੇ ਪੰਜਾਬ ਭਰ ਵਿੱਚੋਂ ਵੱਡਾ ਹੁੰਗਾਰਾ ਮਿਲ ਰਿਹਾ ਹੈ।ਗੁਰਜੀਤ ਤਲਵੰਡੀ ਨੇ ਕਿਹਾ ਕਿ ਪਿਛਲੇ ਮਹੀਨੇ ਪੰਜ ਮੈਂਬਰੀ ਭਰਤੀ ਕਮੇਟੀ ਦੀ ਮੈਂਬਰਸ਼ਿਪ ਨੂੰ ਲੈ ਕੇ ਰੱਖੀ ਗਈ ਮੀਟਿੰਗ ਨੂੰ ਤਾਲਾ ਲਗਾ ਕੇ ਤੇ ਗੇਟ ਸਾਹਮਣੇ ਟਰੈਕਟਰ ਖੜਾ ਕਰ ਕੇ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾ ਲੋਕਾਂ ਨੂੰ ਇਹ ਨਹੀਂ ਪਤਾ ਕਿ ਪੰਥ ਦੇ ਹੜ੍ਹ ਸਾਹਮਣੇ ਤਾਲੇ ਕੁਝ ਨਹੀਂ ਕਰਦੇ।ਸ੍ਰ. ਤਲਵੰਡੀ ਨੇ ਕਿਹਾ ਕਿ ਕੱਲ੍ਹ ਦੀ ਮੀਟਿੰਗ ਨੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ।ਸੰਗਤ ਨੇ ਭੁਲੇਖਾ ਕੱਢ ਦਿੱਤਾ ਹੈ ਕਿ ਸੰਗਤ ਵਿਅਕਤੀ ਵਿਸ਼ੇਸ਼ ਵਾਲੀ ਸਿਆਸਤ ਨੂੰ ਤਿਆਗ ਚੁੱਕੀ ਹੈ।ਅਕਾਲੀ ਵਰਕਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹਮੇਸ਼ਾ ਸਮਰਪਤ ਸਨ ਤੇ ਰਹਿਣਗੇ।ਤਲਵੰਡੀ ਨੇ ਮੀਟਿੰਗ ਨੂੰ ਕਾਮਯਾਬ ਬਣਾਉਣ ਲਈ ਜਿੱਥੇ ਜ਼ਿਲ੍ਹਾ ਜਥੇ ਦਾ ਧੰਨਵਾਦ ਕੀਤਾ, ਉਥੇ ਹੀ ਇਸ ਮੀਟਿੰਗ ਵਿੱਚ ਪਹੁੰਚੇ ਵਰਕਰਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਹ ਇਸ ਮੀਟਿੰਗ ਵਿੱਚ ਹਾਜ਼ਰੀ ਭਰਦੇ ਨਜ਼ਰ ਆਏ।ਇਸ ਤੋਂ ਪਹਿਲਾਂ ਸ੍ਰ. ਗੁਰਜੀਤ ਤਲਵੰਡੀ ਨੇ ਪਿੰਡ ਪਿੰਡ ਜਾ ਕੇ ਜਿੱਥੇ ਵਰਕਰਾਂ ਨੂੰ ਲਾਮਬੰਦ ਕੀਤਾ, ਉਥੇ ਹੀ ਭਰਤੀ ਕਾਪੀਆਂ ਦੀ ਵੀ ਤਕਸੀਮ ਕੀਤੀ।ਇਸ ਸਮੇਂ ਐਡ. ਅਮਰਜੀਤ ਸਿੰਘ ਚੀਮਾ, ਮਾਸਟਰ ਚਰਨਜੀਤ ਸਿੰਘ ਖਾਲਸਪੁਰ, ਹਰਜੀਤ ਸਿੰਘ ਗੁੰਨੀਆ ਮਾਜਰੀ, ਅਮਰਜੀਤ ਸਿੰਘ ਸਾਬਕਾ ਮੈਨੇਜਰ, ਹਰਵਿੰਦਰ ਸਿੰਘ ਬੱਬਲ, ਹਰੀ ਸਿੰਘ ਚਮਕ ਪ੍ਰਧਾਨ, ਨਿਰਮਲ ਸਿੰਘ ਸ਼ਾਦੀਪੁਰ, ਜਗਦੀਸ਼ ਸਿੰਘ ਬੈਂਸ ਬਸੀ ਪਠਾਣਾਂ, ਸਾਧਾ ਸਿੰਘ ਗਿੱਲ ਸਿੱਧੂਪੁਰ, ਹਰਚੰਦ ਸਿੰਘ ਭੱਟੀਆਂ ਆਦਿ ਲੀਡਰਾਂ ਨੇ ਕਿਹਾ ਕਿ ਸੰਗਤਾਂ ਦੇ ਇਸ ਲਾ-ਮਿਸਾਲ ਇਕੱਠ ਨਾਲ ਇਹ ਸਾਬਿਤ ਹੋ ਗਿਆ ਹੈ ਕਿ ਪੰਜਾਬ ਦਾ ਸਮੂਹ ਭਾਈਚਾਰਾ ਪੰਜ ਮੈਂਬਰੀ ਭਰਤੀ ਕਮੇਟੀ ਦੇ ਨਾਲ਼ ਹੈ।

# ਪੀ ਜੀ ਆਈ ਨੇ ਇਤਿਹਾਸ ਦੇ ਸਭ ਤੋਂ ਲੰਮੇ ਮਰੀਜ਼ ਦਾ ਕੀਤਾ ਅਪ੍ਰੇਸ਼ਨ

## ਪਿਟਿਊਟਰੀ ਟਿਊਮਰ ਦੇ ਇਲਾਜ 'ਚ ਨਵਾਂ ਮੀਲ ਪੱਥਰ




**ਸਮਰਾਲਾ (ਸੁਰਜੀਤ ਸਿੰਘ)**-ਉੱਤਰ ਭਾਰਤ ਦੀ ਨਾਮੀ ਸਿਹਤ ਸੰਸਥਾ ਪੀਜੀਆਈ ਚੰਡੀਗੜ੍ਹ ਸਿਹਤ ਖੇਤਰ ਵਿੱਚ ਨਿੱਤ ਨਵੇਂ ਮੀਲ ਪੱਥਰ ਸਥਾਪਤ ਕਰਕੇ ਦੁਨੀਆ ਭਰ ਵਿੱਚ ਅਪਣਾ ਨਾਮਣਾ ਖੱਟ ਰਹੀ ਹੈ।ਹਾਲੀਆ ਇੱਕ ਹੈਰਾਨੀਜਨਕ ਕੇਸ ਵਿੱਚ ਜੰਮੂ ਕਸ਼ਮੀਰ ਦੇ ਇੱਕ 35 ਸਾਲਾ ਹੈੱਡ ਕਾਂਸਟੇਬਲ, ਜਿਸ ਦੀ ਕਿਸੇ ਸਰੀਰਕ ਵਿਗੜ ਕਰਨ ਲੰਬਾਈ ਵੱਧ ਕੇ 7 ਫੁੱਟ 7 ਇੰਚ ਤੱਕ ਪਹੁੰਚ ਗਈ ਸੀ, ਦਾ ਸਫਲਤਾ ਪੂਰਵਕ ਇਲਾਜ ਕਰਕੇ ਸਿਹਤ ਦੇ ਇਤਿਹਾਸ ਵਿੱਚ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੀਜੀਆਈ ਦੇ ਨੈਰੋਸਰਜਰੀ ਵਿਭਾਗ ਨੇ ਨੈਰੋਐਨੀਸਥੀਸੀਆ ਟੀਮ ਦੀ ਮਦਦ ਨਾਲ ਇਸ ਨੌਜਵਾਨ ਦਾ ਸਫਲਤਾਪੂਰਵਕ ਇਲਾਜ ਕੀਤਾ ਹੈ।ਪੀਜੀਆਈ ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਵਿੱਚ ਦੱਸਿਆ ਗਿਆ ਹੈ ਕਿ ਇਹ ਇਕ ਹਾਰਮੋਨ ਸੰਬੰਧੀ ਬਿਮਾਰੀ ਹੁੰਦੀ ਹੈ, ਜੋ ਫੰਕਸ਼ਨਲ ਪਿਟਿਊਟਰੀ ਐਡੇਨੋਮਾ ਕਾਰਨ ਹੁੰਦੀ ਹੈ ਅਤੇ ਜਿਸ ਦਾ ਇਲਾਜ ਐਂਡੋਸਕੋਪਿਕ ਟ੍ਰਾਂਜ਼ਨੇਜ਼ਲ ਢੰਗ ਨਾਲ ਕੀਤਾ ਜਾਂਦਾ ਹੈ, ਇੱਕ ਐਸੀ ਤਕਨੀਕ ਜਿਸ ਵਿੱਚ ਸਿਰ 'ਤੇ ਕੋਈ ਚੀਰਾ ਨਹੀਂ ਲਾਇਆ ਜਾਂਦਾ।ਨੈਰੋਸਰਜਰੀ ਟੀਮ ਨੇ, ਜਿਸ ਦੀ ਅਗਵਾਈ ਡਾ. ਰਾਜੇਸ਼ ਛਾਬੜਾ, ਡਾ. ਅਪਿੰਦਰਪ੍ਰੀਤ ਸਿੰਘ ਤੇ ਡਾ. ਸ਼ਿਲਪੀ ਬੋਸ ਨੇ ਕੀਤੀ, ਇਹ ਨਾਜ਼ੁਕ ਉਪਰੇਸ਼ਨ ਕੀਤਾ, ਜਿਸ ਵਿੱਚ ਨੈਰੋਐਨੀਸਥੀਸੀਆ ਟੀਮ ਡਾ. ਰਾਜੀਵ ਚੌਹਾਨ (ਸਹਾਇਤਾ ਕਰ ਰਹੇ ਡਾ. ਇਕਜੋਤ ਤੇ ਡਾ. ਦ੍ਰਿਸ਼ਟੀ ਪਾਰੇਖ) ਦੀ ਰਹਿਨੁਮਾਈ ਹੇਠ ਸਹਿਯੋਗੀ ਰਹੀ।ਓ ਟੀ ਟੀਮ, ਜਿਸ ਵਿੱਚ ਓ ਟੀ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ ਸ਼ਾਮਲ ਸਨ, ਨੇ ਵੀ ਇਨ੍ਹਾਂ ਉਪਰੇਸ਼ਨਾਂ ਦੀ ਸਫਲਤਾ ਵਿੱਚ ਅਹਿਮ ਭੂਮਿਕਾ ਨਿਭਾਈ।ਪ੍ਰੋ. ਵਿਵੇਕ ਲਾਲ ਡਾਇਰੈਕਟਰ ਪੀਜੀਆਈ ਨੇ ਟੀਮ ਦੀ ਸਫਲਤਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ 100 ਤੋਂ ਵੱਧ ਪਿਟਿਊਟਰੀ ਟਿਊਮਰ ਦੇ ਜਟਿਲ ਕੇਸਾਂ ਦਾ ਇਲਾਜ, ਜਿਸ ਵਿੱਚ 7 ਫੁੱਟ 7 ਇੰਚ ਲੰਮਾ ਮਰੀਜ਼ ਵੀ ਸ਼ਾਮਲ ਹੈ, ਪੀ ਜੀ ਆਈ ਦੀ ਕਲਿਨੀਕਲ ਨਿਪੁੰਨਤਾ ਦਾ ਬੇਮਿਸਾਲ ਸਬੂਤ ਹੈ।ਉਨ੍ਹਾਂ ਕਿਹਾ ਕਿ ਇਹ ਇੱਕ ਵਿਸ਼ੇਸ਼ ਕੇਸ ਸੀ, ਜਿਸ ਵਿੱਚ ਮਰੀਜ਼ ਨੂੰ ਜੋੜਾਂ ਦੇ ਦਰਦ, ਨਜ਼ਰ ਦੀ ਸਮੱਸਿਆ ਤੇ ਰੋਜ਼ਾਨਾ ਕੰਮਾਂ ਵਿੱਚ ਮੁਸ਼ਕਲਾਂ ਆ ਰਹੀਆਂ ਸਨ, ਦਾ ਉਪਰੇਸ਼ਨ ਨੱਕ ਰਾਹੀਂ ਸਕਾਰਲੈਸ ਢੰਗ ਨਾਲ ਕੀਤਾ ਗਿਆ।ਉਪਰੇਸ਼ਨ ਤੋਂ ਬਾਅਦ, ਮਰੀਜ਼ ਦੇ ਹਾਰਮੋਨ ਪੱਧਰ ਠੀਕ ਹੋਣ ਲੱਗ ਪਏ ਤੇ ਕੁਝ ਹਫ਼ਤਿਆਂ ਵਿੱਚ ਹੀ ਲੱਛਣਾਂ ਵਿੱਚ ਵੱਡਾ ਸੁਧਾਰ ਆਇਆ।ਇਸ ਵਿਲੱਖਣ ਕੇਸ ਬਾਰੇ ਜਾਣਕਾਰੀ ਦਿੰਦਿਆਂ ਡਾ. ਰਾਜੀਵ ਚੌਹਾਨ ਐਡੀਸ਼ਨਲ ਪ੍ਰੋਫੈਸਰ ਐਨੀਸਥੀਸੀਆ ਤੇ ਇੰਟੈਂਸਿਵ ਕੇਅਰ ਵਿਭਾਗ ਨੇ ਦੱਸਿਆ ਕਿ ਪੀਜੀਆਈ ਇਤਿਹਾਸ ਵਿੱਚ ਇਹ ਸਭ ਤੋਂ ਉੱਚਾ ਮਰੀਜ਼ ਸੀ, ਜਿਸ ਦਾ ਉਪਰੇਸ਼ਨ ਕੀਤਾ ਗਿਆ।ਉਸ ਦੀ ਅਸਧਾਰਨ ਲੰਬਾਈ ਤੇ ਭਾਰ ਨੇ ਐਨੀਸਥੀਸੀਆ ਲਈ ਕਈ ਚੁਣੌਤੀਆਂ ਪੈਦਾ ਕੀਤੀਆਂ, ਖ਼ਾਸ ਕਰਕੇ ਏਅਰਵੇ ਐਕਸੈਸ ਤੇ ਪੋਜ਼ੀਸ਼ਨਿੰਗ ਲਈ।ਸੁਰੱਖਿਆ ਤੇ ਸ਼ੁੱਧਤਾ ਯਕੀਨੀ ਬਣਾਉਣ ਲਈ, ਉਪਰੇਸ਼ਨ ਤੋਂ ਇੱਕ ਦਿਨ ਪਹਿਲਾਂ ਓ ਟੀ ਸੈੱਟਅਪ ਦੀ ਮੁੜ-ਸੰਰਚਨਾ ਲਈ ਰੀਹਰਸਲ ਕੀਤੀ ਗਈ।ਇਹ ਟੀਮ ਵਰਕ ਦਾ ਨਤੀਜਾ ਸੀ, ਜੋ ਪੀਜੀਆਈ ਦੀ ਤਿਆਰੀ ਤੇ ਦੁਰਲੱਭ ਮੈਡੀਕਲ ਸਥਿਤੀਆਂ ਨਾਲ ਨਜਿੱਠਣ ਦੀ ਸਮਰਥਾ ਨੂੰ ਦਰਸਾਉਂਦਾ ਹੈ।

ਡਾ. ਰਾਜੇਸ਼ ਛਾਬੜਾ ਪ੍ਰੋਫੈਸਰ ਨੈਰੋਸਰਜਰੀ ਵਿਭਾਗ ਨੇ ਮਰੀਜ਼ ਦੀ ਬਿਮਾਰੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਫੰਕਸ਼ਨਲ ਪਿਟਿਊਟਰੀ ਐਡੇਨੋਮਾ ਪਿਟਿਊਟਰੀ ਗ੍ਰੰਥੀ ਦੇ ਨਾਨ-ਕੈਂਸਰਸ ਟਿਊਮਰ ਹੁੰਦੇ ਹਨ, ਜੋ ਵਧੇਰੇ ਹਾਰਮੋਨ ਸਿਕਰੀਟ ਕਰਦੇ ਹਨ, ਜਿਸ ਨਾਲ ਸਰੀਰ ਦਾ ਹਾਰਮੋਨਲ ਸੰਤੁਲਨ ਵਿਗੜ ਜਾਂਦਾ ਹੈ।ਇਹ ਹਾਰਮੋਨਲ ਵੱਖ-ਵੱਖ ਲੱਛਣ ਪੈਦਾ ਕਰਦੇ ਹਨ, ਜਿਵੇਂ ਕਿ ਹੱਥਾਂ-ਪੈਰਾਂ ਦਾ ਅਸਧਾਰਨ ਵਾਧਾ (ਐਕ੍ਰੋਮੇਗੈਲੀ), ਭਾਰ ਵਧਣਾ ਤੇ ਚਿਹਰੇ ਦੀ ਸੁਜਨ (ਕੁਸ਼ਿੰਗ ਦੀ ਬਿਮਾਰੀ) ਜਾਂ ਗਰਭਵਤੀ ਨਾ ਹੋਣ ਦੇ ਬਾਵਜੂਦ ਔਰਤਾਂ ਵਿੱਚ ਛਾਤੀ ਤੋਂ ਪਾਣੀ ਆਉਣਾ ਤੇ ਮਾਹਵਾਰੀ ਦੀ ਅਨਿਯਮਿਤਤਾ (ਪ੍ਰੋਲੈਕਟਿਨੋਮਾ)। ਇਹ ਟਿਊਮਰ ਸ਼ੁਰੂਆਤ ਵਿੱਚ ਚੁੱਪਚਾਪ ਰਹਿੰਦੇ ਹਨ, ਪਰ ਸਮੇਂ ਸਿਰ ਇਲਾਜ ਨਾ ਹੋਣ ਨਾਲ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦੇ ਹਨ। ਡਾ. ਛਾਬੜਾ ਨੇ ਕਿਹਾ ਕਿ ਜੇ ਕਿਸੇ ਵਿਅਕਤੀ ਨੂੰ ਲੰਬਾਈ ਵਿੱਚ ਅਸਧਾਰਨ ਵਾਧਾ, ਮਾਹਵਾਰੀ ਦੀ ਗੜਬੜ ਜਾਂ ਬਿਨਾਂ ਕਾਰਨ ਭਾਰ ਵਧਣ ਦੀ ਸਮੱਸਿਆ ਹੋਵੇ, ਤਾਂ ਉਹ ਤੁਰੰਤ ਮੈਡੀਕਲ ਜਾਂਚ ਕਰਵਾਏ ਤਾਂ ਜੋ ਸਮੇਂ ਸਿਰ ਹਾਰਮੋਨਲ ਅਸੰਤੁਲਨ ਜਾਂ ਪਿਟਿਊਟਰੀ ਰੋਗਾਂ ਦੀ ਪਛਾਣ ਹੋ ਸਕੇ।

# ਪੁਲਸ 'ਚ ਨਵੇਂ ਭਰਤੀ 6 ਸਿਪਾਹੀ ਡੋਪ ਟੈਸਟ 'ਚ ਫੇਲ੍ਹ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਪੁਲਸ ਵਿੱਚ ਛੇ ਨਵੇਂ ਭਰਤੀ ਹੋਏ ਜਵਾਨਾਂ ਦਾ ਡੋਪ ਟੈਸਟ ਪੌਜ਼ਟਿਵ ਪਾਇਆ ਗਿਆ ਹੈ।ਜਹਾਨਖੇਲਾਂ ਵਿਖੇ ਸਿਖਲਾਈ ਤੋਂ ਪਹਿਲਾਂ ਸਾਰਿਆਂ ਦਾ ਡੋਪ ਟੈਸਟ ਕੀਤਾ ਗਿਆ ਸੀ।ਟੈਸਟ ਪੌਜ਼ਟਿਵ ਆਉਣ ਤੋਂ ਬਾਅਦ ਸਾਰਿਆਂ ਨੂੰ ਵਾਪਸ ਭੇਜ ਦਿੱਤਾ ਗਿਆ ਹੈ ਅਤੇ ਉਨ੍ਹਾਂ ਦਾ ਨਾਮ ਵੀ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਹੈ।ਇਸ ਸਬੰਧੀ ਸਬੰਧਤ ਜ਼ਿਲ੍ਹਿਆਂ ਦੇ ਐੱਸ ਐੱਸ ਪੀ ਤੇ ਕਮਿਸ਼ਨਰ ਨੂੰ ਪੱਤਰ ਲਿਖਿਆ ਗਿਆ ਹੈ।ਨਾਲ ਹੀ, ਹੁਣ ਉਨ੍ਹਾਂ ਨੂੰ ਸਮੇਂ ਸਿਰ ਨਸ਼ੇ ਦੀ ਲਤ ਤੋਂ ਛੁਟਕਾਰਾ ਪਾਉਣ ਵਿੱਚ ਮਦਦ ਕੀਤੀ ਜਾਵੇਗੀ।ਇਹ ਸਾਰੇ ਸੈਂਟਰ ਵਿੱਚ ਬੈਚ ਨੰਬਰ 270 'ਚ ਟਰੇਨਿੰਗ ਲੈ ਰਹੇ ਸਨ।ਇਸ ਕੇਂਦਰ 'ਤੇ ਪੋਸਟ ਕੀਤੀ ਗਈ ਸੀ ਡੀ ਆਈ ਦੁਆਰਾ ਪ੍ਰਾਪਤ ਰਿਪੋਰਟ ਦੇ ਅਨੁਸਾਰ ਉਨ੍ਹਾਂ ਦੇ ਸਰੀਰਕ ਵਿਵਹਾਰ ਤੋਂ ਸ਼ੱਕ ਹੋਇਆ ਕਿ ਉਹ ਕਿਸੇ ਕਿਸਮ ਦੇ ਨਸ਼ੇ ਦੇ ਆਦੀ ਸਨ। ਇਸ ਤੋਂ ਬਾਅਦ ਏ ਐੱਸ ਆਈ ਗੁਰਦੀਪ ਸਿੰਘ ਨੂੰ ਇਨ੍ਹਾਂ ਦਾ ਡੋਪ ਟੈਸਟ ਕਰਵਾਉਣ ਲਈ ਡਿਊਟੀ 'ਤੇ ਲਗਾਇਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪਟਿਆਲਾ ਵਾਸੀ ਅਰਸ਼ਦੀਪ ਸਿੰਘ, ਮਨੀਸ਼ ਦੇ ਨਾਲ ਨਾਲ ਤੇਜ ਕਰਮਜੀਤ ਸਿੰਘ ਤਰਨਤਾਰਨ, ਆਦੇਸ਼ ਪ੍ਰਤਾਪ ਸਿੰਘ ਤਰਨਤਾਰਨ ਤੇ ਅਮਰਜੀਤ ਸਿੰਘ ਲੁਧਿਆਣਾ ਨੂੰ ਮੈਡੀਕਲ ਟੈਸਟ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਭੇਜਿਆ ਗਿਆ।ਇੱਥੇ ਉਨ੍ਹਾਂ ਸਾਰਿਆਂ ਦਾ ਡੋਪ ਟੈਸਟ ਕੀਤਾ ਗਿਆ, ਜੋ ਪੌਜ਼ਟਿਵ ਆਇਆ।

# ਸਕੂਲੀ ਵੈਨਾਂ/ਬੱਸਾਂ ਦੀ ਚੈਕਿੰਗ ਬਣਾਈ ਜਾਵੇ ਯਕੀਨੀ : ਪੂਨਮ ਸਿੰਘ



ਬਠਿੰਡਾ (ਪਰਵਿੰਦਰ ਜੀਤ ਸਿੰਘ) ਜ਼ਿਲ੍ਹੇ ਦੀਆਂ ਸਾਰੀਆਂ ਸਕੂਲੀ ਵੈਨਾਂ/ਬੱਸਾਂ ਆਦਿ ਵਹੀਕਲਾਂ ਦੀ ਚੈਕਿੰਗ ਕਰਨੀ ਲਾਜ਼ਮੀ ਬਣਾਈ ਜਾਵੇ।ਇਹ ਆਦੇਸ਼ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਰੋਡ ਸੇਫਟੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿੱਤੇ।ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਪੂਨਮ ਸਿੰਘ ਨੇ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਰੋਡ ਸੇਫਟੀ ਦੇ ਮੱਦੇਨਜ਼ਰ ਚੁੱਕੇ ਜਾਣ ਵਾਲੇ ਵਧੀਆ ਕਦਮਾਂ, ਰੋਡ ਮੈਪ, ਸੁਝਾਅ ਤੇ ਪਲਾਨ ਤਿਆਰ ਕਰਕੇ ਰਿਪੋਰਟ ਜਲਦ ਪੇਸ਼ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਫੋਰਸ ਨੂੰ ਵੀ ਰੋਡ ਸੇਫਟੀ ਦੀ ਮੀਟਿੰਗ ਦਾ ਹਿੱਸਾ ਬਣਾਇਆ ਜਾਵੇ। ਵਧੀਕ ਡਿਪਟੀ ਕਮਿਸ਼ਨਰ ਨੇ ਐਨਐਚਆਈ, ਲੋਕ ਨਿਰਮਾਣ ਵਿਭਾਗ ਤੇ ਟ੍ਰੈਫਿਕ ਪੁਲਿਸ ਨੂੰ ਹਦਾਇਤ ਕਰਦਿਆਂ ਕਿਹਾ ਸਮੂਹਿਕ ਤੌਰ 'ਤੇ ਟੀਮ ਦੇ ਰੂਪ ਵਿੱਚ ਜ਼ਿਲ੍ਹੇ ਦੀ ਐਕਸੀਡੈਂਟ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਸਨਾਖਤ ਕਰਨੀ ਲਾਜ਼ਮੀ ਬਣਾਈ ਜਾਵੇ ਤਾਂ ਜੁ ਐਕਸੀਡੈਂਟਾਂ ਦੀ ਦਰ ਨੂੰ ਘਟਾਇਆ ਜਾ ਸਕੇ।ਉਨ੍ਹਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ 30 ਜੂਨ ਤੱਕ ਸਕੂਲਾਂ ਦੇ ਡਰਾਈਵਰਾਂ ਦਾ ਡੋਪ ਟੈਸਟ ਤੇ ਅੱਖਾਂ ਦੇ ਚੈੱਕਅਪ ਦੀ ਰਿਪੋਰਟ ਜਮ੍ਹਾਂ ਕਰਾਉਣੀ ਲਾਜ਼ਮੀ ਬਣਾਈ ਜਾਵੇ।ਉਨ੍ਹਾਂ ਐਨਐਚਆਈ ਦੇ ਅਧਿਕਾਰੀਆਂ ਨੂੰ ਕਿਹਾ ਉਨ੍ਹਾਂ ਦੀਆਂ ਜੋ ਵੀ ਰੋਡ ਸੇਫਟੀ ਦੇ ਮੱਦੇਨਜ਼ਰ ਪ੍ਰਪੋਜ਼ਲਾਂ ਹਨ, ਨੂੰ ਜਲਦ ਪ੍ਰਵਾਨ ਕਰਵਾ ਕੇ ਕੰਮ ਸ਼ੁਰੂ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਪੀਆਰਟੀਸੀ ਤੇ ਪੁਲਸ ਵਿਭਾਗ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਰੋਡ ਸੇਫ਼ਟੀ ਸਬੰਧੀ ਸਾਂਝੇ ਤੌਰ ਤੇ ਜਾਗਰੂਕਤਾ ਕੈਂਪ ਲਾ ਕੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਣੂੰ ਕਰਾਉਣ।ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤ ਕੀਤੀ ਕਿ ਸਕੂਲੀ ਵੈਨਾਂ ਦੇ ਡਰਾਈਵਰਾਂ/ਕੰਡਕਟਰਾਂ ਤੇ ਸਕੂਲੀ ਬੱਚਿਆਂ ਨੂੰ ਵੱਧ ਤੋਂ ਵੱਧ ਰੋਡ ਸੇਫ਼ਟੀ ਬਾਰੇ ਜਾਕਰੂਕ ਕੀਤਾ ਜਾਵੇ ਤੇ ਘੱਟ ਉਮਰ ਵਾਲੇ ਵਿਦਿਆਰਥੀਆਂ ਨੂੰ ਵਾਹਨ ਚਲਾਉਣ ਤੋਂ ਸਖਤੀ ਨਾਲ ਰੋਕਿਆ ਜਾਵੇ।ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੀਆਂ ਸੜਕਾਂ ਤੇ ਪਏ ਟੋਇਆਂ ਆਦਿ ਦੀ ਤੁਰੰਤ ਮੁਰੰਮਤ ਕਰਾਈ ਜਾਵੇ।ਬਾਲ ਸੁਰੱਖਿਆ ਵਿਭਾਗ ਨੂੰ ਕਿਹਾ ਕਿ ਸਕੂਲ ਵਾਹਨ ਸਕੀਮ ਤਹਿਤ ਕੈਂਪ ਲਾ ਕੇ ਵੱਧ ਤੋਂ ਵੱਧ ਬੱਚਿਆਂ ਨੂੰ ਜਾਗਰੂਕ ਕੀਤਾ ਜਾਵੇ।

# ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਵੱਲੋਂ ਸਰਪੰਚਾਂ, ਮੋਹਤਬਰਾਂ ਤੇ ਭਾਜਪਾ ਵਰਕਰਾਂ ਨਾਲ ਮੀਟਿੰਗ




ਭਲਾਣ (ਹਰਭਜਨ ਢਿੱਲੋਂ)-ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਸ. ਅਜੈਵੀਰ ਸਿੰਘ ਲਾਲਪੁਰਾ ਨੇ ਭਨੂਪਲੀ ਸਰਕਲ ਦੇ ਪਿੰਡ ਮਾਣਕਪੁਰ ਵਿਖੇ ਪਾਰਟੀ ਦੇ ਜੁਝਾਰੂ ਆਗੂ ਮਹਿੰਦਰਪਾਲ ਦੇ ਗ੍ਰਹਿ ਵਿਖੇ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਆਏ ਸਰਪੰਚਾਂ, ਮੋਹਤਬਰਾਂ ਅਤੇ ਭਾਜਪਾ ਆਗੂਆਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾ ਮੋਦੀ ਸਰਕਾਰ ਦੀਆਂ ਜਨ-ਕਲਿਆਣਕਾਰੀ ਯੋਜਨਾਵਾਂ ਬਾਰੇ ਜਾਣੂ ਕਰਵਾਉਂਦੇ ਹੋਏ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾ ਦੱਸਿਆ ਕਿ ਕੇਜਰੀਵਾਲ ਦੀ ਸਰਕਾਰ ਪੰਜਾਬ ਵਿੱਚ ਪੂਰੀ ਤਰ੍ਹਾਂ ਨਾਕਾਮ ਹੋ ਚੁੱਕੀ ਹੈ। 'ਯੁੱਧ ਨਸ਼ਿਆਂ ਵਿਰੁੱਧ', 'ਸਿੱਖਿਆ ਕ੍ਰਾਂਤੀ' ਵਰਗੀਆਂ ਮੁਹਿੰਮਾਂ ਸਿਰਫ਼ ਕਾਗਜ਼ੀ ਹੀ ਰਹਿ ਗਈਆਂ ਹਨ। ਸਕੂਲਾਂ 'ਚ ਅਧਿਆਪਕਾਂ ਦੀ ਭਾਰੀ ਘਾਟ ਹੈ, ਬੇਰੁਜ਼ਗਾਰੀ ਚਰਮ 'ਤੇ ਹੈ ਅਤੇ ਕਿਸੇ ਪ੍ਰਕਾਰ ਦਾ ਉਦਯੋਗਿਕ ਨਿਵੇਸ਼ ਨਜ਼ਰ ਨਹੀਂ ਆ ਰਿਹਾ।ਸ. ਅਜੈਵੀਰ ਸਿੰਘ ਨੇ ਦੱਸਿਆ ਕਿ ਮੋਦੀ ਸਰਕਾਰ ਨੇ ਆਮ ਲੋਕਾਂ ਲਈ ਕਈ ਯੋਜਨਾਵਾਂ ਜਿਵੇਂ ਉਜਜਵਲਾ ਯੋਜਨਾ, ਆਯੂਸ਼ਮਾਨ ਭਾਰਤ, ਜਲ ਜੀਵਨ ਮਿਸ਼ਨ, ਸਵੱਛ ਭਾਰਤ, ਦੀਨ ਦਯਾਲ ਉਪਾਧਿਆਏ ਗ੍ਰਾਮ ਜੋਤੀ ਯੋਜਨਾ ਆਦਿ ਨੂੰ ਲਾਗੂ ਕਰਕੇ ਲੋਕਾਂ ਦੀ ਜ਼ਿੰਦਗੀ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅਫਸੋਸ ਹੈ ਕਿ ਪੰਜਾਬ ਸਰਕਾਰ ਕੇਂਦਰ ਦੀਆਂ ਸਕੀਮਾਂ ਨੂੰ ਢੰਗ ਨਾਲ ਲਾਗੂ ਨਹੀਂ ਕਰ ਰਹੀ। ਉਨ੍ਹਾ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਭਾਜਪਾ ਦੀ ਲੋਕ-ਹਿਤੈਸ਼ੀ ਨੀਤੀਆਂ ਨੂੰ ਸਮਝਣ ਅਤੇ ਪਾਰਟੀ ਨਾਲ ਜੁੜਨ ਦੀ ਲੋੜ ਹੈ, ਤਾਂ ਜੋ ਪੰਜਾਬ ਵਿੱਚ ਵੀ ਵਿਕਾਸ ਦੀ ਗਤੀ ਤੇਜ਼ ਹੋਵੇ।ਇਸ ਮੀਟਿੰਗ ਵਿੱਚ ਕਈ ਆਗੂ ਹਾਜ਼ਰ ਰਹੇ, ਜਿਨ੍ਹਾਂ ਵਿੱਚ ਕੰਵਰ ਪੋਸਵਾਲ, ਡਾ ਜੀਵਨ ਕੁਮਾਰ, ਕ੍ਰਿਸ਼ਨ ਕੁਮਾਰ ਅੱਤਰੀ, ਸਰਪੰਚ ਸੁਨੀਲ ਸ਼ੁਕਲਾ, ਮਾਣਕਪੁਰ ਦੇ ਸਰਪੰਚ ਗੋਪਾਲ ਸ਼ਰਮਾ, ਸਰਪੰਚ ਸੇਥੀ ਰਾਮ (ਡੁਕਲੀ), ਸਰਪੰਚ ਪਰਹਲਾਦ ਰਾਣਾ (ਮੇਗਪੁਰ), ਸਰਪੰਚ ਗਿਆਨ ਚੰਦ (ਪੱਟੀ), ਸੀਨੀਅਰ ਭਾਜਪਾ ਆਗੂ ਬੰਟੀ ਧੀਮਾਨ, ਮਹੇਸ਼ ਕੁਮਾਰ, ਸੀਨੀਅਰ ਆਗੂ ਸ਼੍ਰੀ ਜੈਦੇਵ, ਗੁਰਮੇਲ ਸਿੰਘ ਅਤੇ ਹੋਰ ਸਥਾਨਕ ਆਗੂ ਸ਼ਾਮਿਲ ਸਨ। ਸਭ ਨੇ ਭਾਜਪਾ ਪ੍ਰਧਾਨ ਅਜੈਵੀਰ ਸਿੰਘ ਲਲਪੁਰਾ ਦੀ ਗੱਲਾਂ ਨਾਲ ਸਹਿਮਤ ਹੋ ਕੇ ਪਾਰਟੀ ਦੀ ਪਹੁੰਚ ਘਰ-ਘਰ ਤੱਕ ਲਿਜਾਣ ਅਤੇ ਆਉਣ ਵਾਲੇ ਚੋਣਾਂ ਲਈ ਮਜ਼ਬੂਤ ਜਮਿਨੀ ਤਿਆਰੀ ਕਰਨ ਦਾ ਐਲਾਨ ਕੀਤਾ।

# ਅੱਜ ਬਿਜਲੀ ਸਪਲਾਈ ਬੰਦ ਰਹੇਗੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਉੱਪ ਮੰਡਲ ਪੀਐੱਸਪੀਸੀਐੱਲ ਭਿੱਖੀਵਿੰਡ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਅੱਜ ਮਿਤੀ 27 ਮਈ ਦਿਨ ਮੰਗਲਵਾਰ ਨੂੰ 132 ਕੇਵੀ ਸਬ-ਸਟੇਸ਼ਨ ਭਿੱਖੀਵਿੰਡ ਤੋਂ ਚੱਲਦੇ 11 ਕੇਵੀ ਮੱਖੀ, ਨਾਰਲਾ, ਸਾਂਧਰਾ, ਦਿਆਲਪੁਰਾ, ਅੱਡਾ ਭਿੱਖੀਵਿੰਡ ਨਿਊ ਅਰਬਨ ਫੀਡਰ ਦੀ ਬਿਜਲੀ ਸਪਲਾਈ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਬੰਦ ਰਹੇਗੀ।

# ਅੱਜ ਮਨਾਈ ਜਾਵੇਗੀ ਪ੍ਰਾਚੀਨ ਸ਼ਿਵ ਮੰਦਰ 'ਚ ਸ਼ਨੀ ਜਯੰਤੀ

ਲੋਹੀਆਂ ਖਾਸ, (ਯੋਗੇਸ਼ਵਰ, ਗੀਨਾ ਸ਼ਰਮਾ) : ਬ੍ਰਹਮਲੀਨ ਮਹੰਤ ਸ਼੍ਰੀ ਸ਼ਾਂਤੀ ਗਿਰੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਸ਼੍ਰੀ ਰਵਿੰਦਰਾ ਗਿਰੀ ਮਹਾਰਾਜ ਤੇ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ



ਸ਼ਿਪਰਾ ਗਿਰੀ ਜੀ ਮਹਾਰਾਜ ਜੀ ਦੀ ਅਗਵਾਈ ਹੇਠ 27 ਮਈ ਨੂੰ ਸ਼੍ਰੀ ਸ਼ਨੀ ਜਯੰਤੀ ਬੜੀ ਧੂਮ-ਧਾਮ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਸਵੇਰੇ 8 ਵਜੇ ਝੰਡੇ ਦੀ ਰਸਮ ਕੀਤੀ ਜਾਵੇਗੀ ਤੇ ਸ਼੍ਰੀ ਸੁੰਦਰਕਾਂਡ ਦਾ ਪਾਠ ਸਵੇਰੇ 8:30 ਹੋਵੇਗਾ ਤੇ ਹਵਨ ਸਵੇਰੇ 10 ਵਜੇ ਹੋਵੇਗਾ।

## COURT NOTICE

(U/o 5 Rule 20 CPC)
In The Court of
Ms. Harpreet Kaur Randhawa
District and Sessions Judge,
Ludhiana
CNR No. PBLD01-004290-2025
Next Date:- 25-07-2025
Kajal Vs. Sunil Kumar
Publication Issued To:
(1). Sunil Kumar S/o Bhagat Singh R/o Gali No. 2, Mohalla Guru Arjun Dev Nagar, Jagirpur, Division No. 7, Ludhiana (2). Sanjeev Kumar S/o Bhagat Singh R/o House No. 26, Street No. 2, Jagirpur, Guru Arjun Dev Colony, Basti Jodhewal, Ludhiana.

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 25-07-2025 at 10:00 a.m.

For details logon to https://highcourtchd.gov.in/?mod=district_notice&district=moga-court

District and Sessions Judge, Ludhiana,
Dated this day of 26-05-2025

## COURT NOTICE

(U/o 5 Rule 20 CPC)
In The Court of Garima Gupta
Civil Judge (Junior Division), Amritsar
CS/786/2024 RECOVERY
CNR No. PBAS02-001214-2024
Next Date:- 22-08-2025
ICICI Bank Limited Having its Branch Office (Regional Office) at 361, Mall Road, Near MC International, Amritsar-143001, Through Pratul Piplani, its Attorney Holder/Authorized Representative.
Vs.
Ravinder Singh Dhillion & Ors.
Publication Issued To:
1. Ravinder Singh Dhillion S/o Davinder Singh, 2. Kanwaljeet Kaur W/o Davinder Singh, 3. Gurpreet Kaur D/o Davinder Singh, 4. Gurpinder Kaur D/o Davinder Singh.
All Resident of Village Malluwal, Tehsil and Distt. Amritsar

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 22-08-2025 at 10:00 a.m.

For details logon to https://highcourtchd.gov.in/?trs-district_notice&district=Amritsar
Civil Judge (Junior Division), Amritsar
Dated, this day of 24-05-2025

## COURT NOTICE

(U/o 5 Rule 20 CPC)
In The Court of
Ms. Manni Arora
Civil Judge (Senior Division),
Patiala
CNR No. PBPT02-003350-2023
Next Date:- 05-07-2025
Anoop Kaur
Vs.
Puran Singh
Publication Issued To:
C. Parwinder Kaur
Father : Puran Singh (deceased)
resident of 111, Nahar Colony, Cheeka, 136034

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 05-07-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge (Senior Division) Patiala
Dated, this day of 23-05-2025

## ਨਿਲਾਮੀ ਨੋਟਿਸ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੁਖਾਨੰਦ (ਬਾਘਾ ਪੁਰਾਣਾ) ਵਿਖੇ ਦਰਖ਼ਤਾਂ ਦੀ ਨਿਲਾਮੀ 31 ਮਈ 2025 ਨੂੰ ਸਵੇਰੇ 10:30 ਵਜ਼ੇ ਸਕੂਲ ਵਿਖੇ ਹੋਵੇਗੀ। ਚਾਹਵਾਨ ਬੋਲੀਕਾਰ ਸਮੇਂ ਸਿਰ ਪਹੁੰਚਣ।

ਚੇਅਰਮੈਨ ਅਤੇ ਸਕੂਲ ਮੈਨੇਜਮੈਂਟ ਕਮੇਟੀ,
ਸਸਸਸ ਸੁਖਾਨੰਦ

## COURT NOTICE

I BhupijnderKaur w/o Kawaljit Singh R/o ChownkTahliWala, Sultanwind Road, Amritsar ½ share and PalwinderKaur w/o Santokh Singh, DavinderKaur w/o Kirpal Singh R/o East Mohan Nagar, Sultanwind Road , Amritsar ½ share We Inform you. We have Lost Original Sale Deed which is as follows.Sale Deed Private Plot No.307 Khasra No.1908 Min Measuring 252 Sqyards Situated at Sultanwind Suburban AbadiSant Avenue Tehsil &Distt. Amritsar Registered Dated 24/05/2001 and also been got Registered DDR No.29 dated 05/08/2002 Police Station B-Division Amritsar in this respect. Anybody having claim or claiming any manner in this property or has raised loan by depositing the aforesaid document to any person/bank/corporation/ Financial institution may approach the undersigned and may submitted objections within 7 day from the date of this public notice. After the expiry of the period of this notice, no claim shall be entertained and such claim sell be deemed to be false fake frivolous fraudulent and baseless claim and shall have no value in the eyes of law. Mobile Number 7569000004

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ਼੍ਰੀ ਮਨਵੀਰ ਸਿੰਘ ਢਿੱਲੋਂ, ਸਬ-ਰਜਿਸਟਰਾਰ, ਬੁਢਲਾਡਾ, ਜ਼ਿਲ੍ਹਾ ਮਾਨਸਾ।

ਵਿਸ਼ਾ :- ਖਾਨਗੀ ਵਸੀਅਤ ਰਾਣੀ ਦੇਵੀ ਪੁੱਤਰੀ ਦਾਰਾ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਬੁਢਲਾਡਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਰਜਿਸਟਰਡ ਕਰਨ ਬਾਰੇ।

ਨੋਟਿਸ ਬਨਾਮ ਆਮ ਜਨਤਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵਿੱਚ ਸ਼੍ਰੀ ਮੱਖਣ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਬੁਢਲਾਡਾ, ਤਹਿਸੀਲ ਬੁਢਲਾਡਾ ਨੇ ਇੱਕ ਦਰਖਾਸਤ ਪੇਸ਼ ਕੀਤੀ ਹੈ ਕਿ ਰਾਣੀ ਦੇਵੀ ਪੁੱਤਰੀ ਦਾਰਾ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਬੁਢਲਾਡਾ, ਤਹਿਸੀਲ ਬੁਢਲਾਡਾ ਨੇ ਮਿਤੀ 07/01/2024 ਨੂੰ ਇੱਕ ਖਾਨਗੀ ਵਸੀਅਤ ਬਾਹੱਕ ਮੱਖਣ ਸਿੰਘ, ਰਾਮਜੀਦਾਸ ਬੇਟੇ ਦਾਰਾ ਸਿੰਘ ਪੁੱਤਰ ਸੋਹਣ ਸਿੰਘ ਵਾਸੀਆਨ ਬੁਢਲਾਡਾ, ਤਹਿਸੀਲ ਬੁਢਲਾਡਾ ਦੇ ਹੱਕ ਵਿੱਚ ਤਹਿਰੀਰ ਕਰਵਾਈ ਸੀ। ਵਸੀਅਤ ਕੁਨਿੰਦਾ ਦੀ ਮਿਤੀ 26/02/2024 ਨੂੰ ਮੌਤ ਹੋ ਚੁੱਕੀ ਹੈ। ਉਹ ਇਸ ਵਸੀਅਤ ਖਾਨਗੀ ਨੂੰ ਰਜਿਸਟਰਡ ਕਰਵਾਉਣਾ ਚਾਹੁੰਦਾ ਹੈ। ਇਸ ਲਈ ਖਾਨਗੀ ਵਸੀਅਤ ਦੇ ਰਜਿਸਟਰਡ ਹੋਣ ਬਾਰੇ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਆਪਣਾ ਉਜ਼ਰ ਇਸ ਦਫਤਰ ਵਿੱਚ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਵਸੀਅਤ ਖਾਨਗੀ ਨਿਯਮਾਂ ਅਨੁਸਾਰ ਰਜਿਸਟਰਡ ਕਰ ਦਿੱਤੀ ਜਾਵੇਗੀ।

ਇਹ ਇਸ਼ਤਿਹਾਰ ਜ਼ੇਰ ਧਾਰਾ 40-41 ਆਫ ਰਜਿਸਟਰੇਸ਼ਨ ਐਕਟ ਅਧੀਨ ਅੱਜ ਮਿਤੀ 26/05/2025 ਨੂੰ ਮੇਰੇ ਦਸਤਖ਼ਤਾਂ ਅਤੇ ਦਫ਼ਤਰੀ ਮੋਹਰ ਹੇਠ ਜਾਰੀ ਕੀਤਾ ਗਿਆ।

ਸਹੀ/-ਸਬ ਰਜਿਸਟਰਾਰ, ਬੁਢਲਾਡਾ।
ਪੱਤਰ ਨੰ: 285/ਰੀਡਰ-2

## COURT NOTICE

(U/o 5 Rule 20 CPC)
In The Court of
Amit Malhan
Principal Judge Family Court,
Amritsar
CNR No. PBAS01-017278-2024
Next Date :- 05-08-2025
Rimple
Vs
Jagtar Singh
Publication Issued To :
Jagtar Singh
S/o Balwinder Singh R/o Village Dhuhar Post Office Daftariwala, Tehsil Patran, Distt. Patiala.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 05.08.2025 at 10:00 A.M.

For details logon to https://highcourtchd.gov.in/?trs=district_notice&district=Amritsar

Principal Judge Family Court, Amritsar
Dated this day of 22-05-2025

## ਜਨਤਕ ਸੂਚਨਾ

ਮੈਂ, ਵਿਕਾਸ ਦੀਪ ਐਡਵੋਕੇਟ, ਜਿਸ ਦਾ ਦਫ਼ਤਰ ਐੱਫ ਯੂ-30 ਪੀ ਪੀਤਮਪੁਰਾ, ਦਿੱਲੀ ਸਥਿਤ ਹੈ। ਆਮ ਜਨਤਾ ਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਪਿੰਡ ਢੋਡੇ ਮਾਜਰਾ, ਖਾਰਾ , ਐੱਸ ਏ ਐੱਸ ਨਗਰ, ਪੰਜਾਬ ਸਥਿਤ 'ਫਲੋਰੈਂਸ ਪਾਰਕ' ਨਾਮੀ ਰੀਅਲ ਅਸਟੇਟ ਪਰਿਯੋਜਨਾ ਨੂੰ ਮੇਰੇ ਮੁਵੱਕਲ ਮੈਸ: ਕਾਮਿਬਟਿਕ ਗਲੋਬਲ ਕੇਪਲੇਟ ਪ੍ਰਾਈਵੇਟ ਲਿਮਿਟਡ ਵੱਲੋਂ ਮੈਸ: ਅੰਬਿਕਾ ਰੀਅਲਕਾਨ ਪ੍ਰਾਈਵੇਟ ਲਿਮਿਟਡ ਦੇ ਨਾਲ ਸਾਂਝੇ ਤੌਰ 'ਤੇ ਵਿਕਸਤ ਕੀਤਾ ਜਾ ਰਿਹਾ ਹੈ, ਜਿਸ 'ਚ ਮੇਰੇ ਮੁਵੱਕਲ ਦੇ ਕੋਲ ਕੁਝ ਅਧਿਕਾਰ ਹਨ ਅਤੇ 23.06.2015 ਦੇ ਸਮਝੌਤੇ 'ਤੇ ਪੈਦਾ ਵੱਖ-ਵੱਖ ਅਦਾਲਤੀ ਮਾਮਲੇ ਲੰਬਿਤ ਹਨ। ਉਕਤ ਬਿਲਡਰ ਮੈਸ: ਅੰਬਿਕਾ ਰੀਅਲਕਾਨ ਪ੍ਰਾਈਵੇਟ ਲਿਮਿਟਡ ਮੇਰੇ ਮੁਵੱਕਲ ਯਾਨਿ ਦੇਸ਼ ਬੰਧੂ ਗੁਪਤਾ, ਜਿਨ੍ਹਾਂ ਦਾ ਸੰਪਰਕ ਨੰਬਰ 99100-08531, ਈ-ਮੇਲ ਆਈ ਡੀ dbg@cgcaplet.com ਹੈ, ਦੇ ਬਿਨਾਂ ਵਿਕਰੀ ਕਰਨ, ਬੁਕਿੰਗ ਕਰਨ ਅਤੇ ਕੋਈ ਵੀ ਦਸਤਾਵੇਜ਼ ਆਦਿ ਤਾਮੀਲ ਕਰਨ ਦਾ ਹੱਕਦਾਰ ਨਹੀਂ ਹੈ। ਮੈਸ: ਅੰਬਿਕਾ ਰੀਅਲਕਾਨ ਪ੍ਰਾਈਵੇਟ ਲਿਮਿਟਡ ਨੂੰ 01.06.2024 ਨੂੰ ਕਾਨੂੰਨੀ ਨੋਟਿਸ ਦੇ ਜ਼ਰੀਏ ਵਿਧੀਵਤ ਸੂਚਿਤ ਕੀਤਾ ਗਿਆ ਸੀ। ਇਸ ਲਈ ਆਮ ਜਨਤਾ ਨੂੰ ਬੇਨਤੀ ਕੀਤੀ ਜਾਂਦੀ ਹੈ ਅਤੇ ਸੂਚਿਤ ਕੀਤਾ ਜਾਂਦਾ ਹੈ ਕਿ 01.06.2024 ਤੋਂ ਅਲਾਟਮੈਂਟ ਪੱਤਰ, ਰਸੀਦਾਂ, ਵਿਕਰੀ, ਖਰੀਦ, ਵਿਕਰੀ ਬੈਨਾਮਾ, ਤਬਾਦਲਾ ਜਾਂ ਕਿਸੇ ਵੀ ਤਰ੍ਹਾਂ ਦੇ ਕਾਗਜ਼ ਸਮੇਤ ਸਾਰੇ ਦਸਤਾਵੇਜ਼ਾਂ 'ਤੇ ਸਾਡੇ ਨਾਮਜ਼ਦ ਵਿਅਕਤੀ ਵੱਲੋਂ ਹਸਤਾਖਰ ਕੀਤੇ ਜ਼ਰੂਰੀ ਹਨ। ਅਜਿਹਾ ਨਾ ਕਰਨ 'ਤੇ ਅਜਿਹੇ ਸਾਰੇ ਦਸਤਾਵੇਜ਼ ਅਤੇ ਕਾਗਜ਼ਾਤ ਬੇਕਾਰ ਅਤੇ ਆਯੋਗ ਮੰਨੇ ਜਾਣਗੇ।

ਸਹੀ/-ਵਿਕਾਸ ਦੀਪ ਐਡਵੋਕੇਟ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਮਾਨਯੋਗ ਸ਼੍ਰੀ ਰਣਵੀਰ ਸਿੰਘ ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ, ਮਾਹਿਲਪੁਰ

ਤਕਸੀਮ ਕੇਸ ਨੰਬਰ 69/ਰੀਡਰ ਤਕਸੀਮ ਕੇਸ : ਪਿੰਡ ਨਕਦੀਪੁਰ

ਤਕਸੀਮ ਕੇਸ ਦਾਇਰ ਕਰਨ ਦੀ ਮਿਤੀ : 13.6.2023

1. ਮਲਕੀਤ ਸਿੰਘ, 2. ਪਰਮਜੀਤ ਸਿੰਘ ਪੁੱਤਰਾਨ ਨਰੰਜਨ ਸਿੰਘ ਪੁੱਤਰ ਚੇਤ ਸਿੰਘ, 3. ਨਰੰਜਣ ਸਿੰਘ ਪੁੱਤਰ ਚੇਤ ਸਿੰਘ ਪੁੱਤਰ ਨੱਥਾ ਸਿੰਘ ਵਾਸੀਆਨ ਪਿੰਡ ਨਕਦੀਪੁਰ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ। ਪ੍ਰਾਰਥੀ

ਬਨਾਮ

1. ਸੁਰਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਪੁੱਤਰ ਜਗਤ ਸਿੰਘ, 2. ਸੀਸੋ ਪੁੱਤਰੀ ਬੰਤਾ ਸਿੰਘ ਪੁੱਤਰ ਮੁਨਸ਼ੀ ਸਿੰਘ, 3. ਸੁਰਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਪਰਤਾਪ ਸਿੰਘ, 4. ਗੁਰਦਿਆਲ ਸਿੰਘ ਪੁੱਤਰ ਪ੍ਰਕਾਸ਼ ਸਿੰਘ ਪੁੱਤਰ ਬਾਬੂ, 5. ਗੁਲਜਾਰਾ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਦੀਵਾਨ ਸਿੰਘ, 6. ਤਾਰੋ ਵਿਧਵਾ ਸੰਸਾਰਾ ਪੁੱਤਰ ਦੀਵਾਨ ਸਿੰਘ, 7. ਪਰਮਜੀਤ ਸਿੰਘ ਪੁੱਤਰ ਨਰੰਜਨ ਸਿੰਘ ਪੁੱਤਰ ਚੇਤ ਸਿੰਘ 8. ਬਲਵਿੰਦਰ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਲਾਭ ਸਿੰਘ, 9. ਮਲਕੀਅਤ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਲਾਭ ਸਿੰਘ, 10. ਹਰਬੰਸ ਕੌਰ ਵਿਧਵਾ ਗੁਰਮੇਲ ਸਿੰਘ ਪੁੱਤਰ ਦਾਰਾ ਸਿੰਘ, 11. ਦਵਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਦਾਰਾ ਸਿੰਘ, 12. ਕੁਲਵੰਤ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਦਾਰਾ ਸਿੰਘ, 13. ਜਗੀਰ ਸਿੰਘ ਪੁੱਤਰ ਚੈਂਚਲ ਸਿੰਘ ਪੁੱਤਰ ਬੰਤਾ ਰਾਮ, 14. ਸੁਖਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਉਰਫ ਖੇਵਾ ਸਿੰਘ ਪੁੱਤਰ ਜਗਤ ਸਿੰਘ, 15. ਕੁਲਜੀਤ ਕੌਰ ਪਤਨੀ ਸੁਖਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ, 16. ਸੁਖਵਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਮੂਲਾ ਸਿੰਘ, 17. ਨਰੰਜਣ ਸਿੰਘ ਪੁੱਤਰ ਚੇਤ ਸਿੰਘ ਪੁੱਤਰ ਨੱਥਾ ਸਿੰਘ, 18. ਮਹਿੰਦਰ ਕੌਰ ਵਿਧਵਾ ਦਰਸ਼ਨ ਸਿੰਘ ਪੁੱਤਰ ਜਗਤ ਸਿੰਘ, 19. ਗੁਲਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਜਗਤ ਸਿੰਘ, 20. ਜਸਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਜਗਤ ਸਿੰਘ, 21. ਕਰਤਾਰ ਚੰਦ ਪੁੱਤਰ ਬੰਤਾ ਰਾਮ ਪੁੱਤਰ ਉਜਾਗਰ ਵਾਸੀਆਨ ਪਿੰਡ ਨਕਦੀਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ।

ਉੱਤਰਵਾਦੀ

ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਧਿਰਾਂ ਦਾ ਤਕਸੀਮ ਦਾ ਕੇਸ ਇਸ ਅਦਾਲਤ ਵਿੱਚ ਚੱਲ ਰਿਹਾ ਹੈ। ਇਸ ਕੇਸ ਵਿੱਚ ਉੱਤਰਵਾਦੀ ਧਿਰ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋਈ ਹੈ।ਫੀਲਡ ਸਟਾਫ ਤੋਂ ਰਿਪੋਰਟ ਪ੍ਰਾਪਤ ਹੋਈ ਹੈ ਕਿ ਉੱਤਰਵਾਦੀ ਪਿੰਡ ਵਿੱਚ ਰਿਹਾਇਸ਼ ਨਹੀਂ ਰੱਖਦੇ, ਇਸ ਲਈ ਇਸ ਕੇਸ ਸੰਬੰਧੀ ਕਿਸੇ ਨੂੰ ਵੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ ਛਪਣ ਦੇ ਪੰਦਰਾਂ ਦਿਨਾ ਦੇ ਅੰਦਰ-ਅੰਦਰ ਅਦਾਲਤ ਵਿੱਚ ਪੇਸ਼ ਹੋ ਕੇ ਕਰ ਸਕਦਾ ਹੈ। ਬਾਅਦ ਵਿੱਚ ਕਿਸੇ ਦਾ ਕੋਈ ਉਜ਼ਰ ਕਾਬਲੇਗੌਰ ਨਹੀਂ ਹੋਵੇਗਾ ਅਤੇ ਕੇਸ ਦਾ ਫੈਸਲਾ ਕਰ ਦਿੱਤਾ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਹਸਤਾਖਰ ਅਤੇ ਮੋਹਰ ਨਾਲ ਮਿਤੀ 14-05-25 ਨੂੰ ਜਾਰੀ ਹੋਇਆ ਹੈ।

ਸਹੀ/- ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਮਾਹਿਲਪੁਰ
ਨੰਬਰ : 65/ ਰੀਡਰ ਮਿਤੀ : 14-05-25

# ਕਲਾਸੀਫਾਈਡ ਇਸ਼ਤਿਹਾਰ

## Change of Name

I, hitherto known as Kuljit Kaur wife of Avtar Singh R/o Village Tawandi Goni P.O. Kaluwahar District Hoshiarpur, Punjab 146115, have changed my name as Kuljeet Kaur.

I Sapna W/O Raj Kumar R/O H No. 216, Ghumar Mandi, Civil Lines Ludhiana Have Changed My Name From Sapna To Sapna Kashyap.

I Hardeep Singh S/o Nerinjan Singh, R/o H. No. 60, Green Enclave, Near Trilium school, Ladhewali, Jalandhar have changed my name from Hardip Singh to Hardeep Singh.

I, Gurinder Singh S/O Kewal Singh R/O Village Butter Khurd,PO Butter Siviya,Tehsil Baba Bakala, Distt. Amritsar, Punjab have changed my name from Gurinder Singh to Gurinder as my Given name and Singh as my Surname.Concerned note.

I, Sukhharpreet Singh S/o Avtar Singh, Nepal, Amritsar, Punjab-143102 have changed my name from Sukhharpreet Singh to Singh is my surname and Sukhharpreet is my given name.

I, Kuldeep Kaur W/o Malkiat Singh R/o 51, Sun Sahib Road, Krishna Nagar, Chheharta, Amritsar, Punjab have changed my name from Kuldeep Kaur to Kuldip Kaur.

I Jagjit Singh Chahal S/o Manmohan Singh Chahal R/o House No. 2360 Phase 10, Mohali PO. Sector 62 Distt. Sas Nagar Punjab Declare that Jagjit Singh is my Given name and Chahal is my Surname.

I, Gurmej Singh S/o Sadhu Singh R/o Vill. Randhawa Colony, Dera Nangli, P.O. Saidowal Kalan, Gurdaspur Pin-143521, Punjab, India declare that my given name as Gurmej and my Surname as Singh.

I, Rajwinder Kaur W/o Didar Singh R/O 173-C, Gali No.4, Gurlal Bazar, Partap Nagar Amritsar have changed my name Rajwinder Kaur Boparai to Rajwinder Kaur

I, Didar Singh S/o Gurdial Singh R/o 173-C, Gali No.4, Gurlal Bazar, Partap Nagar Amritsar have changed my name Didar Singh Boparai to Didar Singh

I Angrej Singh S/o Ghulla Singh R/o Vill Manga Saraiy Tehsil and Distt Amritsar that declare Singh is my Surname and Angrej is my Given name

I Sukhwinder Kaur W/o Joginder Singh R/o VPO Talwandi Dasonda Singh Tehsil and Distt Amritsar that declare Kaur is my Surname and Sukhwinder is my Given name

I Sangita Sharma W/o Vikas Sharma R/o H No 40-A New Garden Colony Majitha Road Amritsar have changed my name to Sangeeta Sharma Please Note It.

I, Gurpinder Singh Son of Subha Singh R/o Village Kuttiwala Chogawan Distt. Amritsar Punjab have declare that Singh is my Surname and Gurpinder is my Given name.

I, Sanju Sarkar S/o Gopal Panday R/o H.No.40, Gali No.4, Sultanwind Road, Kot Salig Ram, Amritsar have changed my name from Sanju Sarkar to Sanju Panday

I, Gopal Sarkar S/o Lashman Panday R/o 375, New Kot Atma Ram Amritsar have changed my name from Gopal Sarkar to Gopal Panday

I, Harjinder Singh S/o Kuldeep Singh R/o Abadi Tarf Behniwal Gali No.3, Amritsar have changed my name from Harjinder Singh to Rajinder Singh

I, Maninder Singh S/o Sudarshan Singh R/o 2488/2, Himachal Transport Company, B/s State Bank Amritsar-143001 have chagned my name from Maninder Singh to Maninder Singh Thakur

I, Gurpreet Singh S/o Dilbag Singh R/o 53, Ram Tirath Road, Kalyan Wala Morh, New Dashmesh Nagar Amritsar have declare that Gurpeet is my Given name and Singh is my Surname.

I, Narender Kumar S/o Satbir Singh, R/o Nunond (43), Rohtak, Haryana- 124501, I have changed the name of my minor Son Vijay aged about 17 Years and He shall hereafter be known as Vijay Sindhu.

I, Sumit S/O Devender, R/o 923, Samchana (28), Rohtak, Haryana-124404, have changed my name and shall hereafter be Known as Sumit Grewal.

I, Reena, D/O Vishnu Dutt Semwal R/o 18 A, Dayal Bagh, Ambala Cantt, Haryana- 133001. have changed my name and shall hereafter be Known as Reena Semwal.

I, Praveen Kumar S/O Rajbir Singh, R/o 1701, Bahu Akberpur (94), Rohtak, Haryana- 124001, have changed my name and shall hereafter be Known as Praveen Balhara.

I, Vijay W/o Hans Raj R/o Patti Red Gate, VPO. Samrai, Tehsil Phillaur, Distt. Jalandhar, Punjab-144032, India have changed my name from Vijay to Vijay Kumari. All concerned please note.

I, Sumanjit Kaur W/o Satnam Singh R/o H.No. B 1/368, Anand Nagar, Maqsudan, Jalandhar-144008, Punjab have changed my name from Sumanjit Kaur to Sumanjeet Kaur. All concerned please note.

I, Balbir Singh S/o Karnail Singh R/o Village Sardulapur, P.O.Tuto Mazara, Tehsil Garhshankar, Hoshiarpur, Punjab, 146109 changed my name from Balbir Singh to Balbir Singh Mann.

I, Balkar Singh S/o Koli Ram R/o V.P.O Sheikhupur, Tehsil & District Kapurthala, Punjab, India, That I have changed my name from Balkar to Balkar Singh. All concerned please note.

I, Hitherto Known as Gurvinder Singh S/o Balvir Singh R/o Vill. Odhpur, PO. Tanda, Teh. Dasuya, (Hoshiarpur) Punjab-144203 have changed my name and shall hereafter be Known as Singh Gurvinder. Please note.

I, Mohd Jameel s/o Mohd Bashir r/o H.No.43/44, Salim Basti, Malerkotla have changed my name from Mohd Jameel to Mohd Jamil. All Please Note.

I, Rajwinder Singh S/o Mool Chand Mall R/o VPO. Sarhali, Tehsil Phillaur, Distt. Jalandhar, Punjab have changed my name from Rajwinder Singh to Rajwinder Singh Mall. All Please Note.

## Change of Name

I, Kulvinder Singh s/o Jagir Singh r/o Vill. Sarih, Tehsil Nakodar, Distt. Jalandhar have changed my spelling name to Kulwinder Singh. All Please Note.

I, Harsh Kajla Alias Raj Rani w/o Baldev Raj r/o VPO. Nagra, P/O Grain Market, Distt. Jalandhar have changed my name to Harsh Kajla. All Please Note.

I, Surjit Kaur w/o Danesh Kumar r/o VPO. Kurala Kalan, Tehsil Dasuya, Distt. Hoshiarpur-144204, Punjab have changed my name to Kaur Surjit. All Please Note.

I, Jainty w/o Ram Gopal r/o H.No. 693, Amrit Vihar, Jalandhar have changed the spelling of my name from Jainty to Jayanti. All Please Note.

I, Amandeep w/o Malkit Singh r/o H.No.421, Street No.18, Tibba Sahib, Distt. Hoshiarpur, Punjab have changed my name to Amandeep Kaur. All Please Note.

I Devinder Kaur w/o Naginder Singh r/o H.No. 15/A, Gian Nagar, Jalandhar have changed my name from Devinder Kaur to Davinder Kaur. All Please Note.

I, Raghuvir Singh s/o Harbans Singh r/o VPO. Padhiana, Jalandhar, Punjab, 144030 have changed my name from Raghuvir Singh to Raghbir Singh. All Please Note.

I, Shankar Singh s/o Chain Singh r/o VPO. Khanpur Dhadda, Tehsil Nakodar, Jalandhar, Punjab-144701 have changed my name to Shingara Singh Kaler. All Please Note.

I, Amrit Pal Singh S/o Nishan Singh R/o Vill.Ibrahimpur, Po. Miani, Distt. Hoshiarpur have changed spelling of my name from Amrit Pal Singh to Amratpal Singh. All Please Note.

I, Mohinder Singh Dhanota S/o Chanan Singh R/o VPO. Sataur, Distt. Hoshiarpur have changed my name from Mohinder Singh Dhanota to Mohinder Singh. All Please Note.

I, Harjit Singh S/o Charan Singh R/o H.No.1106, Ward No. 13, Vishkarma Market Kartarpur, Distt. Jalandhar have changed my name from Harjit Singh to Harjeet Singh. All Please Note.

I, Jyoti Nagpal W/o Sunny Arora R/o H.No. E.P-334, Saidan Gate, Jalandhar, Punjab have changed my name from Jyoti Nagpal to Jyoti Arora, After Marriage. All Please Note.

I, Balbinder Kaur W/o Harvinder Singh R/o ES- 239/E, Makhdum Pura, Jalandhar have changed my name from Balbinder Kaur to Balvinder Kaur. All Please Note.

I, Rakesh Kumar S/o Ram Lal R/o B 7, Mohalla Arjanpura Qadian Tehsil Batala, Distt. Gurdaspura have declared that Kumar is my surname and Rakesh is my given name. All Please Note.

I, Neelam W/o Raj Kumar R/o H.No. B IX-501, New Santokhpura, Jalandhar, Punjab have changed my name from Neelam to Neelam Rani. All Please Note.

I, Rud Singh S/o Sudagar Singh R/o Vill Malak Nangal, PO Udho Nangal Amritsar have changed my name from Rud Singh to Roor Singh

I, Balvir Kaur @ Chranjit Kaur W/o Late. Tarlok Singh R/o VPO. Rahimpur, Tehsil Nakodar, Distt. Jalandhar declare that Balvir Kaur, Chranjit Kaur and Charanjit Kaur are one and the same person.

I, Babita W/o Harjinder Singh R/o ward No 3 Hargobind Nagar Dhogri Road Reru, Jalandhar have changed my name from Babita to Babita Singh. Please note.

I, Mahekdeep Singh alias Mehakdeep Singh S/o Surinder Singh R/o Vill. Hardo Bathwala, Distt. Gurdaspur, Punjab, India. Have changed my name from Mahekdeep Singh alias Mehakdeep Singh to Mehakdeep Singh.

## ਆਮ ਸੂਚਨਾ

ਮੈਂ, ਸਪਨਾ ਪਤਨੀ ਰਵਿੰਦਰ ਸਿੰਘ ਵਾਸੀ ਪਿੰਡ ਪੁਤ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਹਾਲ ਵਾਸੀ ਹੁਸ਼ਿਆਰਪੁਰ ਇਨਕਲੇਵ ਅਰੋੜਾ ਕਾਲੋਨੀ ਕੱਕੋ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਪਤੀ ਨਾਲੋਂ ਪਿਛਲੇ 2 ਮਹੀਨੇ ਤੋਂ ਅਲੱਗ ਤੌਰ 'ਤੇ ਆਪਣੇ ਬੱਚਿਆਂ ਪਾਸ ਰਹਿ ਰਹੀ ਹਾਂ। ਜੇ ਕੋਈ ਮੇਰੇ ਪਤੀ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਾਜਪਾਲ ਪੁੱਤਰ ਸ਼ਿਵ ਚਰਨ ਵਾਸੀ ਹਾਊਸ ਨੰਬਰ 235 ਸੈਕਟਰ 17 ਪੋਕਿਟ ਫਸੇ ਦੁਆਰਕਾ ਕਕਰੋਲਾ ਸਾਊਥ ਵੈਸਟ ਦਿੱਲੀ ਸੂਚਿਤ ਕਰਦਾ ਹਾਂ ਕਿ ਮੇਰੇ ਆਧਾਰ ਕਾਰਡ 'ਤੇ ਮੇਰਾ ਨਾਂਅ ਰਾਜਪਾਲ ਪੁੱਤਰ ਸ਼ਿਵ ਚਰਨ ਚੱਲਦਾ ਹੈ ਤੇ ਮਾਲ ਰਿਕਾਰਡ ਵਿਚ ਰਾਜਪਾਲ ਸਿੰਘ ਪੁੱਤਰ ਸ਼ਿਵਚਰਨ ਸਿੰਘ ਚੱਲਦਾ ਹੈ। ਮੈਂ ਰਾਜਪਾਲ ਪੁੱਤਰ ਸ਼ਿਵ ਚਰਨ ਅਤੇ ਰਾਜਪਾਲ ਸਿੰਘ ਪੁੱਤਰ ਸ਼ਿਵਚਰਨ ਸਿੰਘ ਦੋਵਾਂ ਨਾਂਅ ਵਾਲਾ ਇਕ ਹੀ ਆਦਮੀ ਹਾਂ।

ਮੈਂ, ਚਰਨਜੀਤ ਕੌਰ ਪਤਨੀ ਬਲਜੀਤ ਸਿੰਘ ਵਾਸੀ ਚਵਿੰਡਾ ਖੁਰਦ, ਤਹਿਸੀਲ ਲੋਪੋਕੇ ਸੂਚਿਤ ਕਰਦੀ ਹਾਂ ਕਿ ਆਧਾਰ ਕਾਰਡ 'ਤੇ ਮੇਰਾ ਨਾਂਅ ਚਰਨਜੀਤ ਕੌਰ ਪਤਨੀ ਬਲਜੀਤ ਸਿੰਘ ਹੈ, ਜਦ ਕਿ ਮਾਲ ਰਿਕਾਰਡ ਵਿਚ ਮੇਰਾ ਨਾਂਅ ਰਤਨਜੀਤ ਕੌਰ ਉਰਫ ਚਰਨਜੀਤ ਕੌਰ ਚਲਦਾ ਹੈ। ਰਤਨਜੀਤ ਕੌਰ ਅਤੇ ਚਰਨਜੀਤ ਕੌਰ ਦੋਵਾਂ ਨਾਵਾਂ ਵਾਲੀ ਇਕ ਹੀ ਔਰਤ ਹਾਂ।

ਮੈਂ ਸਤਪਾਲ ਸਿੰਘ ਪੁੱਤਰ ਸ੍ਰ. ਹਰਬੰਸ ਸਿੰਘ ਵਾਸੀ ਮਕਾਨ ਨੰ. ਐਫ-9/1900, ਸ਼ਾਸਤਰੀ ਨਗਰ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਗੁਰਜੀਤ ਸਿੰਘ ਅਤੇ ਉਸਦੀ ਪਤਨੀ ਮਨਮੋਹਨ ਕੌਰ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਨਵਾਂ ਜ਼ਮਾਨਾ ਅਖਬਾਰ ਰਾਹੀਂ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰੇ ਲੜਕੇ ਦਾ ਤਲਾਕ ਹੋ ਚੁੱਕਾ ਹੈ। ਹੁਣ ਉਹ ਮੇਰੇ ਕਹਿਣੇ ਵਿਚ ਹੈ, ਉਸਦਾ ਵਤੀਰਾ ਮੇਰੇ ਨਾਲ ਬਿਲਕੁਲ ਠੀਕ ਹੈ ਅਤੇ ਮੇਰੀ ਦੇਖਭਾਲ ਕਰਦਾ ਹੈ। ਮੈਂ ਉਸ ਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਜਾਇਦਾਦ ਦਾ ਹੱਕਦਾਰ ਹੋਵੇਗਾ।

ਮੈਂ, ਸ਼ਾਂਤੀ ਦੇਵੀ ਪਤਨੀ ਚੰਦ ਕਿਸ਼ੋਰ ਵਾਸੀ ਮਕਾਨ ਨੰ. ਈ. ਜੀ. 27, ਨਿਊ ਬਸ਼ੀਰਪੁਰਾ, ਨੇੜੇ ਸੂਰਿਆ ਇਨਕਲੇਵ, ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਮਨੋਜ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 08-07-2018 ਨੂੰ ਅਖ਼ਬਾਰ ਨਵਾਂ ਜ਼ਮਾਨਾ ਵਿੱਚ ਦਿੱਤੇ ਇਸ਼ਤਿਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮਨੋਜ ਮੇਰੇ ਕਹਿਣੇ ਵਿੱਚ ਹੈ। ਮੈਂ ਇਸ ਦੀ ਬੇਦਖਲੀ ਵਾਪਿਸ ਲੈਂਦੀ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦਾ ਵਾਰਿਸ ਹੋਵੇਗਾ। ਸੰਬੰਧਿਤ ਨੋਟ ਕਰਨ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈਲ ਕਨੈਕਸ਼ਨ ਨੰਬਰ AP31-2069 ਲੋਡ 5 ਬੀ.ਐਚ.ਪੀ ਸਰਵਨ ਸਿੰਘ ਪੁੱਤਰ ਧਿਰਤਾ ਸਿੰਘ ਵਾਸੀ ਪਿੰਡ ਲਾਧੂਪੁਰ ਦੇ ਨਾਮ ਤੇ ਚੱਲ ਰਿਹਾ ਹੈ। ਜਿਸ ਨੂੰ ਹੁਣ ਜਸਦੀਪ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਲਾਧੂਪੁਰ ਨੇ ਟਿਊਬਵੈਲ ਕਨੈਕਸ਼ਨ ਨੂੰ ਆਪਣੇ ਨਾਮ ਤੇ ਬਦਲੀ ਕਰਨ ਲਈ ਐਪਲੀਕੇਸ਼ਨ ਦਫਤਰ ਪੀ.ਐਸ.ਪੀ.ਸੀ.ਐਲ ਕਾਹਨੂੰਵਾਨ ਵਿਖੇ ਪੇਸ਼ ਕੀਤੀ ਹੈ। ਇਸ ਸਬੰਧੀ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ.ਐਸ.ਪੀ.ਸੀ.ਐਲ ਕਾਹਨੂੰਵਾਨ ਵਿਖੇ ਪੇਸ਼ ਕਰੇ। ਇਸ ਤੋਂ ਬਾਅਦ ਵਿੱਚ ਕੀਤਾ ਇਤਰਾਜ ਮਨਜ਼ੂਰ ਨਹੀਂ ਕੀਤਾ ਜਾਵੇਗਾ। ਬਾ-ਹੁਕਮ ਐਸ.ਡੀ.ਓ ਕਾਹਨੂੰਵਾਨ।

## ਨਾਂਅ ਦੀ ਬਦਲੀ

ਮੈਂ ਸਵਰਨਜੀਤ ਕੌਰ (Swaranjeet kaur) ਪਤਨੀ ਪਿਰਤਪਾਲ ਸਿੰਘ ਪਿੰਡ ਤੇ ਡਾਕ ਹਾਫਿਜ਼ਾਬਾਦ ਤਹਿਸੀਲ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ ਨੇ ਆਪਣਾ ਨਾਮ ਬਦਲ ਕੇ ਸਵਰਨਜੀਤ ਕੌਰ ( Swarnjit kaur ) ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਸੰਦੀਪ ਤਾਇਲ ਪੁੱਤਰ ਦਰਸ਼ਨ ਕੁਮਾਰ, ਵਾਸੀ ਮਕਾਨ ਨੰਬਰ 88, ਵਾਰਡ ਨੰਬਰ 12-ਏ, ਸ਼ਿਵਪੁਰੀ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲਕੇ ਸੰਦੀਪ ਕੁਮਾਰ ਰੱਖ ਲਿਆ ਹੈ।

ਮੈਂ ਕੋਮਲ ਪਤਨੀ ਜੋਲ ਕੁਮਾਰ ਵਾਸੀ ਪਿੰਡ ਖੇੜਾ ਤਹਿਸੀਲ ਗੜ੍ਹਸ਼ੰਕਰ ਜ਼ਿਲਾ ਹੁਸ਼ਿਆਰਪੁਰ (ਪੰਜਾਬ) ਬਿਆਨ ਕਰਦੀ ਹਾਂ ਕਿ ਮੈਂ ਆਪਣੀ ਨਾਬਾਲਗ ਲੜਕੀ ਦਲਜੀਤ ਦਾ ਨਾਮ ਬਦਲ ਕੇ ਦਲਜੀਤ ਕੌਰ ਰੱਖ ਲਿਆ ਹੈ। ਸੰਬਧਤ ਨੋਟ ਕਰਨ।

ਮੈਂ ਸਿਮਰਨ ਪਾਲ ਪੁੱਤਰੀ ਸੁਖਵਿੰਦਰ ਸਿੰਘ, ਵਾਸੀ ਮਕਾਨ ਨੰ. 23, ਰੱਲ ਵਿਹਾਰ, ਜਲੰਧਰ ਨੇ ਆਪਣਾ ਨਾਮ ਸਿਮਰਨ ਪਾਲ ਤੋਂ ਬਦਲ ਕੇ ਸਿਮਰਨ ਪਾਲ ਕੌਰ ਕਰ ਦਿੱਤਾ ਹੈ।

## ਆਮ ਸੂਚਨਾ

ਮੈਂ, ਪੂਜਾ ਪਤਨੀ ਅਮਰਜੀਤ ਸਿੰਘ ਵਾਸੀ ਮਕਾਨ ਨੰ: 9716, ਗਲੀ ਨੰ: 01, ਰਾਹੋਂ ਮਾਰਗ, ਚੰਦਰ ਲੋਕ ਕਾਲੋਨੀ ਬਾਜਰਾ, ਲੁਧਿਆਣਾ ਬਿਆਨ ਕਰਦੀ ਹਾਂ ਕਿ ਮੇਰਾ ਮੇਰੇ ਪਤੀ ਅਮਰਜੀਤ ਸਿੰਘ ਪੁੱਤਰ ਹਰਬੰਸ ਸਿੰਘ ਨਾਲ ਘਰੇਲੂ ਝਗੜਾ ਹੋਣ ਕਰਕੇ ਮੈਂ ਹੁਣ ਆਪਣੇ ਪਤੀ ਤੋਂ ਅਲੱਗ ਬਾਬਾ ਈਸ਼ਰ ਸਿੰਘ ਨਗਰ, ਗਲੀ ਨੰ: 08, ਮੋਗਾ ਵਿਖੇ ਇਕੱਲੀ ਰਹਿ ਰਹੀ ਹਾਂ। ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਮੈਨੂੰ ਸਿਵਲ ਕੋਰਟ ਮੋਗਾ ਵਿਖੇ ਮਿਲ ਸਕਦਾ ਹੈ।

ਸ਼੍ਰੀ ਹਰਦੇਵ ਸਿੰਘ ਪੁੱਤਰ ਸ਼੍ਰੀ ਫੰਗਣ ਸਿੰਘ ਵਾਸੀ ਪੱਤੀ ਸੰਧੂਆਂ ਵਾਲਾ ਜ਼ਿਲਾ ਮੋਗਾ ਦੇ ਨਾਮ ਤੇ ਇੱਕ ਟਿਊਬਵੈਲ ਕੁਨੈਕਸ਼ਨ ਖਾਤਾ ਨੰ. 3003108734(81/855) ਬੀ ਐਚ ਪੀ 15 ਵਾਕਿਆ ਪੱਤੀ ਸੰਧੂਆਂ ਵਾਲਾ ਮੋਗਾ ਵਿੱਚ ਚੱਲ ਰਿਹਾ ਹੈ। ਹੁਣ ਇਸ ਕੁਨੈਕਸ਼ਨ ਦੀ ਨਾਮ ਦੀ ਬਦਲੀ ਹਰਦੇਵ ਸਿੰਘ ਉਰਫ ਮੇਜਰ ਸਿੰਘ ਪੁੱਤਰ ਬਿੱਕਰ ਸਿੰਘ ਵਾਸੀ ਪੱਤੀ ਸੰਧੂਆਂ ਵਾਲਾ ਮੋਗਾ ਵੱਲੋਂ ਆਪਣੇ ਨਾਮ ਤੇ ਕਰਵਾਉਣ ਲਈ ਦਰਖਾਸਤ ਦਿੱਤੀ ਹੈ। ਜੇਕਰ ਇਸ ਸੰਬਧੀ ਕਿਸੇ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ ਐਸ ਪੀ ਸੀ ਐਲ ਉਪ ਮੰਡਲ ਅਫਸਰ ਸਬ ਅਰਬਨ ਮੋਗਾ ਨੂੰ ਪੇਸ਼ ਕਰ ਸਕਦਾ ਹੈ ਨਾ ਇਤਰਾਜ਼ ਹੋਣ ਤੇ ਪੰਦਰਾਂ ਦਿਨਾਂ ਬਾਅਦ ਕੁਨੈਕਸ਼ਨ ਉਸ ਨਾਮ ਉਪਰ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਖਾਤਾ ਨੰ-ਏ.ਪੀ 24-40 (3004522115) ਟਿਊਬਵੈੱਲ ਕੁਨੈਕਸ਼ਨ ਜੋ ਕਿ ਰਸ਼ਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਦੇ ਨਾਂਅ ਉੱਪਰ ਰਕਬਾ ਕੰਨੀਆਂ ਅਧੀਨ PSPCL ਉੱਪ ਮੰਡਲ ਸ਼ਾਹਕੋਟ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਰਸ਼ਪਾਲ ਸਿੰਘ ਵੱਲੋਂ ਸਮੇਤ ਜ਼ਮੀਨ ਇੰਦਰਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਨੂੰ ਵੇਚ ਦਿੱਤਾ ਗਿਆ ਹੈ। ਹੁਣ ਇਹ ਕੁਨੈਕਸ਼ਨ ਇੰਦਰਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ, ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿੱਚ PSPCL ਸ਼ਾਹਕੋਟ ਉੱਪ ਮੰਡਲ ਵਿਖੇ 15 ਦਿਨਾਂ ਦੇ ਵਿੱਚ ਪੇਸ਼ ਕਰ ਸਕਦਾ ਹੈ। ਉਪਰੰਤ CON ਕਰ ਦਿੱਤਾ ਜਾਵੇਗਾ।

ਖਾਤਾ ਨੰ-ਏ.ਪੀ 24-13 (3004522111) ਟਿਊਬਵੈੱਲ ਕੁਨੈਕਸ਼ਨ ਜੋ ਕਿ ਰਸ਼ਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਦੇ ਨਾਂਅ ਉੱਪਰ ਰਕਬਾ ਕੰਨੀਆਂ ਅਧੀਨ PSPCL ਉੱਪ ਮੰਡਲ ਸ਼ਾਹਕੋਟ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਬਲਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਨੂੰ ਵੇਚ ਦਿੱਤਾ ਗਿਆ ਹੈ। ਹੁਣ ਇਹ ਕੁਨੈਕਸ਼ਨ ਬਲਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ, ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿੱਚ PSPCL ਸ਼ਾਹਕੋਟ ਉੱਪ ਮੰਡਲ ਵਿਖੇ 15 ਦਿਨਾਂ ਦੇ ਵਿੱਚ ਪੇਸ਼ ਕਰ ਸਕਦਾ ਹੈ। ਉਪਰੰਤ CON ਕਰ ਦਿੱਤਾ ਜਾਵੇਗਾ।

ਮੱਖਣ ਸਿੰਘ ਪੁੱਤਰ ਜਰਨੈਲ ਸਿੰਘ, ਵਾਸੀ ਰਜਾਦੇਵਾਲ (ਅੰਮ੍ਰਿਤਸਰ), ਨਾਮ ਚੱਲਦਾ ਖਾਤਾ ਨੰ: ਏ.ਪੀ. 26/3508 ਨੂੰ ਅਵਤਾਰ ਸਿੰਘ ਪੁੱਤਰ ਰਾਮ ਸਿੰਘ, ਰਜਾਦੇਵਾਲ ਨਾਮ ਕਰਨ ਦੀ ਦਰਖਾਸਤ ਪੁਜੀ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਣ।

ਪੂਰਨ ਸਿੰਘ ਪੁੱਤਰ ਬੇਲਾ ਸਿੰਘ, ਵਾਸੀ ਗੱਗੜਭਾਣਾ (ਅੰਮ੍ਰਿਤਸਰ), ਦਾ ਚੱਕੀ ਦਾ ਕੁਨੈਕਸ਼ਨ ਐਸ.ਪੀ. 28/554-ਐਚ ਨੂੰ ਹਰਵਿੰਦਰ ਸਿੰਘ ਪੁੱਤਰ ਦਲਬੀਰ ਸਿੰਘ, ਗੱਗੜਭਾਣਾ ਨਾਮ ਕਰਨ ਦੀ ਦਰਖਾਸਤ ਪੁਜੀ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਣ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਐਸ ਏ 1002, ਹਾਰਸ ਪਾਵਰ 15 ਜੋ ਬੇਅੰਤ ਸਿੰਘ ਪੁੱਤਰ ਆਸਾ ਸਿੰਘ ਵਾਸੀ ਸ਼ਾਦੀਪੁਰ ਮੋਮੀਆਂ (ਭੂੰਡਥੇਹ) ਦੇ ਨਾਮ ਚੱਲਦਾ ਹੈ, ਨੂੰ ਆਪਣੇ ਨਾਮ ਕਰਨ ਲਈ ਰਜਿੰਦਰ ਸਿੰਘ ਪੁੱਤਰ ਤਲਵਿੰਦਰ ਸਿੰਘ, ਸੁਖਵਿੰਦਰ ਸਿੰਘ ਪੁੱਤਰ ਬੇਅੰਤ ਸਿੰਘ ਅਤੇ ਪਰਵਿੰਦਰ ਸਿੰਘ ਪੁੱਤਰ ਬੇਅੰਤ ਸਿੰਘ ਵਾਸੀਆਨ ਸ਼ਾਦੀਪੁਰ ਮੋਮੀਆਂ (ਭੂੰਡਥੇਹ) ਵੱਲੋਂ ਦਰਖਾਸਤ ਦਿੱਤੀ ਗਈ ਹੈ। ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਵਿੱਚ ਪੇਸ਼ ਕਰੇ। ਐਸ ਡੀ ਓ ਪਾਵਰਕਾਮ ਸ਼ੁਤਰਾਣਾ

## ਬੇਦਖਲੀ ਨੋਟਿਸ

ਮੈਂ, ਸੁਖਵੰਤ ਰਾਜ ਪੁੱਤਰ ਗੁਰਾ ਰਾਮ ਵਾਸੀ ਪਿੰਡ ਭੋਜਰਾਜ, ਡਾਕਖਾਨਾ ਧਾਰੀਵਾਲ, ਤਹਿਸੀਲ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰੋਹਿਤ ਕਲੋਤਰਾ ਅਤੇ ਉਸ ਦੀ ਪਤਨੀ ਨੇਹਾ ਦੇਵੀ, ਜੋ ਮੇਰੇ ਅਤੇ ਮੇਰੀ ਪਤਨੀ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੀਮਾ ਗੋਇਲ ਪਤਨੀ ਲੇਟ ਰਜਿੰਦਰ ਕੁਮਾਰ ਗੋਇਲ ਵਾਸੀ ਮਕਾਨ ਨੰ. 87/10, ਸਾਹਮਣੇ ਡੀ.ਏ.ਵੀ ਕਾਲਜ, ਫਰੈਂਡਜ਼ ਕਲੋਨੀ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਕਾਸ਼ ਗੋਇਲ ਅਤੇ ਉਸਦੀ ਪਤਨੀ ਈਸ਼ਾ ਗੋਇਲ ਅਤੇ ਉਹਨਾਂ ਦੇ ਬੱਚੇ ਵੀਰਾਜ ਗੋਇਲ ਅਤੇ ਮਨਰਾਜ ਗੋਇਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਾਮ ਲਾਲ ਪੁੱਤਰ ਓਮ ਪ੍ਰਕਾਸ਼ ਵਾਸੀ ਮਕਾਨ ਨੰ. ਬੀ-1/637, ਗਾਂਧੀ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਰਿੰਦਰ ਕੁਮਾਰ ਉਰਫ ਲਾਡੀ ਅਤੇ ਉਸਦੀ ਪਤਨੀ ਸੋਨਮ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਸਿਮਰਨ ਕੌਰ ਪਤਨੀ ਤਜਿੰਦਰ ਪਾਲ ਸਿੰਘ ਵਾਸੀ ਮਕਾਨ ਨੰ. 97, ਗਲੀ ਨੰ. 3, ਸੈਂਟਰਲ ਟਾਊਨ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਮਨਦੀਪ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਪ੍ਰੀਤਮ ਸਿੰਘ ਪੁੱਤਰ ਸ. ਅਮਰ ਸਿੰਘ ਵਾਸੀ ਕਰਾੜੀ ਡਾਕਖਾਨਾ ਕਿਸ਼ਨਗੜ੍ਹ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੋਗਿੰਦਰ ਪਾਲ ਸਿੰਘ ਅਤੇ ਉਸਦੀ ਪਤਨੀ ਜਸਪਾਲ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਲਖਵਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ 84, 3 ਤਰਨ ਤਾਰਨ ਰੋਡ, ਭਾਈ ਮੰਝ ਐਵੀਨਿਊ ਕੋਟ ਮਿੱਤ ਸਿੰਘ, ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਵਜੋਤ ਸਿੰਘ ਅਤੇ ਨੂੰਹ ਨੇਹਾ ਪਤਨੀ ਨਵਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਗੁਰਦਿਆਲ ਸਿੰਘ ਪੁੱਤਰ ਪ੍ਰਕਾਸ਼ ਸਿੰਘ ਅਤੇ ਮਨਦੀਪ ਕੌਰ ਪਤਨੀ ਗੁਰਦਿਆਲ ਸਿੰਘ ਵਾਸੀ ਪਿੰਡ ਤੇ ਡਾਕ. ਬੱਸੀ ਜਲਾਲ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਰਾਜਦੀਪ ਸਿੰਘ ਅਤੇ ਇਸ ਦੀ ਪਤਨੀ (ਨੂੰਹ) ਪ੍ਰੀਆ ਇਹ ਦੋਨੋਂ ਸਾਡੇ ਕਹਿਣੇਕਾਰ ਨਹੀਂ ਹਨ, ਜਿਸ ਕਰਕੇ ਅਸੀਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਨਸ਼ਾ ਮੁਕਤੀ ਯਾਤਰਾ ਤਹਿਤ ਕੈਲੋਂਵਾਲ, ਖਿਲਚੀ, ਕਰੀਆਂ 'ਚ ਜਾਗਰੂਕਤਾ ਸਮਾਗਮ

## ਹਰ ਨਾਗਰਿਕ ਨਸ਼ਾ ਮੁਕਤ ਸਮਾਜ ਦੀ ਸਿਰਜਣਾ 'ਚ ਆਪਣੀ ਭੂਮਿਕਾ ਨਿਭਾਏ : ਭੁੱਲਰ



ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੋਕਾਂ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ ਤੇ ਨਸ਼ਿਆਂ ਦਾ ਸੇਵਨ ਕਰਨ ਵਾਲੇ ਨੌਜਵਾਨ ਵੀ ਸਵੈ ਇੱਛਾ ਨਾਲ ਨਸ਼ੇ ਦਾ ਤਿਆਗ ਕਰ ਰਹੇ ਹਨ। ਇਹ ਪ੍ਰਗਟਾਵਾ ਹਲਕਾ ਫਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਹਲਕੇ ਦੇ ਪਿੰਡ ਕੈਲੋਂਵਾਲ, ਖਿਲਚੀ ਜਦੀਦ, ਕਰੀਆਂ ਪਹਿਲਵਾਨ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਜਾਗਰੂਕਤਾ ਸਮਾਗਮਾਂ ਦੌਰਾਨ ਕੀਤਾ। ਇਸ ਮੌਕੇ ਵਿਧਾਇਕ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਮਕਸਦ ਸਮੂਹ ਵਰਗਾਂ ਦੇ ਸਹਿਯੋਗ ਨਾਲ ਨਸ਼ਿਆਂ ਦਾ ਖਾਤਮਾ ਕਰਨਾ ਹੈ ਤੇ ਹਰੇਕ ਪਿੰਡ ਤੇ ਹਰੇਕ ਗਲੀ ਨੂੰ ਨਸ਼ਾ ਮੁਕਤ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਿਥੇ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਕਰਕੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਕਰ ਰਹੀ ਹੈ, ਉੱਥੇ ਹੀ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਨੌਜਵਾਨਾਂ ਦਾ ਨਸ਼ਾ ਛੁੜਵਾ ਕੇ ਉਨ੍ਹਾਂ ਨੂੰ ਮੁੜ ਤੋਂ ਆਪਣੇ ਪੈਰਾਂ ਤੇ ਖੜ੍ਹੇ ਵੀ ਕਰ ਰਹੀ ਤਾਂ ਜੋ ਉਹ ਸਮਾਜ ਵਿੱਚ ਬਿਹਤਰ ਜ਼ਿੰਦਗੀ ਬਤੀਤ ਕਰ ਸਕਣ। ਇਸ ਮੌਕੇ ਉਨ੍ਹਾਂ ਸਮੂਹ ਵਰਗਾਂ ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ। ਇਸ ਉਪਰੰਤ ਵਿਧਾਇਕ ਵੱਲੋਂ ਹਾਜ਼ਰੀਨ ਨੂੰ ਆਪਣੇ ਪਿੰਡਾਂ 'ਚ ਨਸ਼ਾ ਨਾ ਵਿਕਣ ਦੇਣ ਤੇ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਦੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਡਾ. ਅਮਨਦੀਪ ਕੌਰ ਗੋਸਲ (ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਹਲਕਾ ਫ਼ਿਰੋਜ਼ਪੁਰ ਸ਼ਹਿਰੀ), ਬੀਡੀਪੀਓ ਸੁਖਵਿੰਦਰ ਕੌਰ, ਸ਼ਰਨਜੀਤ ਸਿੰਘ ਲਹਿਰੀ (ਬਲਾਕ ਪ੍ਰਧਾਨ), ਰਾਜ ਬਹਾਦਰ ਸਿੰਘ, ਹਿਮਾਂਸ਼ੂ ਠੱਕਰ, ਦਲੇਰ ਸਿੰਘ ਸਰਪੰਚ, ਗੁਰਮੁੱਖ ਸਿੰਘ ਮੰਤਰੀ, ਸੁਰਜੀਤ ਸਿੰਘ ਸਰਪੰਚ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਹਾਈਪਰਟੈਂਸ਼ਨ ਡੇਅ ਦੇ ਸੰਬੰਧ 'ਚ ਕੱਢੀ ਗਈ ਜਾਗਰੂਕਤਾ ਸਾਈਕਲ ਰੈਲੀ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) ਸਿਹਤ ਵਿਭਾਗ ਵੱਲੋਂ ਵਿਸ਼ਵ ਹਾਈਪਰਟੈਂਸ਼ਨ ਦਿਵਸ ਦੇ ਸਬੰਧ ਵਿੱਚ 17 ਮਈ ਤੋਂ 16 ਜੂਨ ਤੱਕ ਚਲਾਈ ਜਾ ਰਹੀ ਹੈ। ਸਾਈਕਲ ਰਾਈਡਰ 19 ਕਲੱਬ ਦੇ ਸਹਿਯੋਗ ਨਾਲ ਵਿਸ਼ਵ ਹਾਈਪਰਟੈਂਸ਼ਨ ਜਾਗਰੂਕਤਾ ਮਹੀਨੇ ਦੇ ਸਬੰਧ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ।ਇਸ ਰੈਲੀ ਨੂੰ ਡਾ ਬੰਦਨਾ ਬਾਂਸਲ ਸਿਵਲ ਸਰਜਨ ਨੇ ਦਫਤਰ ਸਿਵਲ ਸਰਜਨ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਰੈਲੀ ਨੇ 25 ਕਿਲੋਮੀਟਰ ਦੀ ਦੂਰੀ ਤੈਅ ਕੀਤੀ ਤੇ ਵਾਪਸ ਦਫਤਰ ਸਿਵਲ ਸਰਜਨ ਵਿਖੇ ਹੀ ਸਮਾਪਤ ਹੋਈ। ਸ਼ਹਿਰ ਦੇ ਮਸ਼ਹੂਰ ਡਾਕਟਰ ਡਾ ਮਦਨ ਮੋਹਨ ਬਾਂਸਲ ਐਮ ਡੀ, ਗੁਰੂ ਨਾਨਕ ਹਸਪਤਾਲ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਉਹਨਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਆਪਣਾ ਬਲੱਡ ਪ੍ਰੈਸ਼ਰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ ਕਿਉਂਕਿ ਜੇਕਰ ਬਲੱਡ ਪ੍ਰੈਸ਼ਰ ਜ਼ਿਆਦਾ ਹੋਵੇਗਾ ਤਾਂ ਸਾਡੇ ਸਰੀਰ ਲਈ ਘਾਤਕ ਸਿੱਧ ਹੋ ਸਕਦਾ ਹੈ। ਇਸ ਨਾਲ ਸਾਡੇ ਗੁਰਦਿਆਂ ਦਾ ਨੁਕਸਾਨ ਹੋ ਸਕਦਾ ਹੈ। ਸਾਡੇ ਸਰੀਰ ਦੇ ਬਹੁਤ ਸਾਰੇ ਅੰਗਾਂ ਦਾ ਨੁਕਸਾਨ ਹੋ ਸਕਦਾ ਹੈ।ਜਿਹੜੇ ਲੋਕਾਂ ਨੂੰ ਡਾਇਲੇਸਿਸ ਕਰਾਉਣ ਦੀ ਜ਼ਰੂਰਤ ਪੈਂਦੀ ਹੈ, ਉਸ ਦਾ ਮੁੱਖ ਕਾਰਨ ਜਿਆਦਾ ਬਲੱਡ ਪ੍ਰੈਸ਼ਰ ਹੋਣਾ ਹੀ ਹੈ।ਉਹਨਾਂ ਕਿਹਾ ਕਿ ਸਮੇਂ ਸਮੇਂ ਤੇ ਮਾਹਰ ਡਾਕਟਰ ਤੋਂ ਆਪਣੇ ਬਲੱਡ ਪ੍ਰੈਸ਼ਰ ਦੀ ਜਾਂਚ ਕਰਾਉਂਦੇ ਰਹਿਣਾ ਚਾਹੀਦਾ ਹੈ ਅਤੇ ਡਾਕਟਰ ਦੀ ਸਲਾਹ ਅਨੁਸਾਰ ਦਵਾਈ ਬਿਨਾਂ ਨਾਗਾ ਲਗਾਤਾਰ ਖਾਂਦੇ ਰਹਿਣਾ ਚਾਹੀਦਾ ਹੈ।ਇਸ ਮੌਕੇ ਡਾ ਬੰਦਨਾ ਬਾਂਸਲ ਸਿਵਲ ਸਰਜਨ ਨੇ ਕਿਹਾ ਕਿ ਬਲੱਡ ਪ੍ਰੈਸ਼ਰ ਵਧਣ ਤੋਂ ਬਚਣ ਲਈ ਸਾਨੂੰ ਆਪਣੇ ਸਰੀਰ ਦਾ ਭਾਰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ ਹੈ ਨਮਕ ਅਤੇ ਚੀਨੀ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ, ਤਲੀਆਂ ਹੋਈਆਂ ਚੀਜ਼ਾਂ ਬਜ਼ਾਰੀ ਖਾਣੇ ਫਾਸਟ ਫੂਡ ਤੋਂ ਪਰਹੇਜ ਕਰਨਾ ਚਾਹੀਦਾ ਹੈ।ਇਸ ਮੌਕੇ ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ ਨੇ ਕਿਹਾ ਕਿ ਜ਼ਿਆਦਾ ਬਲੱਡ ਪ੍ਰੈਸ਼ਰ ਦੀ ਬਿਮਾਰੀ ਤੋਂ ਬਚਣ ਲਈ ਸਾਨੂੰ ਰੋਜ਼ਾਨਾ ਕਸਰਤ ਕਰਨੀ ਚਾਹੀਦੀ ਹੈ ਤੇ ਯੋਗਾ ਅਤੇ ਧਿਆਨ ਕਰਕੇ, ਮਾਨਸਿਕ ਤਣਾਅ ਨੂੰ ਘੱਟ ਕਰਕੇ ਤੇ ਹਰੀਆਂ ਸਬਜ਼ੀਆਂ ਫਲਾਂ ਦਾ ਸੇਵਨ ਜਿਆਦਾ ਕਰਨਾ ਚਾਹੀਦਾ ਹੈ।

## ਬੇਦਖਲੀ ਨੋਟਿਸ

ਮੈਂ ਦੇਬੋ ਪਤਨੀ ਗੁਰਦੇਵ ਵਾਸੀ ਪਿੰਡ ਡੱਲਾ ਤਹਿਸੀਲ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ। ਇਹ ਹੈ ਕਿ ਮੇਰਾ ਲੜਕਾ ਸੁਰਜੀਤ ਕੁਮਾਰ ਜੋ ਸਾਡੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਸਾਡੇ ਨਾਲ ਲੜਾਈ ਝਗੜਾ ਕਰਦਾ ਹੈ। ਮੈਂ ਆਪਣੇ ਲੜਕੇ ਸੁਰਜੀਤ ਕੁਮਾਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।ਉਸ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਮਰੀਕ ਪੁੱਤਰ ਲੇਟ ਸ੍ਰੀ ਸਾਧੂ ਰਾਮ ਵਾਸੀ ਪਿੰਡ ਕੋਹਜਾ, ਡਾਕਖਾਨਾ ਕੋਟਲਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵੀ ਪਾਲ ਵਾ ਉਸ ਦੀ ਪਤਨੀ ਮੀਨਾ ਕੁਮਾਰੀ। ਇਹ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕਿਸੇ ਕਿਸਮ ਦਾ ਤਲਕ ਵਾਸਤਾ ਨਹੀਂ ਹੈ।

ਮੈਂ ਕਸ਼ਮੀਰ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਭਿੱਖੀਵਿੰਡ ਜ਼ਿਲਾ ਤਰਨ ਤਾਰਨ ਸੂਚਿਤ ਕਰਦੀ ਹਨ ਕਿ ਮੇਰੀ ਨੂੰਹ ਸੰਦੀਪ ਕੌਰ ਪਤਨੀ ਗੁਰਸੇਵਕ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਾਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ

ਮੈਂ ਸਵਰਣ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਰਾਜੋਕੇ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ ਮੇਰਾ ਲੜਕਾ ਜੱਜਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ।ਮੈ ਆਪਣੇ ਪੁੱਤਰ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ ਛਿੰਦੋ ਪਤਨੀ ਸ਼ਿੰਗਾਰਾ ਰਾਮ, ਵਾਸੀ ਪੁਵਾਰ ਨਿੱਜਰਾਂ, ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਅਨੂੰ ਅਤੇ ਦੂਜਾ ਲੜਕਾ ਗੁਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ।ਇਸ ਲਈ ਮੈਂ ਉਹਨਾਂ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਪੱਲਵੀ ਪਤਨੀ ਮਹੇਸ਼, ਵਾਸੀ ਮਕਾਨ ਨੰਬਰ 308, ਸ਼ਹੀਦ ਭਗਤ ਸਿੰਘ ਕਲੋਨੀ, ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅੰਕਿਤ, ਨੂੰਹ ਪਾਰੁਲ ਅਤੇ ਪੋਤੀ ਭਵਯਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਜੋਤੀ (ਆਧਾਰ ਨੰ. 5143 7260 5518) ਪਤਨੀ ਲੇਟ ਦਵਿੰਦਰਜੀਤ ਸੋਨੂੰ ਵਾਸੀ ਮਕਾਨ ਨੰ. 108, ਗਲੀ ਨੰ. 02, 33 ਫੁੱਟਾ ਰੋਡ, ਰਾਮ ਨਗਰ, ਮੁੰਡੀਆਂ ਕਲਾਂ, ਲੁਧਿਆਣਾ ਇਹ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਜਸਵਿੰਦਰ ਸਿੰਘ ਅਤੇ ਉਸਦੀ ਪਤਨੀ ਦੀਪਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਦੇ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਰਮਜੀਤ ਕੌਰ ਪਤਨੀ ਗਿਰਜਾ ਸ਼ੰਕਰ ਵਾਸੀ ਮਕਾਨ ਨੰ: 536, ਹਾਊਸਿੰਗ ਬੋਰਡ ਕਾਲੋਨੀ, ਸੀ-ਬਲਾਕ, ਰਣਜੀਤ ਐਵੀਨਿਊ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਤਪਾਲ ਕੁਮਾਰ ਉਰਫ ਕਨੱਈਆ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਆਸ਼ਾ ਰਾਣੀ ਪਤਨੀ ਸ੍ਰੀ ਹੀਰਾ ਲਾਲ ਵਾਸੀ ਮਕਾਨ ਨੰਬਰ 109, ਦਾਤਾ ਰੋਡ, ਕੋਟ ਈਸੇ ਖਾਂ, ਮੋਗਾ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਟੀਨੂ ਅਤੇ ਉਸ ਦੀ ਪਤਨੀ ਜੋਤੀ ਮੇਰੇ ਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ, ਜੋ ਮੇਰੇ ਤੇ ਪਰਵਾਰ ਨਾਲ ਲੜਾਈ-ਝਗੜਾ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈ ਸਵਰਣ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਰਾਜੋਕੇ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ ਮੇਰਾ ਲੜਕਾ ਜੱਜਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ।ਮੈ ਆਪਣੇ ਪੁੱਤਰ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਰਮੇਸ਼ ਵਰਮਾ ਪੁੱਤਰ ਸ੍ਰੀ ਕੁੰਦਨ ਲਾਲ ਵਾਸੀ ਮਕਾਨ ਨੰ: 4, ਕੋਹਿਨੂਰ ਇਨਕਲੇਵ, ਗਲੀ ਨੰ: 2, ਲੱਧੇਵਾਲੀ, ਆਪੋਜ਼ਿਟ ਕਬੀਰ ਐਵੀਨਿਊ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸ਼ਿਵਮ ਵਰਮਾ ਵਾ ਉਸਦੀ ਪਤਨੀ ਦੀਪਾਲੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਕਵਲਜੀਤ ਕੌਰ ਵਿਧਵਾ ਹਰਪਾਲ ਸਿੰਘ ਵਾਸੀ ਹਰਨਾਮ ਨਗਰ ਡੇਰਾ ਬਾਬਾ ਨਾਨਕ ਰੋਡ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਵਾ ਮੇਰੀ ਨੂੰਹ ਰੋਸਨੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬਧਿਤ ਨੋਟ ਕਰਨ।

ਮੈਂ, ਨੇਹਾ ਪਤਨੀ ਸੋਮ ਨਾਥ ਵਾਸੀ 58, ਮੁੱਹਲਾ ਵਾਲਮੀਕੀ ਨਹਿਰੂ ਗੇਟ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰੇ 2 ਪੁੱਤਰ ਅਤੇ ਨੂੰਹ (ਚੇਤਨ ਇਸ ਦੀ ਪਤਨੀ ਪਲਕ ਅਤੇ ਰਘੂਨਾਥ) ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬਧਿਤ ਨੋਟ ਕਰਨ।

ਮੈਂ, ਸਤਨਾਮ ਸਿੰਘ ਪੁੱਤਰ ਸ੍ਰੀ ਹਰਭਜਨ ਸਿੰਘ ਵਾਸੀ ਪਿੰਡ ਡੇਰਹੀਵਾਲ ਦਰੋਗਾ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਜਰਨੈਲ ਸਿੰਘ ਪੁੱਤਰ ਸ੍ਰੀ ਗੁਰਬਖ਼ਸ਼ ਸਿੰਘ ਵਾਸੀ ਪਿੰਡ ਥਾਣਾ, ਡਾ: ਸਹੂੰਗੜਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਰਣਜੀਤ ਸਿੰਘ ਅਤੇ ਉਸਦੀ ਪਤਨੀ ਹਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਮਨਜੀਤ ਕੌਰ ਪਤਨੀ ਤਰਸੇਮ ਸਿੰਘ ਵਾਸੀ ਪਿੰਡ ਨੰਗਲਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕੁਲਵਿੰਦਰ ਸਿੰਘ ਵਾ ਮੇਰੀ ਨੂੰਹ ਸਿਮਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ ਗੁਰਮੀਤ ਕੌਰ ਪਤਨੀ ਲਾਲੀ ਮਸੀਹ ਵਾਸੀ ਅਲਗੋ ਕਲਾ ਤਹਿ: ਪੱਟੀ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦੀ ਹਨ ਕਿ ਮੇਰੇ ਲੜਕੇ ਹੈਪੀ ਸਿੰਘ ਅਤੇ ਕਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਦੋਹਾਂ ਨੂੰ ਆਪਨੀ ਚਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਮੇਰੇ ਇਨ੍ਹਾਂ ਲੜਕਿਆਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਵਿੰਦਰ ਕੌਰ ਪਤਨੀ ਰਾਜਵਿੰਦਰ ਸਿੰਘ ਵਾਸੀ ਐੱਲ-6/2475, ਕ੍ਰਿਸ਼ਨਾ ਨਗਰ, ਡੇਰਾ ਕਾਲੇ ਸ਼ਾਹ, ਗਲੀ ਨੰ: 2, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਸਿਮਰਨਜੋਤੀ ਅਤੇ ਇਸ ਦਾ ਪਤੀ ਨਰਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਗੋਬਿੰਦਪੁਰਾ ਸਕੂਲ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ ਰਿਹਾ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਦਾ ਦਸਵੀਂ ਸ਼੍ਰੇਣੀ ਦਾ ਨਤੀਜਾ ਸੌ ਫੀਸਦੀ ਰਿਹਾ। ਪ੍ਰਿੰਸੀਪਲ ਜਸਵੀਰ ਸਿੰਘ ਬੋਗਾ ਤੇ ਦਸਵੀਂ ਸ਼੍ਰੇਣੀ ਦੇ ਇੰਚਾਰਜ ਅਨੀਤਾ ਰਾਣੀ ਸਾਇੰਸ ਮਿਸਟ੍ਰੈਸ ਤੇ ਮੰਜੂ ਬਾਲਾ ਹਿੰਦੀ ਮਿਸਟ੍ਰੈਸ ਨੇ ਖ਼ੁਸ਼ੀ ਜ਼ਾਹਰ ਕਰਦੇ ਹੋਏ ਦੱਸਿਆ ਕਿ ਬੋਰਡ ਦੀ ਇਸ ਪ੍ਰੀਖਿਆ ਵਿੱਚ ਸਕੂਲ ਦੇ 59 ਵਿਦਿਆਰਥੀਆਂ ਨੇ ਭਾਗ ਲਿਆ ਸੀ। ਇਹਨਾਂ ਵਿਚ ਕਿ ਸਕੂਲ 'ਚੋਂ ਪਹਿਲੀਆਂ ਤਿੰਨੇ ਪੁਜ਼ੀਸ਼ਨਾਂ ਲੜਕੀਆਂ ਨੇ ਹਾਸਲ ਕੀਤੀਆਂ, ਜਿਨ੍ਹਾਂ ਵਿੱਚੋਂ ਮਹਿਕਦੀਪ ਕੌਰ ਨੇ 650 'ਚੋਂ 519 ਅੰਕ (79.84 ਪ੍ਰਤੀਸ਼ਤ) ਪ੍ਰਾਪਤ ਕਰਕੇ ਸਕੂਲ 'ਚੋਂ ਪਹਿਲਾ, ਖ਼ੁਸ਼ਪ੍ਰੀਤ ਕੌਰ ਨੇ 517 ਅੰਕ (79.54 ਪ੍ਰਤੀਸ਼ਤ) ਪ੍ਰਾਪਤ ਕਰਕੇ ਦੂਜਾ ਤੇ ਜੈਸਮੀਨ ਨੇ 516 ਅੰਕ (79.38 ਪ੍ਰਤੀਸ਼ਤ) ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਤੇ ਸਮੂਹ ਸਟਾਫ ਨੇ ਸ਼ਾਨਦਾਰ ਨਤੀਜਾ ਆਉਣ 'ਤੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੋਮੈਂਟੋ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਦਸਵੀਂ ਸ਼੍ਰੇਣੀ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਜਗਸੀਰ ਸਿੰਘ ਪੰਜਾਬੀ ਮਾਸਟਰ, ਕਿਰਨਜੀਤ ਕੌਰ ਪੰਜਾਬੀ ਮਿਸਟ੍ਰੈਸ, ਕਰੁਣਾ ਹਿੰਦੀ ਮਿਸਟ੍ਰੈਸ, ਰਮਨਦੀਪ ਕੌਰ, ਗੁਰਜੰਟ ਕੌਰ, ਸੀਮਾ ਰਾਣੀ ਤਿੰਨੇ ਸਮਾਜਿਕ ਸਿੱਖਿਆ ਮਿਸਟ੍ਰੈਸ, ਕੁਲਵੀ ਮਹਿਤਾ ਸਾਇੰਸ ਮਿਸਟ੍ਰੈਸ, ਪ੍ਰਵੀਨ ਕੁਮਾਰ ਗਣਿਤ ਮਾਸਟਰ, ਰਚਨਾ ਤੇ ਮੋਨਿਕਾ ਕੰਪਿਊਟਰ ਟੀਚਰ, ਕੁਲਵਿੰਦਰ ਸਿੰਘ ਡੀ. ਪੀ. ਈ., ਵੋਕੇਸ਼ਨਲ ਟ੍ਰੇਨਰ ਰਾਜਪ੍ਰੀਤ ਕੌਰ ਤੇ ਅੰਮ੍ਰਿਤਪਾਲ ਸਿੰਘ ਸਮੇਤ ਹਾਜ਼ਰ ਸਟਾਫ ਨੇ ਸਾਰੇ ਵਿਦਿਆਰਥੀਆਂ ਨੂੰ ਵਧੀਆ ਅੰਕਾਂ ਨਾਲ ਪਾਸ ਹੋਣ 'ਤੇ ਵਧਾਈ ਦਿੱਤੀ।

## ਭਾਰਤ ਭੂਸ਼ਨ ਦੀ ਜਿੱਤ ਯਕੀਨੀ : ਧਰਮ ਪਹਾੜਪੁਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਦੇ ਸੀਨੀਅਰ ਆਗੂ ਧਰਮ ਸਿੰਘ ਪਹਾੜਪੁਰ ਨੇ ਕਿਹਾ ਕਿ ਲੁਧਿਆਣਾ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਜ਼ਿਮਨੀ ਚੋਣ ਵਿੱਚ ਇਕ ਵਾਰ ਫਿਰ ਤੋਂ ਸ਼ਾਨਦਾਰ ਜਿੱਤ ਹਾਸਲ ਕਰਨਗੇ। ਪਹਾੜਪੁਰ ਵੱਲੋਂ ਵਿਧਾਨ ਸਭਾ ਹਲਕਾ ਲੁਧਿਆਣਾ ਦੇ ਵੱਖ-ਵੱਖ ਇਲਾਕਿਆਂ ਵਿੱਚ ਮੀਟਿੰਗਾਂ ਕਰਕੇ ਤੇ ਡੋਰ-ਟੂ-ਡੋਰ ਜਾ ਕੇ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਦੇ ਪੱਖ ਵਿੱਚ ਪ੍ਰਚਾਰ ਕੀਤਾ ਗਿਆ। ਇਸ ਦੌਰਾਨ ਕਾਂਗਰਸ ਪਾਰਟੀ ਦੀਆਂ ਲੋਕ ਭਲਾਈ ਨੀਤੀਆਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ।ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਲੋਕਾਂ ਵੱਲੋਂ ਮਿਲ ਰਿਹਾ ਸਾਥ ਇਹ ਸਿੱਧ ਕਰਦਾ ਹੈ ਕਿ ਲੁਧਿਆਣਾ ਤੋਂ ਵਿਧਾਨ ਸਭਾ ਦੀ ਚੋਣ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਪੱਕੀ ਹੈ।

# ਚਿੱਟੇ ਦੇ ਮਾਮਲੇ 'ਚ ਬਰਖਾਸਤ ਮਹਿਲਾ ਪੁਲਸ ਮੁਲਾਜ਼ਮ ਵਿਜੀਲੈਂਸ ਵੱਲੋਂ ਗ੍ਰਿਫਤਾਰ

### ਕਰੋੜਾਂ ਰੁਪਏ ਦੀ ਜਾਇਦਾਦ ਵੀ ਕੀਤੀ ਫਰੀਜ਼



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸੋਸ਼ਲ ਮੀਡੀਆ 'ਤੇ ਰੀਲਾਂ ਪਾਉਣ ਵਾਲੀ ਕਾਲੀ ਥਾਰ ਵਿੱਚ 17.71 ਗ੍ਰਾਮ ਚਿੱਟੇ ਨਾਲ ਫੜੀ ਬਰਖਾਸਤ ਮਹਿਲਾ ਪੁਲਸ ਮੁਲਾਜ਼ਮ ਜੇਲ੍ਹ ਯਾਤਰਾ ਤੋਂ ਬਾਅਦ ਜ਼ਮਾਨਤ 'ਤੇ ਬਾਹਰ ਆ ਗਈ ਸੀ।ਹੁਣ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਤਹਿਤ ਰੀਲਾਂ ਬਣਾਉਣ ਵਾਲੀ ਅਮਨਦੀਪ ਕੌਰ ਨੂੰ ਵਿਜੀਲੈਂਸ ਵਿਭਾਗ ਦੀ ਟੀਮ ਵੱਲੋਂ ਪਿੰਡ ਬਾਦਲ ਵਿਖੇ ਪ੍ਰਸਿੱਧ ਗਾਇਕਾ ਅਫਸਾਨਾ ਖਾਨ ਦੇ ਘਰੋਂ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਤਾਂ ਇਹ ਵੀ ਹੈ ਕਿ ਉਸ ਨੂੰ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦਰਜ ਕੀਤੇ ਕੇਸ ਵਿੱਚ ਪੁੱਛਗਿੱਛ ਲਈ ਵਿਜੀਲੈਂਸ ਦਫਤਰ ਬਠਿੰਡਾ ਵਿਖੇ ਬੁਲਾਇਆ ਗਿਆ, ਜਿੱਥੇ ਉਸ ਦੀ ਗ੍ਰਿਫਤਾਰੀ ਪਾ ਦਿੱਤੀ ਅਤੇ ਕਰੋੜਾਂ ਰੁਪਏ ਦੀ ਜਾਇਦਾਦ ਵੀ ਫਰੀਜ਼ ਕਰ ਦਿੱਤੀ।ਵਿਜੀਲੈਂਸ ਵੱਲੋਂ ਜਾਰੀ ਪ੍ਰੈੱਸ ਬਿਆਨ ਰਾਹੀਂ ਦੱਸਿਆ ਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ ਹੇਠ ਭ੍ਰਿਸ਼ਟਾਚਾਰ ਖਿਲਾਫ ਚਲਾਈ ਮੁਹਿੰਮ ਤਹਿਤ ਬਾਗ ਮਹਿਲਾ ਸੀਨੀਅਰ ਸਿਪਾਹੀ ਅਮਨਦੀਪ ਕੌਰ ਨੰਬਰ 621 ਮਾਨਸਾ ਨੂੰ ਆਮਦਨ ਦੇ ਜਾਣੇ ਪਹਿਚਾਣੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਜਾਣਕਾਰੀ ਦਿੰਦੇ ਦੱਸਿਆ ਕਿ ਸ਼ਿਕਾਇਤ ਨੰਬਰ 94/25 ਦੀ ਜਾਂਚ ਤੋਂ ਬਾਅਦ ਮੁਲਜ਼ਮ ਅਮਨਦੀਪ ਕੌਰ ਖਿਲਾਫ ਬਠਿੰਡਾ ਰੇਂਜ ਦੇ ਪੁਲਸ ਥਾਣਾ ਵਿਜੀਲੈਂਸ ਬਿਊਰੋ ਵਿਖੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਹੈ।ਇਸ ਜਾਂਚ ਦੌਰਾਨ ਉਕਤ ਮੁਲਜ਼ਮ ਦੀ ਤਨਖਾਹ ਬੈਂਕ ਖਾਤਿਆਂ ਤੇ ਕਰਜ਼ੇ ਦੇ ਰਿਕਾਰਡ ਦੇ ਨਾਲ ਨਾਲ ਉਸ ਵੱਲੋਂ ਸਾਲ 2018 ਤੇ 2025 ਦਰਮਿਆਨ ਬਣਾਈਆਂ ਗਈਆਂ ਚੱਲ ਤੇ ਅਚੱਲ ਜਾਇਦਾਦਾਂ ਦੇ ਵੇਰਵਿਆਂ ਦੀ ਵੀ ਜਾਂਚ ਕੀਤੀ ਗਈ। ਉਨ੍ਹਾਂ ਖੁਲਾਸਾ ਕੀਤਾ ਕਿ ਅਮਨਦੀਪ ਕੌਰ ਦੀ ਕੁੱਲ ਆਮਦਨ ਇਕ ਕਰੋੜ 8 ਲੱਖ37,550 ਰੁਪਏ ਦੇ ਮੁਕਾਬਲੇ ਉਸ ਦਾ ਖਰਚ ਇਕ ਕਰੋੜ 39 ਲੱਖ 64,802 ਪਏ 97 ਪੈਸੇ ਪਾਇਆ ਗਿਆ ਹੈ।ਉਸ ਨੇ ਆਮਦਨ ਦੇ ਜਾਣੇ ਪਹਿਚਾਣੇ ਸਰੋਤਾਂ ਤੋਂ 31 ਲੱਖ 27252 ਰੁਪਏ 97 ਪੈਸੇ ਜਾਇਜ਼ ਕਮਾਈ ਤੋਂ 28.85 ਫੀਸਦੀ ਵੱਧ ਹੈ।ਉਨ੍ਹਾਂ ਦੱਸਿਆ ਕਿ ਸਾਹਮਣੇ ਆਏ ਤੱਥਾਂ ਦੇ ਅਧਾਰ ਤੇ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 ਦੇ ਤਹਿਤ ਵਿਜੀਲੈਂਸ ਬਿਊਰੋ ਥਾਣਾ ਬਠਿੰਡਾ ਰੇਂਜ ਵਿਖੇ ਮੁਕੱਦਮਾ ਨੰਬਰ 15 ਮਿਤੀ 26 ਮਈ 2025 ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।ਜ਼ਿਕਰਯੋਗ ਹੈ ਕਿ ਉਕਤ ਬਰਖਾਸਤ ਮਹਿਲਾ ਪੁਲਸ ਮੁਲਾਜ਼ਮ ਅਮਨਦੀਪ ਕੌਰ ਹਾਲ ਵਿੱਚ ਹੀ ਜ਼ਮਾਨਤ 'ਤੇ ਬਾਹਰ ਆਈ ਸੀ ਅਤੇ ਆਉਂਦੇ ਸਾਰ ਹੀ ਇੱਕ ਪ੍ਰਾਈਵੇਟ ਯੂਟਿਊਬ ਚੈਨਲ ਨੂੰ ਇੰਟਰਵਿਊ ਦਿੱਤੀ ਗਈ, ਜਿਸ ਵਿੱਚ ਉਸ ਵੱਲੋਂ ਆਪਣੇ ਕਈ ਦੋਸ਼ਾਂ ਦੀਆਂ ਸਫਾਈਆਂ ਦੇਣ ਦੀ ਕੋਸ਼ਿਸ਼ ਕੀਤੀ, ਪਰ ਕਿਤੇ ਨਾ ਕਿਤੇ ਉਹ ਦੋਸ਼ ਕਾਨੂੰਨ ਮੁਤਾਬਕ ਵਿਜੀਲੈਂਸ ਵਿਭਾਗ ਨੂੰ ਰੜਕ ਗਏ, ਜਿਸ ਕਰਕੇ ਵਿਜੀਲੈਂਸ ਵਿਭਾਗ ਵੱਲੋਂ ਕੇਸ ਦਰਜ ਕਰਕੇ ਗ੍ਰਿਫਤਾਰੀ ਪਾ ਦਿੱਤੀ ਹੈ।ਵਿਜੀਲੈਂਸ ਵਿਭਾਗ ਵੱਲੋਂ ਅਮਨਦੀਪ ਕੌਰ ਦੀ ਵਿਰਾਟ ਗਰੀਨ ਸਥਿਤ ਕੋਠੀ ਦੀ ਕੀਮਤ 99 ਲੱਖ ਰੁਪਏ ਗਰੀਨ ਸਿਟੀ ਕਲੋਨੀ ਵਿੱਚ ਪਲਾਟ ਦੀ ਕੀਮਤ 18 ਲੱਖ 12 ਤੇ ਇੱਕ ਹੋਰ ਪਲਾਟ ਦੀ ਕੀਮਤ 14 ਲੱਖ ਰੁਪਏ ਪਾਈ ਗਈ ਹੈ। ਉਸ ਦੇ ਕੋਲ ਇੱਕ ਬੁਲਟ ਮੋਟਰਸਾਈਕਲ ਦੀ ਕੀਮਤ 70 ਹਜ਼ਾਰ ਤੇ ਇੱਕ ਰਿਲੈਕਸ ਦੀ ਘੜੀ ਜਿਸਦੀ ਕੀਮਤ 1 ਲੱਖ ਰੁਪਏ ਪਾਈ ਗਈ ਹੈ, ਜੋ ਫਰੀਜ ਕਰਨ ਦੀ ਵੀ ਗੱਲ ਸਾਹਮਣੇ ਆਈ ਹੈ।

## ਡਾ. ਬਲਬੀਰ ਸਿੰਘ ਵੱਲੋਂ ਜੱਸੋਵਾਲ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ ਦੇ ਪ੍ਰਾਕ੍ਰਿਤਕ ਵਾਤਾਵਰਣ ਨੂੰ ਸੰਭਾਲਣ ਦੇ ਉਦੇਸ਼ ਨਾਲ ਚਲਾਏ ਜਾ ਰਹੇ ਕਾਰਜਾਂ ਸਦਕਾ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਵੱਲੋਂ ਪਟਿਆਲਾ ਦਿਹਾਤੀ ਖੇਤਰ ਦੇ ਪਿੰਡ ਜੱਸੋਵਾਲ ਵਿਖੇ ਬੀ.ਡੀ.ਪੀ.ਓ. ਦਫਤਰ ਦੀ ਨਵੀਂ ਇਮਾਰਤ ਤੇ ਪਿੰਡ ਦੇ ਛੱਪੜ ਦੇ ਨਵੀਨੀਕਰਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਹਮੇਸ਼ਾ ਲੋਕਾਂ ਦੀ ਸੇਵਾ ਵਿੱਚ ਤਤਪਰ ਰਹੀ ਹੈ ਤੇ ਆਗਾਮੀ ਦਿਨਾਂ ਵਿੱਚ ਹੋਰ ਵੀ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਜਾਵੇਗੀ।ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪੇਂਡੂ ਖੇਤਰਾਂ ਵਿੱਚ ਵਾਤਾਵਰਣ ਸੰਭਾਲ ਨੂੰ ਆਪਣੀ ਤਰਜੀਹ ਬਣਾ ਰਹੀ ਹੈ।ਪਿੰਡਾਂ ਦੇ ਛੱਪੜ ਸਿਰਫ ਪਾਣੀ ਦੇ ਸਰੋਤ ਨਹੀਂ, ਸਗੋਂ ਸਾਂਝੀ ਵਿਰਾਸਤ ਹਨ।ਇਨ੍ਹਾਂ ਦੀ ਸਫਾਈ, ਨਵੀਨੀਕਰਨ ਤੇ ਸੁੰਦਰਤਾ ਸਿਰਫ਼ ਪਰਿਆਵਰਨ ਹੀ ਨਹੀ, ਸਗੋਂ ਸਾਂਝੀ ਆਰਥਿਕਤਾ ਅਤੇ ਜਨ ਜੀਵਨ ਨਾਲ ਜੁੜੀ ਹੈ।ਇਨ੍ਹਾਂ ਪ੍ਰੋਜੈਕਟਾਂ ਦੀ ਲੰਬੇ ਸਮੇਂ ਤੋਂ ਸਥਾਨਕ ਵਾਸੀਆਂ ਵੱਲੋਂ ਮੰਗ ਕੀਤੀ ਜਾ ਰਹੀ ਸੀ, ਜਿਸ ਨੂੰ ਪੂਰਾ ਕਰਦਿਆਂ ਲੋਕਾਂ ਨੂੰ ਰਾਹਤ ਮਿਲੀ ਹੈ।ਉਨ੍ਹਾਂ ਦੱਸਿਆ ਕਿ ਇਹ ਦੋਵੇਂ ਪ੍ਰੋਜੈਕਟ 1 ਕਰੋੜ 40 ਲੱਖ ਦੀ ਲਾਗਤ ਨਾਲ ਤਿਆਰ ਕੀਤੇ ਜਾਣਗੇ।ਇਨ੍ਹਾਂ ਦੇ ਨਾਲ-ਨਾਲ ਛੱਪੜ ਦੇ ਨੇੜੇ ਇੱਕ ਆਧੁਨਿਕ ਪਾਰਕ ਬਣਾਇਆ ਜਾਵੇਗਾ, ਜਿਸ ਵਿੱਚ ਪੈਦਲ ਪਥ, ਬੱਚਿਆਂ ਲਈ ਝੂਲੇ, ਲਾਈਟਿੰਗ ਤੇ ਬੈਠਣ ਲਈ ਚੌਕੀ-ਬੈਂਚਾਂ ਦੀ ਸੁਵਿਧਾ ਹੋਵੇਗੀ।ਇਸ ਮੌਕੇ ਕੌਂਸਲਰ ਜਸਬੀਰ ਸਿੰਘ ਗਾਂਧੀ, ਜੈ ਸ਼ੰਕਰ ਸ਼ਰਮਾ, ਸਰਪੰਚ ਗੁਰਨਾਮ ਸਿੰਘ ਪੰਚ ਗੁਲਜ਼ਾਰ ਸਿੰਘ, ਪੰਚ ਰਜਿੰਦਰ ਸਿੰਘ, ਪੰਚ ਅਮਜ਼ਦ ਖਾਨ, ਪੰਚ ਗੁਰਪ੍ਰੀਤ ਸਿੰਘ, ਪੰਚ ਪਰਮਜੀਤ ਕੌਰ, ਪੰਚ ਸੁਖਨਰਿੰਦਰ ਕੌਰ, ਪੰਚ ਪਰਮਜੀਤ ਕੌਰ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

## ਮਿੰਨੀ ਅਪ੍ਰੇਟਰ ਐਸੋਸੀਏਸ਼ਨ ਦੀ ਚੋਣ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਭਦੌੜ ਵਿਖੇ ਮਿੰਨੀ ਅਪ੍ਰੇਟਰ ਐਸੋਸੀਏਸ਼ਨ ਦੀ ਮੀਟਿੰਗ ਹੋਈ, ਜਿਸ ਵਿੱਚ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਬੱਬੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਰਦੀਪ ਸਿੰਘ ਚੇਅਰਮੈਨ ਪੰਜਾਬ ਦੀ ਅਗਵਾਈ ਵਿੱਚ ਇਕਬਾਲ ਸਿੰਘ ਸੀਨੀਅਰ ਮੀਤ ਪ੍ਰਧਾਨ, ਕੁਲਦੀਪ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ, ਜਗਮੋਹਨ ਸਿੰਘ ਉਪ ਸਲਾਹਕਾਰ, ਸ਼ਵਿੰਦਰ ਸਿੰਘ ਜੁਆਇੰਟ ਸੈਕਟਰੀ, ਦਿਲਬਾਗ ਸਿੰਘ ਸੀਨੀਅਰ ਆਗੂ ਦੀ ਮੌਜੂਦਗੀ ਵਿੱਚ ਗੁਰਤੇਜ ਸਿੰਘ ਨੈਣੇਵਾਲ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਮੰਗਾ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਸੀਨੀਅਰ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਡੀ ਸੀ ਮੀਤ ਪ੍ਰਧਾਨ, ਅਮਨਦੀਪ ਸਰਪੰਚ ਸੈਕਟਰੀ, ਸੁੱਖੀ ਢਿੱਲੋਂ ਖ਼ਜ਼ਾਨਚੀ, ਪਾਲ ਸਿੰਘ ਮੁੱਖ ਸਲਾਹਕਾਰ, ਰਾਜ ਕੁਮਾਰ ਨੂੰ ਸਰਪ੍ਰਸਤ ਚੁਣਿਆ ਗਿਆ।

## ਭਾਈ ਭੁਪਿੰਦਰ ਸਿੰਘ ਦੀ ਮੌਤ 'ਤੇ ਦੁੱਖ ਪ੍ਰਗਟ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਾਈ ਭੁਪਿੰਦਰ ਸਿੰਘ ਚਹਿਲ (78) ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ।ਉਨ੍ਹਾਂ ਦੇ ਪੁੱਤਰ ਅਮਨਦੀਪ ਸਿੰਘ ਨਾਲ ਅਫਸੋਸ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਤੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਦੁਖੀ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।ਹਨੀ ਫੱਤਣਵਾਲਾ ਨੇ ਕਿਹਾ ਕਿ ਭਾਈ ਭੁਪਿੰਦਰ ਸਿੰਘ ਚਹਿਲ ਇੱਕ ਬਹੁਤ ਹੀ ਨੇਕ ਦਿਲ ਤੇ ਮਿਲਣਸਾਰ ਵਿਅਕਤੀ ਸਨ ਤੇ ਹਰ ਸਮੇਂ ਗੁਰੂ ਘਰ ਦੀ ਸੇਵਾ ਕਰਦੇ ਸਨ।ਉਨ੍ਹਾਂ ਦੇ ਚਲੇ ਜਾਣ ਨਾਲ ਪਰਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਡਾ. ਰਵਜੋਤ ਸਿੰਘ ਵੱਲੋਂ ਰਾਜਪੁਰਾ ਨਗਰ ਕੌਂਸਲ ਦੇ ਵਿਕਾਸ ਪ੍ਰੋਜੈਕਟਾਂ ਦਾ ਜਾਇਜ਼ਾ



**ਰਾਜਪੁਰਾ (ਰਾਜਿੰਦਰ ਸਿੰਘ ਥਿੰਦ)**-ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਨਗਰ ਕੌਂਸਲ ਦਫ਼ਤਰ ਵਿਖੇ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਅਤੇ ਬੁਨਿਆਦੀ ਢਾਂਚੇ ਦੇ ਸੁਧਾਰਾਂ ਦਾ ਮੁਲਾਂਕਣ ਕਰਨ ਲਈ ਇੱਕ ਸਮੀਖਿਆ ਮੀਟਿੰਗ ਕੀਤੀ।ਮੀਟਿੰਗ ਵਿੱਚ ਵਿਧਾਇਕ ਨੀਨਾ ਮਿੱਤਲ, ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ, ਐਸ.ਡੀ.ਐਮ ਅਵਿਕੇਸ਼ ਗੁਪਤਾ, ਕਾਰਜ ਸਾਧਕ ਅਫ਼ਸਰ ਅਵਤਾਰ ਚੰਦ ਸਮੇਤ ਕੌਂਸਲਰ ਤੇ ਹੋਰ ਅਧਿਕਾਰੀ ਸ਼ਾਮਲ ਸਨ।ਇਸ ਦੌਰਾਨ ਡਾ. ਰਵਜੋਤ ਸਿੰਘ ਨੇ ਸਫਾਈ, ਸੁੰਦਰੀਕਰਨ, ਸੜਕ ਨਿਰਮਾਣ, ਸਟਰੀਟ ਲਾਈਟਿੰਗ, ਪਾਣੀ ਦੀ ਸਪਲਾਈ ਤੇ ਸੀਵਰੇਜ ਪ੍ਰਬੰਧਨ, ਨਗਰ ਕੌਂਸਲ ਦੀ ਆਮਦਨ ਵਧਾਉਣ ਸਮੇਤ ਬੁਨਿਆਦੀ ਸਹੂਲਤਾਂ ਵਿੱਚ ਹੋਰ ਸੁਧਾਰਾਂ ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਕੌਂਸਲਰਾਂ ਨਾਲ ਤਾਲਮੇਲ ਕਰਨ ਤੇ ਵਾਰਡ ਪੱਧਰ ਦੇ ਮੁੱਖ ਪ੍ਰੋਜੈਕਟਾਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਵਿਧਾਇਕ ਨੀਨਾ ਮਿੱਤਲ ਵੱਲੋਂ ਉਠਾਏ ਮਸਲੇ ਤੁਰੰਤ ਹੱਲ ਕਰਨ ਦੇ ਵੀ ਨਿਰਦੇਸ਼ ਦਿੱਤੇ।ਮੰਤਰੀ ਡਾ. ਰਵਜੋਤ ਸਿੰਘ ਨੇ ਨਿਗਮ ਅਧਿਕਾਰੀਆਂ ਨੂੰ ਕੌਂਸਲਰਾਂ ਨਾਲ ਮਿਲ ਕੇ ਕੰਮ ਕਰਨ ਦੀ ਤਾਕੀਦ ਕੀਤੀ।ਉਨ੍ਹਾਂ ਚੇਤਾਵਨੀ ਦਿੱਤੀ ਕਿ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਸਾਹਮਣੇ ਆਉਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਧਿਕਾਰੀ ਤੇ ਕਰਮਚਾਰੀ ਲੋਕਾਂ ਨੂੰ ਸੁਚੱਜਾ ਪ੍ਰਸ਼ਾਸਨ, ਬਿਹਤਰ ਸਹੂਲਤਾਂ ਤੇ ਸਮਾਂਬੱਧ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਦੇ ਲਈ ਕੋਈ ਕੁਤਾਹੀ ਨਾ ਕਰਨ ਤੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਦੂਰ ਕਰਨ ਲਈ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ।ਡਾ. ਰਵਜੋਤ ਸਿੰਘ ਨੇ ਕੌਂਸਲਰਾਂ ਤੋਂ ਫੀਡਬੈਕ ਲੈਂਦਿਆਂ ਸ਼ਹਿਰ ਦੀ ਸਫ਼ਾਈ ਦੇ ਯਤਨਾਂ ਵਿੱਚ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ। ਉਨ੍ਹਾਂ ਇਹ ਵੀ ਕਿਹਾ ਕੀਤਾ ਕਿ ਉਹ ਰਾਜਪੁਰਾ ਦੀ ਸਫ਼ਾਈ ਦਾ ਨਿੱਜੀ ਤੌਰ 'ਤੇ ਕਿਸੇ ਸਮੇਂ ਸਵੇਰੇ-ਸਵੇਰੇ ਆ ਕੇ ਜਾਇਜ਼ਾ ਲੈਣਗੇ।ਮੰਤਰੀ ਨੇ ਐਮਆਰਐਫ (ਮਟੀਰੀਅਲ ਰਿਕਵਰੀ ਫੈਸਿਲਿਟੀ) ਸੈਂਟਰਾਂ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪਲਾਂਟਾਂ ਦੇ ਕੰਮਕਾਜ ਦੀ ਵੀ ਸਮੀਖਿਆ ਕੀਤੀ।



**ਮਨਿਸਟਰੀਅਲ ਸਰਵਿਸ ਯੂਨੀਅਨ ਪੰਜਾਬ ਵੱਲੋਂ ਸਵ: ਸਰਦਾਰ ਭਾਗ ਸਿੰਘ ਮਲੂਕਾ ਹਾਲ ਦਾ ਗ੍ਰੈਂਡ ਵੀਵਾਨ ਰਿਜੋਰਟ ਬਠਿੰਡਾ ਵਿਖੇ ਕਰਾਏ ਸੂਬਾਈ ਡੈਲੀਗੇਟ ਕਾਨਫਰੰਸ ਦੌਰਾਨ ਮਨਿਸਟ੍ਰੀਅਲ ਸਰਵਿਸ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਹਰਪਾਲ ਸਿੰਘ ਪਟਿਆਲਾ, ਟੀ ਐੱਸ ਯੂ ਥਰਮਲ ਪਲਾਂਟ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਂਟ ਕਰਦੇ ਹੋਏ।** (ਵੇਰਵਾ: ਭੀਮ ਸੈਨ ਹਦਵਾਰੀਆ, ਲਹਿਰਾ ਮੁਹੱਬਤ)

# ਸਰਹਿੰਦ ਫਤਹਿ ਦਿਵਸ ਮੌਕੇ ਨੈਸ਼ਨਲ ਪੱਧਰੀ ਗੱਤਕਾ ਮੁਕਾਬਲੇ 'ਚ ਵਰਲਡ 'ਵਰਸਿਟੀ ਦਾ ਸ਼ਾਨਦਾਰ ਪ੍ਰਦਰਸ਼ਨ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਫਤਹਿ ਦਿਵਸ ਨੂੰ ਸਮਰਪਤ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਮੈਨੇਜਰ ਗੁਰਦਵਾਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਸਹਿਯੋਗ ਨਾਲ ਨੈਸ਼ਨਲ ਪੱਧਰ ਦੇ ਗੱਤਕਾ ਮੁਕਾਬਲੇ ਗੁਰਦਵਾਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਕਰਵਾਏ ਗਏ।ਇਨ੍ਹਾਂ ਗੱਤਕਾ ਮੁਕਾਬਲਿਆਂ 'ਚ ਗੁਰੂ ਕਾਸ਼ੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਦਿੱਲੀ ਯੂਨੀਵਰਸਿਟੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀਆਂ ਟੀਮਾਂ ਨੇ ਭਾਗ ਲਿਆ ਸੀ।ਇਸ ਮੌਕੇ ਲੜਕੇ ਤੇ ਲੜਕੀਆਂ ਦੇ ਵਰਗ ਵਿੱਚ ਫਰੀ ਸੋਟੀ ਦੇ ਮੁਕਾਬਲੇ ਕਰਵਾਏ ਗਏ।

ਲੜਕਿਆਂ ਦੇ ਵਰਗ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਖਿਡਾਰੀ ਜਸਕਰਨ ਸਿੰਘ ਨੇ ਪਹਿਲਾ, ਦਿੱਲੀ ਯੂਨੀਵਰਸਿਟੀ ਦੀ ਟੀਮ ਦੇ ਖਿਡਾਰੀ ਨੇ ਦੂਜਾ ਤੇ ਤੀਸਰਾ ਸਥਾਨ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖ਼ਿਡਾਰੀ ਨੇ ਹਾਸਲ ਕੀਤਾ।ਲੜਕੀਆਂ ਦੇ ਵਰਗ 'ਚ ਪੰਜਾਬੀ ਯੂਨੀਵਰਸਿਟੀ ਤੋਂ ਜਸ਼ਨਦੀਪ ਕੌਰ ਨੇ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਤੋਂ ਕਿਰਪਾਲ ਕੌਰ ਨੇ ਦੂਜਾ ਤੇ ਗੁਰੂ ਕਾਸ਼ੀ ਦੀ ਖ਼ਿਡਾਰਨ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਕੀਤੀ।

ਗੱਤਕਾ ਮੁਕਾਬਲੇ ਦੀ ਜੱਜਮੈਂਟ ਦੀ ਸੇਵਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਡ ਵਿਭਾਗ ਦੇ ਇੰਚਾਰਜ ਗੁਰਪ੍ਰੀਤ ਸਿੰਘ, ਤਲਵਿੰਦਰ ਸਿੰਘ ਗੱਤਕਾ ਕੋਚ, ਗੁਰਪ੍ਰੀਤ ਸਿੰਘ ਅੰਮ੍ਰਿਤਸਰ, ਹਰਸਿਮਰਨ ਸਿੰਘ ਜਫ਼ਰਵਾਲ ਤੇ ਹਰਜਿੰਦਰ ਸਿੰਘ ਕਿੱਲੀ ਵੱਲੋਂ ਨਿਭਾਈ ਗਈ।ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾਕਟਰ ਪ੍ਰਿਤਪਾਲ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ, ਵਿਭਾਗ ਮੁਖੀ ਡਾ. ਭੁਪਿੰਦਰ ਸਿੰਘ ਘੁੰਮਣ ਤੇ ਯੂਨੀਵਰਸਿਟੀ ਦੇ ਅੰਦਰੂਨੀ ਗੁਣਵੱਤਾ ਨਿਰਧਾਰਨ ਸੈੱਲ ਦੇ ਕੋਆਡੀਨੇਟਰ ਡਾ. ਅੰਕਦੀਪ ਕੌਰ ਅਟਵਾਲ ਨੇ ਯੂਨੀਵਰਸਿਟੀ ਗੱਤਕਾ ਕੋਚ ਤਲਵਿੰਦਰ ਸਿੰਘ, ਯੂਨੀਵਰਸਿਟੀ ਦੇ ਗੱਤਕਾ ਖ਼ਿਡਾਰੀ ਜਸਕਰਨ ਸਿੰਘ ਤੇ ਕਿਰਨਪਲ ਕੌਰ ਨੂੰ ਵਧਾਈ ਦਿੱਤੀ।

# ਰਜਬਾਹਾ ਕਰਮਗੜ੍ਹ ਨਵੀਨੀਕਰਨ ਮਾਮਲੇ 'ਚ ਮੰਤਰੀ ਨੂੰ ਮੰਗ ਪੱਤਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਰਜਬਾਹਾ ਕਰਮਗੜ੍ਹ ਦੀ ਅਤਾਲਾਂ ਬ੍ਰਾਂਚ ਦੇ ਕੀਤੇ ਜਾ ਰਹੇ ਨਵੀਨੀਕਰਨ ਦੌਰਾਨ ਰਜਬਾਹੇ ਨੂੰ ਪਾਤੜਾਂ ਸ਼ਹਿਰ ਤੇ ਬਾਈਪਾਸ ਦੇ ਨੇੜੇ ਲੈਂਟਰ ਪਾ ਕੇ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਕਈ ਕਲੋਨੀਆਂ ਦੇ ਵਸਨੀਕ ਨਹਿਰੀ ਵਿਭਾਗ ਦੇ ਮੰਤਰੀ ਬਰਿੰਦਰ ਗੋਇਲ ਨੂੰ ਮਿਲੇ ਤੇ ਉਨ੍ਹਾਂ ਵੱਲੋਂ ਸ਼ਹਿਰ ਵਾਸੀਆਂ ਦੀ ਮੰਗ ਅਨੁਸਾਰ ਰਜਬਾਹੇ ਦੇ ਬਣਾਏ ਜਾਣ ਦਾ ਯਕੀਨ ਦਿਵਾਇਆ ਗਿਆ।ਗੁਰਦਿੱਤ ਸਿੰਘ, ਮਨੋਜ ਕੁਮਾਰ ਸਿੰਗਲਾ, ਕਪਿਲ ਦੇਵ ਕੁਮਾਰ, ਰਾਕੇਸ਼ ਕੁਮਾਰ, ਰਾਮਤੇਜ, ਅਮਰਜੀਤ ਸਿੰਘ ਅਰੋੜਾ ਤੇ ਜਸਵਿੰਦਰ ਸਿੰਘ ਦੀ ਅਗਵਾਈ 'ਚ ਇਕੱਤਰ ਲੋਕਾਂ ਨੇ ਕਿਹਾ ਕਿ ਕਰਮਗੜ੍ਹ ਰਜਬਾਹੇ ਦੀ ਅਤਾਲਾਂ ਬ੍ਰਾਂਚ ਦਾ ਪੰਜਾਬ ਸਰਕਾਰ ਵੱਲੋਂ ਨਵੀਨੀਕਰਨ ਕੀਤਾ ਜਾ ਰਿਹਾ ਹੈ ਤੇ ਇਸ ਨਵੀਨੀਕਰਣ ਦੌਰਾਨ ਇਸ ਨੂੰ ਸੀਮਿੰਟਡ ਕਰਕੇ ਬਣਾਇਆ ਜਾ ਰਿਹਾ ਹੈ।ਸ਼ਹਿਰ ਨੇੜੇ ਇਸ ਨੂੰ ਸੀਮਿੰਟਡ ਕਰਕੇ ਇਸ 'ਤੇ ਲੈਟਰ ਪਾ ਕੇ ਨਗਰ ਕੌਂਸਲ ਦੀ ਹਦੂਦ ਤੱਕ ਬਣਾਏ ਜਾਣ ਦਾ ਡਰਾਇੰਗ ਪਾਸ ਕੀਤਾ ਗਿਆ ਸੀ, ਪਰ ਇਸ ਰਜਵਾਹੇ ਨੂੰ ਉਸ ਜਗ੍ਹਾ ਤੋਂ ਲੈਂਟਰ ਪਾ ਕੇ ਛੱਤ ਦਿੱਤਾ ਗਿਆ ਹੈ, ਜਿੱਥੇ ਕੋਈ ਵੀ ਅਬਾਦੀ ਨਹੀਂ ਹੈ ਤੇ ਉਸ ਥਾਂ ਤੋਂ ਦੁਬਾਰਾ ਪੁੱਟ ਕੇ ਬਣਾਇਆ ਗਿਆ ਹੈ, ਜਿੱਥੇ ਇਸ ਨੂੰ ਪਹਿਲਾਂ ਹੀ ਛੱਤਿਆ ਹੋਇਆ ਸੀ, ਪਰ ਨਹਿਰੀ ਵਿਭਾਗ ਨੇ ਇਸ ਦੀ ਡਰਾਇੰਗ ਨੂੰ ਬਦਲ ਕੇ ਲੈਂਟਰ ਪਾਏ ਜਾਣ ਦੀ ਲੰਬਾਈ ਨੂੰ ਘਟਾ ਕੇ ਸਿਰਫ ਨੈਸ਼ਨਲ ਹਾਈਵੇਅ ਦੇ ਓਵਰਬ੍ਰਿਜ ਤੱਕ ਹੀ ਕਰ ਦਿੱਤਾ ਹੈ ਤੇ ਇਸ ਤੋਂ ਅੱਗੇ ਹੁਣ ਇਸ ਨੂੰ ਓਪਨ ਬਣਾਏ ਜਾਣ ਨਾਲ ਇਸ ਰਜਵਾਹੇ 'ਚ ਜਿੱਥੇ ਕੂੜਾ ਕਰਕਟ ਡਿੱਗੇਗਾ, ਉੱਥੇ ਹੀ ਮੱਖੀਆਂ ਤੇ ਮੱਛਰ ਦੇ ਪਲਣ ਦਾ ਕਾਰਨ ਬਣਨ ਵਾਲਾ ਇਹ ਰਜਬਾਹਾ ਬਿਮਾਰੀਆਂ ਦਾ ਕਾਰਨ ਬਣੇਗਾ।ਇਸ ਤੋਂ ਇਲਾਵਾ ਸਮੁੱਚੇ ਪੰਜਾਬ ਵਿੱਚ ਪ੍ਰਸਿੱਧ ਮੰਦਰ ਖਾਟੂ ਸ਼ਿਆਮ ਵਿੱਚ ਨਤਮਸਤਕ ਹੋਣ ਆਉਂਦੇ ਹਜ਼ਾਰਾਂ ਸ਼ਰਧਾਲੂਆਂ ਨੂੰ ਵੀ ਲੰਘਣ ਵਿੱਚ ਵੱਡੀ ਦਿੱਕਤ ਪੇਸ਼ ਆਵੇਗੀ। ਬਾਈਪਾਸ ਦੇ ਨਾਲ ਓਪਨ ਬਣਾਏ ਜਾ ਰਹੇ ਰਜਬਾਹੇ ਦਾ ਨਾਲ ਸੰਘਾ ਕਲੋਨੀ, ਪਵਨ ਕਲੋਨੀ, ਪੁੱਡਾ ਕਲੋਨੀ, ਬੱਸ ਸਟੈਂਡ, ਤਹਿਸੀਲ ਕੰਪਲੈਕਸ ਵਿੱਚ ਜਾਣ ਵਾਲਿਆਂ ਨੂੰ ਵੱਡੀ ਦਿੱਕਤ ਪੇਸ਼ ਆਵੇਗੀ।ਇਸ ਲਈ ਨਗਰ ਕੌਂਸਲ ਦੀ ਹਦੂਦ ਦੇ ਅੰਦਰ ਇਸ ਰਜਵਾਹੇ ਉੱਪਰ ਲੈਟਰ ਪਾ ਕੇ ਇਸ ਨੂੰ ਛੱਤ ਕੇ ਬਣਾਇਆ ਜਾਵੇ।ਸ਼ਹਿਰ ਵਾਸੀਆਂ ਨੇ ਦੱਸਿਆ ਕਿ ਲੋਕਾਂ ਦੀ ਗੱਲ ਨੂੰ ਪੂਰੇ ਧਿਆਨ ਨਾਲ ਸੁਣਨ ਮਗਰੋਂ ਮੰਤਰੀ ਵਰਿੰਦਰ ਗੋਇਲ ਨੇ ਭਰੋਸਾ ਦਿਵਾਇਆ ਹੈ ਕਿ ਮੁਸ਼ਕਲ ਨੂੰ ਧਿਆਨ ਵਿੱਚ ਰੱਖਦਿਆਂ ਰਜਵਾਹੇ 'ਤੇ ਲੈਂਟਰ ਪਾ ਕੇ ਹੀ ਬਣਾਇਆ ਜਾਵੇਗਾ।

## ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ 'ਚ ਮਰਜ਼ ਕਰਨ ਦੀ ਮੰਗ

**ਕੋਟਕਪੂਰਾ (ਰਛਪਾਲ ਭੁੱਲਰ)**-ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਚੋਣਾਂ 2022 ਤੋਂ ਪਹਿਲਾਂ ਲੋਕਾਂ ਨਾਲ ਕੀਤੇ ਗਏ ਇਕਰਾਰਨਾਮੇ ਦੀ ਮਦ ਨੰਬਰ 9 'ਤੇ ਪਿਕਟਸ ਅਧੀਨ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਸਮੂਹ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ਼ ਕਰਨ ਦਾ ਚੋਣ ਵਾਅਦਾ ਕੀਤਾ ਸੀ।ਹੁਣ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਪੰਜਾਬ ਦੇ ਰਾਜ ਭਾਗ ਦੇ ਸਵਾ ਤਿੰਨ ਸਾਲ ਦੌਰਾਨ ਵੀ ਇਹ ਚੋਣ ਵਾਅਦਾ ਵਫਾ ਹੁੰਦਾ ਦਿਖਾਈ ਨਹੀਂ ਦੇ ਰਿਹਾ।ਪੰਜਾਬ ਸਰਕਾਰ ਦੀ ਇਸ ਵਾਅਦਾ ਖਿਲਾਫੀ ਦੇ ਰੋਸ ਵਜੋਂ ਕੰਪਿਊਟਰ ਅਧਿਆਪਕ ਪਿਛਲੀ ਕਾਫੀ ਸਮੇਂ ਤੋਂ ਸੰਘਰਸ਼ਸ਼ੀਲ ਹਨ।ਪੰਜਾਬ ਸਰਕਾਰ ਦੀ ਇਸ ਗੈਰ ਲੋਕਤੰਤਰੀ ਕਾਰਵਾਈ ਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਜਨਰਲ ਸਕੱਤਰ ਜਿੰਦਰ ਪਾਇਲਟ ਤੇ ਪ੍ਰਵੀਨ ਕੁਮਾਰੁ ਲੁਧਿਆਣਾ, ਵਿੱਤ ਸਕੱਤਰ ਨਵੀਨ ਸੱਚਦੇਵਾ ਤੇ ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਿਕਟਸ ਅਧੀਨ ਕੰਮ ਕਰਦੇ ਸਮੂਹ ਕੰਪਿਊਟਰ ਅਧਿਆਪਕਾਂ ਦੀਆਂ ਸੇਵਾਵਾਂ ਸਿੱਖਿਆ ਵਿਭਾਗ ਵਿੱਚ ਤੁਰੰਤ ਮਰਜ ਕੀਤੀਆਂ ਜਾਣ ਤੇ ਇਨ੍ਹਾਂ ਅਧਿਆਪਕਾਂ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਦੇ ਨਿਯਮਾਂ ਮੁਤਾਬਕ ਪੂਰੀਆਂ ਸਹੂਲਤਾਂ ਦਿੱਤੀਆਂ ਜਾਣ।

# ਬਸੰਤ ਕਾਲੋਨੀ ਦੇ ਵਿਕਾਸ ਕਾਰਜਾਂ ਨੂੰ ਖੁਦ ਆ ਕੇ ਵੇਖਣ ਹਲਕਾ ਵਿਧਾਨਕਾਰ : ਦੌਲਤਪੁਰ



**ਧੂਰੀ, (ਮੋਹਿਤ ਗਰਗ, ਬਿੰਨੀ ਗਰਗ)**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਵੱਲੋਂ ਕੀਤੀਆਂ ਜਾ ਰਹੀਆਂ ਮਿਲਣੀਆਂ ਤਹਿਤ ਸ਼ਹਿਰ ਦੇ ਵਾਰਡ ਨੰਬਰ 1 ਬਸੰਤ ਕਾਲੋਨੀ ਦਾ ਦੌਰਾ ਕੀਤਾ ਅਤੇ ਉਥੇ ਦੇ ਲੋਕਾਂ ਨਾਲ ਗੱਲਬਾਤ ਕੀਤੀ। ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਜੋ ਇਸ ਹਲਕੇ ਦੀ ਬਤੌਰ ਵਿਧਾਇਕ ਨੁਮਾਇੰਦਗੀ ਕਰ ਰਹੇ ਹਨ, ਵੱਲੋਂ ਹਲਕੇ ਦਾ ਵਿਕਾਸ ਕਰਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਪਰ ਜ਼ਮੀਨੀ ਪੱਧਰ 'ਤੇ ਉਨ੍ਹਾਂ ਨੂੰ ਖੁਦ ਆਪਣੇ ਵੋਟਰਾਂ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋਣ ਦੀ ਲੋੜ ਹੈ।ਸ਼ਹਿਰ ਦੀ ਬਸੰਤ ਕਲੋਨੀ ਸਮੇਤ ਹੋਰ ਬਸਤੀਆਂ ਦੇ ਲੋਕ ਨਰਕਮਈ ਜ਼ਿੰਦਗੀ ਬਤੀਤ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਦੀ ਤ੍ਰਾਸਦੀ ਹੈ ਕਿ ਤਿੰਨ ਸਾਲ ਬੀਤਣ ਦੇ ਬਾਵਜੂਦ ਸ਼ਹਿਰ ਦੀ ਬਸਤੀ ਵਿੱਚੋਂ ਗੰਦੇ ਪਾਣੀ ਦਾ ਨਿਕਾਸ ਨਹੀਂ ਹੋ ਸਕਿਆ।ਲੋਕਾਂ ਦੇ ਘਰਾਂ ਦੇ ਅੰਦਰ ਸੀਵਰੇਜ ਦਾ ਗੰਦਾ ਪਾਣੀ ਵੜ ਰਿਹਾ ਹੈ ਤੇ ਗਲੀਆਂ ਵਿੱਚ ਸੀਵਰੇਜ ਦਾ ਖੜ੍ਹਾ ਗੰਦਾ ਪਾਣੀ ਸਰਕਾਰ ਤੋਂ ਮੂੰਹ ਅੱਡੀ ਸਵਾਲਾਂ ਦੇ ਜਵਾਬ ਕਰ ਰਿਹਾ ਹੈ।

# ਲੁੱਟਾਂ-ਖੋਹਾਂ ਕਰਨ ਵਾਲੇ 5 ਵਿਅਕਤੀ ਪਿਸਟਲ ਤੇ ਗੱਡੀ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਮਦੋਟ ਵਿਖੇ ਲੁੱਟਾਂ ਖੋਹਾਂ ਨੂੰ ਅੰਜ਼ਾਮ ਦੇਣ ਵਾਲੇ ਗਿਰੋਹ ਦੇ 5 ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਇਕ ਪਿਸਟਲ, ਗੱਡੀ ਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਹੈ।

ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ 310 (4), 310 (5) 303 (2) ਬੀਐੱਨਐੱਸ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿਚ ਗਸ਼ਤ ਕਰਦੀ ਹੋਈ ਪਿੰਡ ਵਰਿਆਮ ਸਿੰਘ ਵਾਲਾ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਜਸਕਰਨ ਸਿੰਘ ਉਰਫ ਚੀਟੀ ਪੁੱਤਰ ਸੁਰਜੀਤ ਸਿੰਘ, ਸ਼ੇਰ ਕਰਨ ਸਿੰਘ ਉਰਫ ਕਰਨ ਪੁੱਤਰ ਗੁਰਮੁੱਖ ਸਿੰਘ, ਸਾਜਨ ਪੁੱਤਰ ਸੁਖਦੇਵ ਸਿੰਘ, ਜਗਮੀਤ ਸਿੰਘ ਉਰਫ ਹੀਰੀ ਪੁੱਤਰ ਸੁਖਦੇਵ ਸਿੰਘ ਵਾਸੀਆਨ ਗਾਮੇਵਾਲਾ ਤੇ ਸੁਖਜੀਤ ਸਿੰਘ ਉਰਫ ਸੀਪਾ ਪੁੱਤਰ ਜਸਵੀਰ ਸਿੰਘ ਵਾਸੀ ਧੀਰਾ ਪੱਤਰਾ, ਜੋ ਟੀ ਪੁਆਇੰਟ ਮਮਦੋਟ 'ਤੇ ਲੁੱਟਾਂ ਖੋਹਾਂ ਕਰਦੇ ਹਨ, ਜੋ ਪਹਿਲਾਂ ਵੀ ਕਈ ਵਾਰ ਟੀ ਪੁਆਇੰਟ ਮਮਦੋਟ ਤੋਂ ਜਾਂਦੇ ਲਿੰਕ ਰੋਡ ਨਹਿਰ 'ਤੇ ਜਾਂਦੀ ਸੜਕ 'ਤੇ ਵਾਰਦਾਤਾਂ ਨੂੰ ਅੰਜ਼ਾਮ ਦੇ ਚੁੱਕੇ ਹਨ। ਜੋ ਅੱਜ ਵੀ ਸਾਰੇ ਜਥੇ ਇਕੱਠੇ ਹੋ ਕੇ ਬਾਬਾ ਬੇਰੀ ਵਾਲਾ ਦਰਗਾਹ ਦੇ ਉਹਲੇ ਸੁੰਨਸਾਨ ਜਗ੍ਹਾ 'ਤੇ ਗੱਡੀ ਸਾਕਰਪਿਓ ਨੰਬਰ ਸੀਐੱਚ 01-ਸੀਐੱਮ-7418 ਅਤੇ ਮੋਟਰਸਾਈਕਲ ਹੀਰੋ ਹਾਂਡਾ ਸਪਲੈਂਡਰ ਨੰਬਰ ਪੀਬੀ 05 ਐੱਮ 6554 'ਤੇ ਆਪਣੇ ਪਾਸ ਮਾਰੂ ਹਥਿਆਰ, ਨਾਜਾਇਜ਼ ਅਸਲਾ ਲੈ ਕੇ ਕਿਸੇ ਵਾਰਦਾਤ ਨੂੰ ਅਣਜਾਮ ਦੇਣ ਲਈ ਤਾਂਘ ਵਿੱਚ ਖੜੇ ਹਨ, ਜਿਨ੍ਹਾਂ 'ਤੇ ਹੁਣੇ ਹੀ ਛਾਪੇਮਾਰੀ ਕੀਤੀ ਜਾਵੇ ਤਾਂ ਵਹੀਕਲਾਂ ਤੇ ਹਥਿਆਰਾਂ ਸਮੇਤ ਕਾਬੂ ਆ ਕਸਦੇ ਹਨ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਦੋਸ਼ੀਆਨ ਨੂੰ ਗ੍ਰਿਫਤਾਰ ਕੀਤਾ ਤੇ ਉਨ੍ਹਾਂ ਦੇ ਕਬਜ਼ੇ ਵਿਚੋਂ ਇਕ ਪਿਸਟਲ ਦੇਸੀ, ਗੱਡੀ ਸਕਾਰਪਿਓ ਤੇ ਇਕ ਮੋਟਰਸਾਈਕਲ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਜ਼ਿਲ੍ਹਾ ਪੁਲਸ ਮੁਖੀ ਵੱਲੋਂ ਥਾਣਾ ਕੋਟਭਾਈ ਦੀ ਅਚਨਚੇਤ ਚੈਕਿੰਗ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਜ਼ਿਲ੍ਹਾ ਅੰਦਰ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਤੇ ਪ੍ਰਭਾਵਸ਼ਾਲੀ ਬਣਾਈ ਰੱਖਣ ਲਈ ਐਸ.ਐਸ.ਪੀ ਡਾ. ਅਖਿਲ ਚੌਧਰੀ ਵੱਲੋਂ ਥਾਣਾ ਕੋਟਭਾਈ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ।

ਐੱਸ.ਐੱਸ.ਪੀ ਨੇ ਦੱਸਿਆ ਕਿ ਥਾਣੇ ਵਿੱਚ ਪੁਲਸ ਦੇ ਕੰਮਕਾਜ, ਰਿਕਾਰਡ, ਸੁਰੱਖਿਆ ਪ੍ਰਬੰਧ ਤੇ ਵਿਵਸਥਾਵਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਉਨ੍ਹਾਂ ਕਿਹਾ ਕਿ ਥਾਣੇ ਅੰਦਰ 69 ਰਜਿਸਟਰ, ਮਾਲ ਖਾਨਾ, ਅਸਲਾ ਰਿਕਾਰਡ, ਰੋਜ਼ ਨਾਮਚਾ, ਕੈਮਰਿਆਂ ਦੀ ਪੋਜ਼ੀਸ਼ਨ, ਮੈੱਸ ਤੇ ਰੋਜ਼ਾਨਾ ਰਿਪੋਰਟਾਂ ਆਦਿ ਸ਼ਾਮਲ ਰਹੀਆਂ।

ਇੰਸਪੈਕਟਰ ਜਸਬੀਰ ਸਿੰਘ, ਮੁੱਖ ਅਫਸਰ ਥਾਣਾ ਕੋਟਭਾਈ ਹਾਜ਼ਰ ਸੀ। ਐਸ ਐਚ ਓ ਵੱਲੋਂ ਐੱਸ ਐੱਸ ਪੀ ਨੂੰ ਥਾਣੇ ਦੇ ਹਾਲਾਤਾਂ, ਲੰਬਿਤ ਮਾਮਲਿਆਂ ਤੇ ਚੱਲ ਰਹੀਆਂ ਜਾਂਚਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਐਸ.ਐਸ.ਪੀ ਨੇ ਵੀ ਚੌਕਸੀ ਤੇ ਜ਼ਿੰਮੇਵਾਰੀ ਦੀ ਭਾਵਨਾ ਨਾਲ, ਹਰੇਕ ਪੁਲਸ ਮੁਲਾਜ਼ਮ ਨੂੰ ਆਪਣੇ ਕਰਤਵ ਅਨੁਸਾਰ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਨੇ ਕਿਹਾ ਕਿ ਥਾਣਾ ਪੱਧਰ ਤੇ ਆਮ ਲੋਕਾਂ ਨਾਲ ਸੰਵੇਦਨਸ਼ੀਲ ਤੇ ਵਿਹਾਰ ਬਣਾਉਣ ਲਈ ਕਿਹਾ।

ਉਨ੍ਹਾਂ ਅਸਲਾ ਘਰ ਦੀ ਜਾਂਚ ਕਰਦੇ ਹੋਏ ਅਸਲੇ ਦੀ ਮਿਆਦ, ਸੇਫ਼ਟੀ ਤੇ ਵਰਤੋਂ ਦੇ ਲਾਗ ਰਿਕਾਰਡ ਨੂੰ ਵੀ ਵੇਖਿਆ।ਐਸ.ਐਸ.ਪੀ ਨੇ ਬਿਲਡਿੰਗ ਦੀ ਸਫ਼ਾਈ, ਕਮਰੇ ਦੀ ਵਿਵਸਥਾ, ਕੰਪਿਊਟਰ ਰਿਕਾਰਡ ਤੇ ਕਮਿਊਨਿਕੇਸ਼ਨ ਉਪਕਰਣਾਂ ਦੀ ਵਰਤੋਂ ਬਾਰੇ ਪੂਰਾ ਵਿਸਥਾਰ ਨਾਲ ਮੁਆਇਨਾ ਕੀਤਾ।

ਐਸ ਐਸ ਪੀ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਲਈ ਨਾਕਾਬੰਦੀ, ਰਾਤ-ਦਿਨ ਗਸ਼ਤ, ਮੁੱਖ ਸਥਾਨਾਂ ਤੇ ਨਾਕੇ ਤੇ ਸ਼ੱਕੀ ਅੰਸਰਾਂ ਉੱਤੇ ਨਜ਼ਰ ਰੱਖਣ ਲਈ ਚੈਕਿੰਗ ਮੁਹਿੰਮ ਲਗਾਤਾਰ ਚੱਲ ਰਹੀ ਹੈ।

# ਦ ਰਿਟੇਲ ਕਰਿਆਨਾ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ ਹੋਈ



**ਜਗਰਾਉਂ (ਅਮਿਤ ਖੰਨਾ)**

ਦਾ ਰਿਟੇਲ ਕਰਿਆਨਾ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਮਨੋਹਰ ਸਿੰਘ ਟੱਕਰ ਦੀ ਅਗਵਾਈ ਵਿੱਚ ਹੋਈ।ਮੀਟਿੰਗ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਪੰਜਾਬ ਦੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸਤਪਾਲ ਸਿੰਘ ਦੇਹੜਕਾ ਗਰੀਨ ਮੈਨ ਹਾਜ਼ਰ ਹੋਏ।ਸਤਪਾਲ ਸਿੰਘ ਦੇਹੜਕਾ ਨੇ ਕਰਿਆਨਾ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੂੰ ਵੱਧ ਤੋਂ ਵੱਧ ਰੁੱਖ ਲਾਉਣ ਅਤੇ ਉਨਾਂ ਦੀ ਸਾਂਭ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਨਸਲਾਂ ਬਚਾਉਣ ਲਈ ਅੱਜ ਤੋਂ ਹੀ ਵਾਤਾਵਰਣ ਦੀ ਸੰਭਾਲ ਕਰਨੀ ਪਵੇਗੀ ਤਾਂ ਜੁ ਅਸੀਂ ਆਉਣ ਵਾਲੀ ਆਪਣੀ ਨਸਲਾਂ ਨੂੰ ਸਾਫ਼ ਹਵਾ ਅਤੇ ਸ਼ੁੱਧ ਪਾਣੀ ਦੇ ਸਕੀਏ।

ਮੀਟਿੰਗ ਵਿੱਚ ਪ੍ਰਧਾਨ ਵੱਲੋਂ ਕਰਿਆਨਾ ਵਪਾਰੀਆਂ ਦੀ ਸਮੱਸਿਆ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ।

ਪ੍ਰਧਾਨ ਨੇ ਸਮੂਹ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਦੁਕਾਨ ਤੇ ਕੋਈ ਵੀ ਮਿਲਾਵਟੀ ਸਮਾਨ ਨਾ ਰੱਖਣ ਅਤੇ ਕਿਹਾ ਕਿ ਮਿਲਾਵਟੀ ਸਮਾਨ ਵੇਚਣ ਵਾਲੇ ਦੁਕਾਨਦਾਰ ਦਾ ਐਸੋਸੀਏਸ਼ਨ ਕਦੇ ਵੀ ਸਾਥ ਨਹੀਂ ਦਿੱਤਾ ਜਾਵੇਗਾ।ਮੀਟਿੰਗ ਵਿੱਚ ਗਰਮੀ ਦੀ ਛੁੱਟਿਆ ਸਬੰਧੀ ਵੀ ਵਿਚਾਰ ਕੀਤਾ ਗਿਆ ਤੇ ਪ੍ਰਧਾਨ ਜੀ ਨੇ ਕਿਹਾ ਕਿ ਜੂਨ ਦੇ ਮਹੀਨੇ ਵਿੱਚ ਗਰਮੀਆਂ ਕਰਕੇ ਕਰਿਆਨੇ ਦੀ ਸਾਰੀ ਦੁਕਾਨਾਂ ਤਿੰਨ ਦਿਨ ਲਈ ਬੰਦ ਰਹਿਣਗੀਆਂ, ਜਿਸ ਦੀ ਤਰੀਕ ਦਾ ਐਲਾਨ ਜਲਦ ਕੀਤਾ ਜਾਵੇਗਾ।ਐਸੋਸੀਏਸ਼ਨ ਵੱਲੋਂ ਮੁੱਖ ਮਹਿਮਾਨ ਸਤਪਾਲ ਸਿੰਘ ਦਾ ਸਨਮਾਨ ਵੀ ਕੀਤਾ ਗਿਆ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਮੌਕੇ 'ਤੇ ਦਾਖਲਾ ਪ੍ਰੋਗਰਾਮ 'ਕਾਰਵਾਂ -2025' ਸ਼ੁਰੂ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ ਇੱਕ ਨੈਕ ਏ+ ਮਾਨਤਾ ਪ੍ਰਾਪਤ ਬਹੁ-ਅਨੁਸ਼ਾਸਨੀ ਸੰਸਥਾ ਵੱਲੋਂ ਹੋਟਲ ਮਹਾਰਾਜਾ ਰੀਜੈਂਸੀ, ਆਰਤੀ ਚੌਕ, ਫ਼ਿਰੋਜ਼ਪੁਰ ਰੋਡ, ਲੁਧਿਆਣਾ 'ਚ ਆਪਣਾ ਮੌਕੇ 'ਤੇ ਦਾਖਲਾ ਪ੍ਰੋਗਰਾਮ (ਸਪਾਟ ਐਡਮਿਸ਼ਨ ਡਰਾਈਵ) 'ਕਾਰਵਾਂ 2025' ਸਫਲਤਾਪੂਰਵਕ ਕਰਾਇਆ ਗਿਆ।ਪ੍ਰੋਗਰਾਮ ਨੂੰ ਵਿਦਿਆਰਥੀਆਂ ਤੇ ਮਾਪਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕਾਊਂਸਲਿੰਗ ਅਤੇ ਦਾਖਲਾ ਟੀਮ ਦੇ ਨਾਲ, ਹਾਜ਼ਰੀਨ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ। ਚਾਹਵਾਨ ਵਿਦਿਆਰਥੀਆਂ ਨੂੰ ਪ੍ਰੇਰਤ ਕੀਤਾ ਤੇ ਉਨ੍ਹਾਂ ਦੇ ਕਰੀਅਰ ਨਾਲ ਸਬੰਧਤ ਸਵਾਲਾਂ ਦੇ ਜਵਾਬ ਦਿੱਤੇ।

ਸਮਾਗਮ ਦੀ ਵਿਸ਼ੇਸ਼ਤਾ ਇੱਕ ਸਨਮਾਨ ਸਮਾਰੋਹ ਸੀ, ਜਿੱਥੇ ਵੱਖ-ਵੱਖ ਨਾਮਵਰ ਸੰਸਥਾਵਾਂ ਦੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਸਿੱਖਿਆ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਤ ਕੀਤਾ ਗਿਆ।

ਡਾ. ਸਦਾਵਰਤੀ ਨੇ ਕਿਹਾ ਕਿ ਅਧਿਆਪਕ ਤੇ ਪ੍ਰਿੰਸੀਪਲ ਸੱਚੇ ਰਾਸ਼ਟਰ ਨਿਰਮਾਤਾ ਹਨ।ਉਨ੍ਹਾਂ ਦਾ ਸਨਮਾਨ ਕਰਨਾ ਤੇ ਉਨ੍ਹਾਂ ਦੀ ਨਿਰਸਵਾਰਥ ਸੇਵਾ ਲਈ ਧੰਨਵਾਦ ਪ੍ਰਗਟ ਕਰਨਾਂ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।

ਯੂਨੀਵਰਸਿਟੀ ਨੇ ਲੁਧਿਆਣਾ ਦੇ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਕਾਦਮਿਕ ਉੱਤਮਤਾ ਲਈ 'ਸ਼ਾਈਨਿੰਗ ਸਟਾਰ ਐਵਾਰਡ' ਵੀ ਭੇਂਟ ਕੀਤੇ। ਵਿਦਿਆਰਥੀਆਂ ਨੂੰ ਮੌਕੇ 'ਤੇ ਦਾਖਲੇ, ਕਰੀਅਰ ਕਾਊਂਸਲਿੰਗ ਤੇ ਯੋਗਤਾ ਦੇ ਆਧਾਰ 'ਤੇ ਸਕਾਲਰਸ਼ਿਪ ਦੇ ਮੌਕੇ ਪ੍ਰਦਾਨ ਕੀਤੇ ਗਏ।ਡੀਬੀਯੂ ਦੀ ਡਿਜ਼ੀਟਲ ਸਿੱਖਿਆ ਪਹਿਲਕਦਮੀ ਦੇ ਹਿੱਸੇ ਵਜੋਂ ਬਹੁਤ ਸਾਰੇ ਯੋਗ ਵਿਦਿਆਰਥੀਆਂ ਨੂੰ ਮੁਫ਼ਤ ਟੈਬਲੇਟ ਵੀ ਪ੍ਰਾਪਤ ਹੋਏ।


## PUBLIC NOTICE

**ICICI Bank** Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai 400051

### ਸੋਨੇ ਦੀ ਈ-ਨਿਲਾਮੀ ਕਮ-ਸੱਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 6 ਜੂਨ 2025 ਨੂੰ ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰਬਰ | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਹਿਮਦਗੜ੍ਹ | |
| 096862004500 | ਬਲਦੇਵ ਸਿੰਘ |
| ਬਰਾਂਚ ਦਾ ਨਾਂਅ : ਅਰਨੀਵਾਲਾ ਸ਼ੇਖ ਸੁਭਾਨ | |
| 411962003884 | ਦਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਬੰਗਾ | |
| 152062000994 | ਗੁਰਦੇਵ ਸਿੰਘ |
| ਬਰਾਂਚ ਦਾ ਨਾਂਅ : ਬਰੇਟਾ | |
| 382362001494 | ਗੁਰਸੇਵਕ ਸਿੰਘ |
| ਬਰਾਂਚ ਦਾ ਨਾਂਅ : ਬਰਗਾੜੀ | |
| 295662000261 | ਵੀਰਪਾਲ ਕੌਰ |
| ਬਰਾਂਚ ਦਾ ਨਾਂਅ : ਬੇਗੋਵਾਲ | |
| 152262001587 | ਮਨਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਭਗਤਾ | |
| 372862001165 | ਮਨਜੀਤ ਸਿੰਘ |
| ਬਰਾਂਚ ਦਾ ਨਾਂਅ : ਭੀਖੀ | |
| 381962001603 | ਗੁਰਸੇਵਕ ਸਿੰਘ |
| ਬਰਾਂਚ ਦਾ ਨਾਂਅ : ਭਿੱਖੀਵਿੰਡ ਪੰਜਾਬ | |
| 361062002458 | ਨਿਰਮਲ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਇੰਡਸਟ੍ਰੀ ਏਰੀਆ ਫੇਜ਼-2 | |
| 484562000068 | ਸੁਨੀਲ ਕੁਮਾਰ |
| ਬਰਾਂਚ ਦਾ ਨਾਂਅ : ਦਸੂਹਾ ਪੰਜਾਬ | |
| 357562001590 | ਪ੍ਰੇਮ ਕੁਮਾਰ |
| ਬਰਾਂਚ ਦਾ ਨਾਂਅ : ਫਰੀਦਕੋਟ | |
| 078362003455 | ਕੁਲਦੀਪ ਸਿੰਘ |
| ਬਰਾਂਚ ਦਾ ਨਾਂਅ : ਗਿੱਦੜਬਾਹਾ | |
| 199962004401 | ਰਾਕੇਸ਼ ਕੁਮਾਰ |
| ਬਰਾਂਚ ਦਾ ਨਾਂਅ : ਹੁਸ਼ਿਆਰਪੁਰ-ਚੰਡੀਗੜ੍ਹ ਰੋਡ | |
| 342762000474 | ਜਸਵਿੰਦਰ ਸਿੰਘ |

| ਕਰਜ਼ਾ ਖਾਤਾ ਨੰਬਰ | ਗਾਹਕ ਦਾ ਨਾਂਅ |
|---|---|
| 342762000554 | ਜਸਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਜਗਰਾਓਂ | |
| 087962001393 | ਪਰਮਦੀਪ ਸਿੰਘ ਤਤਲਾ |
| ਬਰਾਂਚ ਦਾ ਨਾਂਅ : ਜਲੰਧਰ ਸਿਵਲ ਲਾਈਨਜ਼ | |
| 151262000305 | ਰਾਜਕਰਨ ਸਿੰਘ ਗੁਲਾਟੀ |
| ਬਰਾਂਚ ਦਾ ਨਾਂਅ : ਜਲੰਧਰ-ਨੂਰਮਹਿਲ | |
| 007962002163 | ਵਿਕਾਸ ਸਰਵਾਤਾ |
| ਬਰਾਂਚ ਦਾ ਨਾਂਅ : ਜੰਡਿਆਲਾ ਗੁਰੂ | |
| 202162002656 | ਕੁਲਦੀਪ ਸਿੰਘ |
| ਬਰਾਂਚ ਦਾ ਨਾਂਅ : ਕਲਾਨੌਰ, ਪੰਜਾਬ | |
| 357462003895 | ਪਰਮਜੀਤ ਕੌਰ |
| 357462003901 | ਜਗਦੀਪ ਕੁਮਾਰ |
| ਬਰਾਂਚ ਦਾ ਨਾਂਅ : ਕਪੂਰਥਲਾ | |
| 044962002792 | ਹਰਜਿੰਦਰ ਕੌਰ |
| ਬਰਾਂਚ ਦਾ ਨਾਂਅ : ਲਾਂਡਰਾ | |
| 325662000756 | ਲਕਸ਼ਮਨ ਵਰਮਾ |
| ਬਰਾਂਚ ਦਾ ਨਾਂਅ : ਲੁਧਿਆਣਾ-ਸ਼ਿੰਗਾਰ ਸਿਨੇਮਾ ਰੋਡ | |
| 366062001431 | ਸਰਬਜੀਤ ਕੌਰ |
| ਬਰਾਂਚ ਦਾ ਨਾਂਅ : ਮਜੀਠਾ, ਪੰਜਾਬ | |
| 357062002066 | ਬਲਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਮਲੋਟ | |
| 151962005254 | ਪਰਵੇਸ਼ ਕੁਮਾਰ |
| ਬਰਾਂਚ ਦਾ ਨਾਂਅ : ਮਹਿਤਾ, ਪੰਜਾਬ | |
| 356962000183 | ਜੀਵਨਜੋਤ ਕੌਰ |
| ਬਰਾਂਚ ਦਾ ਨਾਂਅ : ਮੁਹਾਲੀ | |
| 005862010785 | ਪਰਦੀਪ ਸਿੰਘ ਬਿਲਿੰਗ |

| ਕਰਜ਼ਾ ਖਾਤਾ ਨੰਬਰ | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਮੁਹਾਲੀ ਸੈਕਟਰ-67 | |
| 366962000719 | ਵਿਨੀਤ ਸੂਦ |
| ਬਰਾਂਚ ਦਾ ਨਾਂਅ : ਨਵਾਂ ਅੰਮ੍ਰਿਤਸਰ | |
| 733562000472 | ਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਪੱਤੀ ਸੰਦਲੀ ਮਹਿਰਾਜ | |
| 435662001208 | ਸ਼ਰਨਜੀਤ ਕੌਰ |
| ਬਰਾਂਚ ਦਾ ਨਾਂਅ : ਰਈਆ | |
| 214362002922 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਰੋਪੜ | |
| 055362002895 | ਹਰਵਿੰਦਰ ਸਿਨਹਾ |
| ਬਰਾਂਚ ਦਾ ਨਾਂਅ : ਸਦੀਕ, ਪੰਜਾਬ | |
| 357162005697 | ਸੁਖਪਾਲ ਸਿੰਘ |
| 357162006522 | ਰਾਣੀ ਕੌਰ |
| ਬਰਾਂਚ ਦਾ ਨਾਂਅ : ਸਰਦੂਲਗੜ੍ਹ, ਪੰਜਾਬ | |
| 356762002911 | ਮਹਾਸ਼ਾ ਸਿੰਘ |
| 356762003067 | ਜਗਮੀਤ ਸਿੰਘ |
| ਬਰਾਂਚ ਦਾ ਨਾਂਅ : ਸਰਹਿੰਦ | |
| 150662004066 | ਜਸਦੀਪ ਸਿੰਘ |
| ਬਰਾਂਚ ਦਾ ਨਾਂਅ : ਸੋਹਾਣਾ | |
| 565362000026 | ਸ਼ਵੇਤਾ ਕੁਮਾਰੀ |
| ਬਰਾਂਚ ਦਾ ਨਾਂਅ : ਸੁਲਤਾਨਪੁਰ ਲੋਧੀ | |
| 272462000502 | ਨਰਿੰਦਰ ਸਿੰਘ |
| 272462000927 | ਜਸਪ੍ਰੀਤ ਸਿੰਘ |
| 272462001407 | ਬਲਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਸੁਨਾਮ | |
| 152662005227 | ਜਗਸੀਰ ਸਿੰਘ |
| ਬਰਾਂਚ ਦਾ ਨਾਂਅ : ਤਰਨ ਤਾਰਨ | |
| 050562002718 | ਰਣਦੀਪ ਸਿੰਘ |
| ਬਰਾਂਚ ਦਾ ਨਾਂਅ : ਅੰਬਾਲਾ-ਗਰੇਨ ਮਾਰਕਿਟ | |
| 432962000560 | ਅਮਰੀਕ ਸਿੰਘ |

ਮਿਤੀ :27.05.2025
ਸਥਾਨ : ਚੰਡੀਗੜ੍ਹ, ਮਾਲੇਰਕੋਟਲਾ, ਰੂਪਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੰਗਰੂਰ, ਅੰਮ੍ਰਿਤਸਰ, ਬਠਿੰਡਾ, ਫਰੀਦਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੁਕਤਸਰ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਲੁਧਿਆਣਾ, ਮਾਨਸਾ, ਤਰਨ ਤਾਰਨ, ਸ਼ਹੀਦ ਭਗਤ ਸਿੰਘ ਨਗਰ, ਮੁਹਾਲੀ

ਸਹੀ/- ਅਧਿਕ੍ਰਾਰਤ ਅਫਸਰ
ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਿਟਿਡ

# ਖੱਤਰੀ ਸਭਾ ਫਗਵਾੜਾ ਦੀ ਮਹਿਲਾ ਇਕਾਈ ਦਾ ਗਠਨ

**ਫਗਵਾੜਾ (ਡਾ. ਰਮਨ)**- ਖੱਤਰੀ ਸਭਾ ਰਜਿ. ਫਗਵਾੜਾ ਦੀ ਵਿਸ਼ੇਸ਼ ਮੀਟਿੰਗ ਉਦਯੋਗਪਤੀ ਕੇ.ਕੇ. ਦੀ ਸਰਪ੍ਰਸਤੀ ਹੇਠ ਸਥਾਨਕ ਜੀ.ਟੀ. ਰੋਡ ਸਥਿਤ ਹੋਟਲ ਵਾਸੂ ਇੰਟਰਨੈਸ਼ਨਲ ਵਿਖੇ ਹੋਈ। ਖੱਤਰੀ ਸਭਾ ਫਗਵਾੜਾ ਦੇ ਪ੍ਰਧਾਨ ਮਦਨ ਮੋਹਨ ਬਜਾਜ (ਗੁੱਡ) ਦੀ ਨਿਗਰਾਨੀ ਹੇਠ ਆਯੋਜਿਤ ਮੀਟਿੰਗ ਦੌਰਾਨ ਮੁੱਖ ਮਹਿਮਾਨ ਵਜੋਂ ਪੰਜਾਬ ਮਹਿਲਾ ਖੱਤਰੀ ਸਭਾ ਦੇ ਪ੍ਰਧਾਨ ਮੀਨਾ ਕੋਹਲੀ, ਸੂਬਾਈ ਉਪ ਪ੍ਰਧਾਨ ਡਾ. ਪ੍ਰੋਮਿਲਾ ਸਾਮਾ ਅਤੇ ਲਵਲੀ ਵਰਮਾ ਸ਼ਾਮਲ ਹੋਏ। ਜਦਕਿ ਮੇਅਰ ਰਾਮ ਪਾਲ ਉੱਪਲ, ਯੋਜਨਾ ਬੋਰਡ ਜ਼ਿਲ੍ਹਾ ਕਪੂਰਥਲਾ ਦੇ ਚੇਅਰਪਰਸਨ ਲਲਿਤ ਸਕਲਾਨੀ ਅਤੇ ਕੌਂਸਲਰ ਨੇਹਾ ਓਹਰੀ ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਰਹੇ। ਇਸ ਦੌਰਾਨ ਖੱਤਰੀ ਸਭਾ ਫਗਵਾੜਾ ਦੀ ਮਹਿਲਾ ਇਕਾਈ ਦਾ ਗਠਨ ਕਰਦੇ ਹੋਏ ਰੀਮਾ ਸੋਬਤੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਨਾਮਜ਼ਦ ਕੀਤਾ ਗਿਆ। ਉਨ੍ਹਾਂ ਨੂੰ ਪ੍ਰਧਾਨ ਦੇ ਅਹੁਦੇ ਲਈ ਨਿਯੁਕਤੀ ਪੱਤਰ ਦਿੰਦਿਆਂ ਸਭਾ ਦੇ ਸਰਪ੍ਰਸਤ ਕੇ.ਕੇ. ਸਰਦਾਨਾ ਅਤੇ ਪ੍ਰੋਮਿਲਾ ਸਾਮਾ ਸਮੇਤ ਹੋਰ ਪਤਵੰਤਿਆਂ ਨੇ ਆਪਣੀਆਂ ਸ਼ੁਭ ਇੱਛਾਵਾਂ ਦਿੱਤੀਆਂ। ਕੇ.ਕੇ. ਸਰਦਾਨਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੱਤਰੀ ਭਾਈਚਾਰੇ ਦੀ ਸਿਰਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਭਾਰਤ ਦੀ ਆਬਾਦੀ ਵਿੱਚ ਵੱਡੀ ਗਿਣਤੀ ਹੈ ਅਤੇ ਖੱਤਰੀ ਭਾਈਚਾਰੇ ਦਾ ਦੇਸ਼ ਅਤੇ ਪੰਜਾਬ ਦੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਖੱਤਰੀ



ਭਾਈਚਾਰੇ ਨੂੰ ਆਪਣੀ ਗਿਣਤੀ ਦੇ ਮੁਕਾਬਲੇ ਸਰਕਾਰੀ ਭਲਾਈ ਸਕੀਮਾਂ ਦਾ ਬਹੁਤ ਘੱਟ ਲਾਭ ਮਿਲਦਾ ਰਿਹਾ ਹੈ। ਇਸ ਲਈ ਪੰਜਾਬ ਦੇ ਖੱਤਰੀ ਭਾਈਚਾਰੇ ਨੂੰ ਇਸ ਸੰਗਠਨ ਨਾਲ ਜੁੜਨਾ ਚਾਹੀਦਾ ਹੈ ਤਾਂ ਜੋ ਖੱਤਰੀ ਭਾਈਚਾਰੇ ਦੀਆਂ ਮੰਗਾਂ ਨੂੰ ਸਰਕਾਰਾਂ ਸਾਹਮਣੇ ਜ਼ੋਰਦਾਰ ਢੰਗ ਨਾਲ ਉਠਾਇਆ ਜਾ ਸਕੇ। ਫਗਵਾੜਾ ਪ੍ਰਧਾਨ ਮਦਨ ਮੋਹਨ ਬਜਾਜ ਨੇ ਪੰਜਾਬੀ ਖੱਤਰੀ-ਅਰੋੜਾ ਭਾਈਚਾਰੇ ਦੇ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਾਤੀ ਜਨਗਣਨਾ ਵਿੱਚ ਆਪਣੀ ਜਾਤੀ ਨੂੰ ਖੱਤਰੀ ਵਜੋਂ ਲਿਖਵਾਉਣ। ਮਹਿਲਾ ਇਕਾਈ ਦੀ ਨਵ-ਨਿਯੁਕਤ ਪ੍ਰਧਾਨ ਰੀਮਾ ਸੋਬਤੀ ਨੇ ਆਪਣੀ ਨਿਯੁਕਤੀ ਲਈ ਸੀਨੀਅਰ ਅਧਿਕਾਰੀਆਂ ਅਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਉਹਨਾਂ ਭਰੋਸਾ ਦਿੱਤਾ ਕਿ ਜਲਦੀ ਹੀ ਆਪਣੀ ਕਾਰਜਕਾਰਨੀ ਦਾ ਐਲਾਨ ਕਰਨਗੇ ਅਤੇ ਵੱਧ ਤੋਂ ਵੱਧ ਮਹਿਲਾ ਸ਼ਕਤੀ ਨੂੰ ਸੰਗਠਨ ਨਾਲ ਜੋੜਿਆ ਜਾਵੇਗਾ। ਅਖੀਰ ਵਿੱਚ ਸਭਾ ਦੇ ਉਪ ਪ੍ਰਧਾਨ ਦਵਿੰਦਰ ਭੱਲਾ ਅਤੇ ਜਨਰਲ ਸਕੱਤਰ ਸੰਜੀਵ ਝਾਂਝੀ ਨੇ ਸਾਰੇ ਪਤਵੰਤਿਆਂ ਦਾ ਸਮਾਗਮ 'ਚ ਪਹੁੰਚਣ ਲਈ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਲੈਕਚਰਾਰ ਹਰਜਿੰਦਰ ਗੋਗਨਾ ਨੇ ਕੀਤਾ। ਇਸ ਮੌਕੇ ਸਭਾ ਦੇ ਸਕੱਤਰ ਵਿਤਿਨ ਪੁਰੀ, ਕੈਸ਼ੀਅਰ ਭਾਰਤ ਭੂਸ਼ਣ ਬੇਦੀ, ਸੰਯੁਕਤ ਸਕੱਤਰ ਸੰਜੀਵ ਘਈ (ਲੱਕੀ), ਸੰਜੇ ਭੰਡਾਰੀ, ਰਾਕੇਸ਼ ਵਧੇਰਾ, ਭਰਤ ਬੇਦੀ, ਭੀਸ਼ਮ ਬੇਦੀ, ਡਾ. ਅਜੇ ਓਹਰੀ, ਅਸ਼ੋਕ ਸੇਠੀ, ਗੋਲਡੀ ਧੀਰ, ਡਾ. ਅਨਿਲ ਓਹਰੀ, ਸ਼ੀਤਲ ਕੋਹਲੀ, ਸਤਪਾਲ ਸੇਠੀ, ਇੰਦਰ ਖੁਰਾਣਾ, ਓਮ ਉੱਪਲ, ਪੰਕਜ ਚਾਵਲਾ, ਕ੍ਰਿਸ਼ਨ ਬਜਾਜ, ਗੋਪੀ ਬੇਦੀ, ਰਮੇਸ਼ ਸੁਨੇਜਾ ਆਦਿ ਹਾਜ਼ਰ ਸਨ।

# ਕੇਂਦਰ ਦੇ ਦਬਾਅ ਹੇਠ ਦੂਜੇ ਰਾਜ ਦੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਪੱਬਾਂ-ਭਾਰ ਹੋਇਆ ਸਿੱਖਿਆ ਵਿਭਾਗ : ਜੀ ਟੀ ਯੂ ਪੰਜਾਬ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਕੇਂਦਰ ਦੇ ਦਬਾਅ ਹੇਠ ਇਸ ਅੱਤ ਦੀ ਗਰਮੀ ਹੇਠ ਗਰਮੀਆਂ ਦੀਆਂ ਛੁੱਟੀਆਂ ਵਿੱਚ ਸਮਰ ਕੈਂਪ ਰਾਹੀਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਦੂਜੇ ਰਾਜ ਦੀ ਭਾਸ਼ਾ ਤੇਲਗੂ ਸਿੱਖਣ ਅਤੇ ਸਿਖਾਉਣ ਲਈ ਜਾਰੀ ਪੱਤਰ ਦਾ ਜੀ ਟੀ ਯੂ ਪੰਜਾਬ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ। ਉਹਨਾਂ ਕਿਹਾ ਕਿ ਇਹ ਦੇਸ਼ ਅਤੇ ਰਾਜਾਂ ਦੇ ਤਿੰਨ ਭਾਸ਼ਾਈ ਸੂਤਰ ਦੀ ਉਲੰਘਣਾ ਹੈ।ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਮਾਂ-ਬੋਲੀ ਪੰਜਾਬੀ ਹੈ ਅਤੇ ਇਸ ਵਿੱਚ ਮੁਹਾਰਤ ਲਈ ਅਧਿਆਪਕਾਂ ਵੱਲੋਂ ਯਤਨ ਕੀਤੇ ਜਾ ਰਹੇ ਹਨ ਅਤੇ ਦੂਜੇ ਨੰਬਰ 'ਤੇ ਰਾਸ਼ਟਰੀ ਭਾਸ਼ਾ ਹਿੰਦੀ ਨੂੰ ਵੀ ਪੰਜਾਬ ਦੇ ਸਕੂਲਾਂ ਵਿੱਚ ਬਣਦਾ ਸਤਿਕਾਰ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਭਾਸ਼ਾ ਅੰਗਰੇਜ਼ੀ ਨੂੰ ਵੀ ਪੰਜਾਬ ਦੇ ਸਕੂਲਾਂ ਵਿੱਚ ਵਿਸ਼ੇਸ਼ ਤਰਜੀਹ 'ਤੇ ਸਿਖਾਇਆ ਜਾ ਰਿਹਾ ਹੈ ਅਤੇ ਸਕੂਲਾਂ ਵਿੱਚ ਮਿਸ਼ਨ-ਸਮਰੱਥ ਤਹਿਤ ਪੜ੍ਹਾਈ ਕਰਵਾਈ ਜਾ ਰਹੀ ਹੈ ਪਰ ਸਿੱਖਿਆ ਵਿਭਾਗ ਵੱਲੋਂ ਪੰਜਾਬ ਦੇ ਵਿਦਿਆਰਥੀਆਂ ਨੂੰ ਅੱਤ ਦੀ ਗਰਮੀ ਅਤੇ ਛੁੱਟੀਆਂ ਵਿੱਚ ਦੂਜੇ ਰਾਜ ਦੀ ਭਾਸ਼ਾ ਤੇਲਗੂ ਸਿਖਾਉਣ ਦਾ ਆਦੇਸ਼ ਹਾਸੋਹੀਣਾ ਜਾਪਦਾ ਹੈ। ਸਿੱਖਿਆ ਵਿਭਾਗ ਅਤੇ ਪੰਜਾਬ ਸਰਕਾਰ ਦਾ ਮਾਂ-ਬੋਲੀ ਪੰਜਾਬੀ ਨੂੰ ਪ੍ਰਫੁੱਲਤ ਕਰਨਾ ਤਾਂ ਬਣਦਾ ਹੈ ਪਰ ਦੂਜੇ ਰਾਜ ਦੀ ਭਾਸ਼ਾ ਨੂੰ ਵਿਦਿਆਰਥੀਆਂ 'ਤੇ ਥੋਪਣਾ ਤਰਕ ਸੰਗਤ ਨਹੀਂ ਜਾਪਦਾ। ਇਸ ਲਈ ਅਜਿਹੇ ਆਦੇਸ਼ਾਂ ਨੂੰ ਜਾਰੀ ਕਰਨ ਤੋਂ ਪਹਿਲਾਂ ਸਿੱਖਿਆ ਵਿਭਾਗ ਨੂੰ ਸੋਚਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਧਿਆਪਕ ਆਗੂ ਸੁਨੀਲ ਕੁਮਾਰ, ਪ੍ਰਿਤਪਾਲ ਸਿੰਘ ਚੌਟਾਲਾ, ਲੈਕਚਰਾਰ ਅਮਰ ਸਿੰਘ, ਲੈਕਚਰਾਰ ਉਪਿੰਦਰ ਸਿੰਘ, ਵਿਕਾਸ ਸ਼ਰਮਾ, ਸੰਜੀਵ ਧੂਤ, ਪ੍ਰਿੰਸ ਗੜ੍ਹਦੀਵਾਲਾ, ਰਜਤ ਮਹਾਜਨ, ਲੈਕਚਰਾਰ ਹਰਵਿੰਦਰ ਸਿੰਘ, ਸ਼ਾਮ ਸੁੰਦਰ ਕਪੂਰ, ਕਮਲਦੀਪ ਸਿੰਘ, ਅਨੁਪਮ ਰਤਨ, ਹੈੱਡਮਾਸਟਰ ਸੰਦੀਪ ਬਡੇਸਰੋਂ, ਹੈੱਡਮਾਸਟਰ ਨਰੇਸ਼ ਸਿੰਘ, ਅਸ਼ੋਕ ਕੁਮਾਰ, ਨਰੇਸ਼ ਕੁਮਾਰ ਮਿੰਕਾ, ਚਮਨ ਲਾਲ, ਅਮਰਜੀਤ ਸਿੰਘ, ਪਰਸ ਰਾਮ, ਬਲਵਿੰਦਰ ਸਿੰਘ, ਰਾਜੇਸ਼ ਅਰੋੜਾ, ਉਮੇਸ਼ ਕੁਮਾਰ, ਸਰਬਜੀਤ ਸਿੰਘ, ਨਰਿੰਦਰ ਮੰਗਲ, ਸਰਬਜੀਤ ਸਿੰਘ, ਸਚਿਨ ਕੁਮਾਰ, ਜਸਵਿੰਦਰਪਾਲ, ਰਾਜ ਕੁਮਾਰ, ਸੰਦੀਪ ਕੁਮਾਰ, ਲੈਕਚਰਾਰ ਪ੍ਰਭਜੋਤ ਸਿੰਘ, ਰਣਵੀਰ ਸਿੰਘ, ਸਤਵਿੰਦਰ ਸਿੰਘ, ਪਰਮਜੀਤ ਕਾਤਿਲ, ਨਰਿੰਦਰ ਅਜਨੋਹਾ, ਲੈਕਚਰਾਰ ਪਵਨ ਕੁਮਾਰ ਗੋਇਲ, ਦਵਿੰਦਰ ਸਿੰਘ, ਅਸ਼ਵਨੀ ਰਾਣਾ, ਨਰਿੰਦਰ ਸਿੰਘ, ਮੈਡਮ ਪਰਮਜੀਤ ਕੌਰ ਸੂਸ, ਜਸਪ੍ਰੀਤ ਕੌਰ, ਬਲਜੀਤ ਕੌਸ਼ਲ, ਜਸਵੰਤ ਮੁਕੇਰੀਆਂ, ਮਨਜੀਤ ਸਿੰਘ, ਵਰਿੰਦਰ ਨਿਮਾਣਾ,ਸਤੀਸ਼ ਕੁਮਾਰ,ਪਰਮਜੀਤ ਸਿੰਘ, ਸੁਸ਼ੀਲ ਕੁਮਾਰ ਅਵਤਾਰ ਸਿੰਘ, ਲੈਕਚਰਾਰ ਨਰੇਸ਼ ਗੜ੍ਹਸ਼ੰਕਰ ਸਮੇਤ ਵੱਡੀ ਗਿਣਤੀ 'ਚ ਅਧਿਆਪਕ ਹਾਜ਼ਰ ਸਨ।

# ਸਤਨਾਮ ਚੇਚੀ ਵੱਲੋਂ ਮਾਲੇਵਾਲ ਕੰਢੀ ਨੂੰ ਡੇਢ ਲੱਖ ਰੁਪਏ ਦੀ ਗ੍ਰਾਂਟ

**ਬਲਾਚੌਰ (ਜਸਵਿੰਦਰ ਬੈਂਸ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਪਿੰਡ ਮਾਲੇਵਾਲ ਕੰਢੀ ਨੂੰ ਪਿੰਡ ਦੇ ਵਿਕਾਸ ਕਾਰਜਾਂ ਦੇ ਲਈ ਡੇਢ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ। ਇਸ ਮੌਕੇ ਸਤਨਾਮ ਜਲਾਲਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡ ਮਾਲੇਵਾਲ ਕੰਢੀ ਦੇ ਗਲੀਆਂ ਨਾਲੀਆਂ ਲਈ ਉਹਨਾਂ ਵੱਲੋਂ ਡੇਢ ਲੱਖ ਰੁਪਏ ਦੀ ਗਰਾਂਟ ਪਿੰਡ ਦੀ ਪੰਚਾਇਤ ਨੂੰ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਪਿੰਡ ਵਿੱਚ ਕੁਝ ਗਲੀਆਂ ਵਿੱਚ ਬਣਨ ਵਾਲੀਆਂ ਹਨ ਅਤੇ ਕੁਝ ਕੱਚੀਆਂ ਨਾਲੀਆਂ ਹਨ ਅਤੇ ਪਿੰਡ ਦੇ ਪੰਚਾਇਤ ਵੱਲੋਂ ਉਹਨਾਂ ਨਾਲ ਰਾਬਤਾ ਕਾਇਮ ਕਰ ਇਹਨਾਂ ਗਲੀਆਂ ਨਾਲੀਆਂ ਦੀ ਸਮੱਸਿਆ ਦੱਸੀ ਗਈ, ਜਿਸ ਨੂੰ ਮੁੱਖ ਰੱਖਦਿਆਂ ਹੋਇਆ ਅੱਜ ਉਹਨਾਂ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਪਿੰਡ ਦੀ ਪੰਚਾਇਤ ਨੂੰ ਡੇਢ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ। ਉਹਨਾਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਬਲਾਚੌਰ ਦੇ ਪਿੰਡਾਂ ਵਿੱਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਵਿਕਾਸ ਕਾਰਜ ਪਹਿਲ ਦੇ ਅਧਾਰ 'ਤੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਜਿਵੇਂ ਪਹਿਲੀਆਂ ਸਰਕਾਰਾਂ ਪਿੰਡ ਦੀਆਂ ਪੰਚਾਇਤਾਂ ਨਾਲ ਮਤਭੇਦ ਕਰ ਰਹੀਆਂ ਸਨ, ਆਮ ਆਦਮੀ ਪਾਰਟੀ ਦੀ ਸਰਕਾਰ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਰ ਰਹੀ।



ਸਗੋਂ ਪਿੰਡਾਂ ਦਾ ਵਿਕਾਸ ਪਹਿਲ ਦੇ ਅਧਾਰ 'ਤੇ ਕਰਵਾਉਣ ਵਿੱਚ ਲੱਗੀ ਹੋਈ ਹੈ। ਉਹਨਾਂ ਨੇ ਕਿਹਾ ਕਿ ਇਸ ਵਾਰ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਪੂਰੇ ਪੰਜਾਬ ਵਿੱਚ ਬਲਾਚੌਰ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਸਭ ਤੋਂ ਵੱਧ ਸਰਬ ਸੰਮਤੀ ਨਾਲ ਪੰਚਾਇਤਾਂ ਬਣੀਆਂ ਹਨ ਜੋ ਕਿ ਬਹੁਤ ਹੀ ਵੱਡੀ ਗੱਲ ਹੈ। ਇਸ ਮੌਕੇ ਤੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਵੀ ਉਹਨਾਂ ਨਾਲ ਸਨ। ਇਸ ਮੌਕੇ ਸਰਪੰਚ ਰਾਮ ਸਰੂਪ ਭੂੰਬਲਾ, ਸਤਪਾਲ ਭੂੰਬਲਾ, ਪੰਚ ਧਰਮ ਪਾਲ, ਪੰਚ ਜਸਪਾਲ, ਪੰਚ ਬਲਰਾਮ, ਪੰਚ ਹਰਦੀਪ, ਪੰਚ ਗੀਤਾ ਰਾਣੀ ,ਪੰਚ ਪੁਸ਼ਪਾ, ਪੰਚ ਮਨਜੀਤ, ਬਲਵੀਰ ਚੰਦ, ਸੁਰਜੀਤ ਲੰਬੜਦਾਰ, ਰਾਮ ਪ੍ਰਕਾਸ਼ , ਗੁਰਮੇਲ ,ਓਮ ਪ੍ਰਕਾਸ਼ , ਰਾਮ ਕਿਸ਼ਨ, ਰਾਮ ਜੀ ਦਾਸ, ਸਤਪਾਲ ਫੌਜੀ, ਬਲਵੀਰ ਬਾਬੂ, ਹਰਮੇਸ਼ ਲਾਲ, ਪਵਨ ਕੁਮਾਰ, ਚਮਨ ਲਾਲ , ਵਿੱਕੀ, ਸੇਠੀ ਭੂੰਬਲਾ ਮੌਜੂਦ ਸਨ।

# ਗ੍ਰਿਫ਼ਤਾਰ ਕੀਤੇ ਮਜ਼ਦੂਰ, ਔਰਤਾਂ ਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਫੋਰਸ ਦੇ ਦੁਆਬਾ ਪ੍ਰਧਾਨ ਬੀਰਪਾਲ ਠਰੋਲੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ 927 ਏਕੜ ਜ਼ਮੀਨ ਉਪਰ ਬੇਗਮਪੁਰਾ ਵਸਾਉਣ ਅਤੇ 17 ਏਕੜ ਲੈਂਡ ਸੀਲਿੰਗ ਐਕਟ ਤਹਿਤ ਵਾਧੂ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਵਿੱਚ ਵੰਡਣ ਲਈ ਕੀਤੇ ਜਾ ਰਹੇ ਸੰਘਰਸ਼ ਦੌਰਾਨ ਗ੍ਰਿਫ਼ਤਾਰ ਕੀਤੇ ਮਜ਼ਦੂਰਾਂ, ਔਰਤਾਂ ਅਤੇ ਮਰਦਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਹਨਾਂ ਕਿਹਾ ਕਿ ਹੱਕ ਮੰਗਦੇ ਮਜ਼ਦੂਰਾਂ 'ਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਜਬਰ, ਜ਼ੁਲਮ ਦੀ ਬੇਗਮਪੁਰਾ ਟਾਈਗਰ ਫੋਰਸ ਦੀ ਸ਼ਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਉਹਨਾਂ ਕਿਹਾ ਕਿ ਬੇਚਿਰਾਗ ਪਿੰਡ ਬੀੜ ਐਸਵਾਨ ਸੰਗਰੂਰ ਵਿਖੇ 927 ਏਕੜ ਜ਼ਮੀਨ 'ਚ ਬੇਗਮਪੁਰਾ ਵਸਾਉਣ ਨੂੰ ਰੋਕਣ ਲਈ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਬੁਖਲਾਹਟ ਵਿੱਚ ਆ ਕੇ ਬੇਜ਼ਮੀਨੇ ਐਸ ਸੀ ਮਜ਼ਦੂਰਾਂ ਉੱਪਰ ਚਲਾਏ ਦਮਨ ਚੱਕਰ ਵਿੱਚ ਸੈਂਕੜੇ



ਮਜ਼ਦੂਰ ਮਰਦ ਔਰਤਾਂ ਨੂੰ ਗ੍ਰਿਫ਼ਤਾਰ ਕਰਕੇ ਐਸ ਸੀ ਸਮਾਜ ਨਾਲ ਧ੍ਰੋਹ ਕਮਾਇਆ ਗਿਆ ਹੈ। ਉਹਨਾਂ ਕਿਹਾ ਕਿ ਸੰਗਰੂਰ ਪ੍ਰਸ਼ਾਸਨ ਨੇ ਬੀੜ ਐਸਵਾਨ ਜ਼ਮੀਨ ਵੱਲ ਵਧ ਰਹੇ ਸੈਂਕੜੇ ਮਜ਼ਦੂਰਾਂ ਨੂੰ ਵੱਖ ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕੀਤਾ ਹੈ ਅਤੇ ਕੁੱਝ ਲੋਕਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ ਪਰ 400 ਤੋਂ ਵੱਧ ਮਜ਼ਦੂਰ ਮਰਦ ਔਰਤਾਂ ਨੂੰ ਸੰਗਰੂਰ ਪ੍ਰਸ਼ਾਸਨ ਨੇ ਗ੍ਰਿਫ਼ਤਾਰ ਕਰਨ ਉਪਰੰਤ ਸੰਗਰੂਰ ਜੇਲ੍ਹ 'ਚ 70, ਮਲੇਰਕੋਟਲਾ ਵਿੱਚ 35, ਪਟਿਆਲਾ ਵਿੱਚ 66 ਅਤੇ ਨਾਭਾ ਜੇਲ੍ਹ ਵਿੱਚ 85 ਮਜ਼ਦੂਰਾਂ ਨੂੰ ਕੈਦ ਕਰਨ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਉਹਨਾਂ ਕਿਹਾ ਕਿ ਇਹ ਵੀ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਬਠਿੰਡਾ ਜੇਲ੍ਹ ਵਿੱਚ 100 ਦੇ ਕਰੀਬ ਮਜ਼ਦੂਰ ਔਰਤਾਂ ਨੂੰ ਨਜ਼ਰਬੰਦ ਕੀਤਾ ਗਿਆ ਹੈ ਪ੍ਰੰਤੂ ਬਾਕੀ ਮਜ਼ਦੂਰ ਮਰਦ ਔਰਤਾਂ ਨੂੰ ਕਿਸ ਜੇਲ੍ਹ ਜਾਂ ਆਰਜ਼ੀ ਜੇਲ੍ਹ ਵਿੱਚ ਪ੍ਰਸ਼ਾਸਨ ਨੇ ਨਜ਼ਰਬੰਦ ਕੀਤਾ ਹੈ ਤੁਰੰਤ ਦੱਸਿਆ ਜਾਵੇ ਪਰ ਪ੍ਰਸ਼ਾਸਨ ਉਹ ਦੱਸਣ ਲਈ ਤਿਆਰ ਨਹੀਂ। ਬੇਗਮਪੁਰਾ ਟਾਈਗਰ ਫੋਰਸ ਨੇ ਮੰਗ ਕੀਤੀ ਕਿ ਸੂਬਾ ਸਰਕਾਰ ਅਤੇ ਸੰਗਰੂਰ ਪ੍ਰਸ਼ਾਸਨ ਵੱਲੋਂ ਬੇਗਮਪੁਰਾ ਵਸਾਉਣ 'ਤੇ ਰੋਕਣ ਲਈ ਗ੍ਰਿਫ਼ਤਾਰ ਕੀਤੇ ਮਜ਼ਦੂਰਾਂ ਦੀ ਗਿਣਤੀ ਤੁਰੰਤ ਜਨਤਕ ਕੀਤੀ ਜਾਵੇ। ਉਹਨਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਮਜ਼ਦੂਰਾਂ ਨੂੰ ਅਗਰ ਰਿਹਾਅ ਨਾ ਕੀਤਾ ਤਾ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਹਮਖਿਆਲੀ ਜਥੇਬੰਦੀਆਂ ਦੇ ਸਹਿਯੋਗ ਨਾਲ ਮਿਲ ਕੇ ਸੰਘਰਸ਼ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਨੀ ਸੀਣਾ, ਕਰਮਜੀਤ ਨਾਰਾਂ ਡਾਡਾ, ਵਿਸ਼ਾਲ ਸਿੰਘ, ਵਿੱਕੀ ਪੁਰਹੀਰਾ, ਬਾਲੀ ਸੁੰਦਰ ਨਗਰ, ਆਦਿ ਹਾਜ਼ਰ ਸਨ।

# ਹੈਰੋਇਨ ਸਮੇਤ ਇੱਕ ਵਿਅਕਤੀ ਗ੍ਰਿਫ਼ਤਾਰ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਚਲਾਈ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ, ਮਾਨਯੋਗ ਐਸ.ਐਸ.ਪੀ. ਸ਼ਹੀਦ ਭਗਤ ਸਿੰਘ ਨਗਰ ਡਾ. ਮਹਿਤਾਬ ਸਿੰਘ ਆਈ.ਪੀ.ਐਸ. ਦੇ ਦਿਸ਼ਾ-ਨਿਰਦੇਸ਼ਾਂ ਅਤੇ ਸ਼ਾਮ ਸੁੰਦਰ ਸ਼ਰਮਾ ਡੀ.ਐਸ.ਪੀ. ਬਲਾਚੌਰ ਦੀ ਯੋਗ ਅਗਵਾਈ ਹੇਠ, ਸਬ ਇੰਸਪੈਕਟਰ ਸਤਨਾਮ ਸਿੰਘ, ਮੁੱਖ ਅਫਸਰ, ਸਿਟੀ ਪੁਲਿਸ ਸਟੇਸ਼ਨ ਬਲਾਚੌਰ ਅਤੇ



ਲਖਵੀਰ ਚੰਦ ਦੀ ਟੀਮ ਨੇ ਲਵਪ੍ਰੀਤ ਸਿੰਘ ਪੁੱਤਰ ਗੁਰਮੇਲ ਸਿੰਘ, ਵਾਸੀ ਮੰਗੂਪੁਰ, ਥਾਣਾ ਪੋਜੇਵਾਲ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਵਿੱਚ ਸਫਲਤਾ ਹਾਸਲ ਕੀਤੀ। ਦੋਸ਼ੀ ਵਿਰੁੱਧ ਮੁਕੱਦਮਾ ਥਾਣਾ ਸਿਟੀ ਬਲਾਚੌਰ ਵਿਖੇ ਦਰਜ ਕੀਤਾ ਗਿਆ ਹੈ।ਐਸ ਐਚ ਓ ਸਤਨਾਮ ਸਿੰਘ ਨੇ ਦੱਸਿਆ ਕਿ ਕਥਿਤ ਦੋਸ਼ੀ ਲਵਪ੍ਰੀਤ ਸਿੰਘ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਕੇਂਦਰੀ ਜੇਲ੍ਹ, ਲੁਧਿਆਣਾ ਵਿੱਚ ਬੰਦ ਕੀਤਾ ਜਾ ਰਿਹਾ ਹੈ।

# ਕਪੂਰਥਲਾ ਜ਼ਿਲ੍ਹੇ ਦੇ 9 ਹੋਰ ਪਿੰਡਾਂ 'ਚ ਪੁੱਜੀ ਨਸ਼ਾ ਮੁਕਤੀ ਯਾਤਰਾ

**ਕਪੂਰਥਲਾ/ਸੁਲਤਾਨਪੁਰ ਲੋਧੀ/ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਪੰਜਾਬ ਸਰਕਾਰ ਵੱਲੋਂ ਨਸ਼ੇ ਨੂੰ ਖਤਮ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਨਸ਼ਾ ਮੁਕਤੀ ਯਾਤਰਾ ਅੱਜ



ਕਪੂਰਥਲਾ ਜਿਲ੍ਹੇ ਦੇ 9 ਹੋਰ ਪਿੰਡਾਂ ਵਿਚ ਪੁੱਜੀ। ਕਪੂਰਥਲਾ ਜ਼ਿਲ੍ਹੇ ਦੇ ਪਿੰਡਾਂ ਮੰਗੂਪੁਰ, ਸੂਜੋਕਾਲੀਆ ਤੇ ਬੂੜੇਵਾਲ, ਦਰਵੇਸ਼ ਪਿੰਡ, ਕਾਹਲਵਾਂ, ਖੁੱਲਪੁਰ, ਥਿਗਲੀ , ਉੱਚਾ ਪਿੰਡ ਤੇ ਜਗਤਪੁਰ ਜੱਟਾਂ ਵਿਖੇ ਲੋਕਾਂ ਨੇ ਨਸ਼ੇ ਵਿਰੁੱਧ ਲੜਾਈ ਦਾ ਅਹਿਦ ਲਿਆ ।ਕਪੂਰਥਲਾ ਹਲਕੇ ਦੇ ਪਿੰਡਾਂ ਵਿਚ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਲਲਿਤ ਸਕਲਾਨੀ, ਸੁਲਤਾਨਪੁਰ ਲੋਧੀ ਹਲਕੇ ਦੇ ਪਿੰਡਾਂ ਵਿਚ ਚੇਅਰਮੈਨ ਨਗਰ ਸੁਧਾਰ ਟਰੱਸਟ ਕਪੂਰਥਲਾ ਸੱਜਣ ਸਿੰਘ ਚੀਮਾ, ਫਗਵਾੜਾ ਹਲਕੇ ਵਿੱਚ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਨੂਰ ਸਿੰਘ ਹਰਜੀ ਮਾਨ ਨੇ ਨਸ਼ਾ ਮੁਕਤੀ ਯਾਤਰਾ ਦੀ ਅਗਵਾਈ ਕੀਤੀ ਤੇ ਲੋਕਾਂ ਨੂੰ ਨਸ਼ੇ ਵਿਰੁੱਧ ਲੜਾਈ ਵਿਚ ਭਾਗੀਦਾਰੀ ਦਾ ਅਹਿਦ ਦਿਵਾਇਆ। ਇਸ ਮੌਕੇ ਲੋਕਾਂ ਨੂੰ ਨਸ਼ੇ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਦਾ ਲਿਟਰੇਟਰ ਤੇ ਟੀ- ਸ਼ਰਟਾਂ ਦੀ ਵੀ ਵੰਡ ਕੀਤੀ ਗਈ।

# 11.33 ਕਰੋੜ ਰੁਪਏ ਨਾਲ ਪੇਂਡੂ ਖੇਤਰਾਂ ਦੀਆਂ 25 ਲਿੰਕ ਸੜਕਾਂ ਦਾ ਹੋਵੇਗਾ ਨਵੀਨੀਕਰਨ : ਮਾਨ

**ਫਗਵਾੜਾ (ਡਾ. ਰਮਨ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਫਗਵਾੜਾ ਵਿਧਾਨ ਸਭਾ ਹਲਕੇ ਦੇ ਪੇਂਡੂ ਵਿਕਾਸ ਦੀ ਪ੍ਰਤੀਬੱਧਤਾ ਨੂੰ ਦਰਸਾਉਂਦੇ ਹੋਏ 11.33 ਕਰੋੜ ਰੁਪਏ ਦੀ ਲਾਗਤ ਨਾਲ 25 ਲਿੰਕ ਸੜਕਾਂ ਦਾ ਨਵੀਨੀਕਰਨ ਕਰਵਾਇਆ ਜਾ ਰਿਹਾ ਹੈ। ਇੱਹ ਜਾਣਕਾਰੀ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਅੱਜ ਇੱਥੇ ਗੱਲਬਾਤ ਦੌਰਾਨ ਦਿੱਤੀ । ਉਹਨਾਂ ਦੱਸਿਆ ਕਿ ਮੁੱਖ ਤੌਰ 'ਤੇ ਰਾਣੀਪੁਰ ਤੋਂ ਭਾਖੜੀਆਣਾ ਵਾਲੀ ਸੜਕ ਦੀ ਉਸਾਰੀ 'ਤੇ 89.96 ਲੱਖ ਰੁਪਏ, ਹਦੀਆਬਾਦ ਤੋਂ ਨਾਰੰਗਸ਼ਾਹਪੁਰ ਰੋਡ 'ਤੇ 61.16 ਲੱਖ ਰੁਪਏ, ਜੀ.ਟੀ. ਰੋਡ ਫਗਵਾੜਾ ਤੋਂ ਦਰਵੇਸ਼ ਪਿੰਡ ਰੋਡ ਦੀ ਉਸਾਰੀ 'ਤੇ 22.62 ਲੱਖ ਰੁਪਏ, ਨਕੋਦਰ ਰੋਡ ਫਗਵਾੜਾ ਤੋਂ ਸੁੰਨੜਾ ਰੋਡ 'ਤੇ 11.13 ਲੱਖ ਰੁਪਏ, ਕਾਂਸ਼ੀ ਨਗਰ ਤੋਂ ਨੰਗਲ ਮੱਝਾ ਰੋਡ 'ਤੇ 51.46 ਲੱਖ ਰੁਪਏ, ਖੁਰਮਪੁਰ ਤੋਂ ਵਾਇਆ ਢੱਕ ਪਲਾਹੀ ਜੀ.ਟੀ. ਰੋਡ ਦੀ ਉਸਾਰੀ 'ਤੇ 1 ਕਰੋੜ 89 ਲੱਖ ਰੁਪਏ, ਹੁਸ਼ਿਆਰਪੁਰ ਰੋਡ ਫਗਵਾੜਾ ਤੋਂ ਜਗਪਾਲਪੁਰ ਰੋਡ 'ਤੇ 1 ਕਰੋੜ 38 ਲੱਖ 35 ਹਜ਼ਾਰ ਰੁਪਏ, ਰਿਹਾਣਾ ਜੱਟਾਂ ਤੋਂ ਲੋਟੇਰਾ ਰੋਡ 'ਤੇ 62.42 ਲੱਖ ਰੁਪਏ, ਹੁਸ਼ਿਆਰਪੁਰ ਰੋਡ ਫਗਵਾੜਾ ਤੋਂ ਪਲਾਹੀ ਵਾਲੀ ਰੋਡ 'ਤੇ 48.81 ਲੱਖ ਰੁਪਏ, ਜੀ.ਟੀ. ਰੋਡ ਫਗਵਾੜਾ ਤੋਂ ਜਗਤਪੁਰ ਜੱਟਾਂ ਰੋਡ 'ਤੇ 61.83 ਲੱਖ ਰੁਪਏ, ਹੁਸ਼ਿਆਰਪੁਰ ਰੋਡ ਫਗਵਾੜਾ ਤੋਂ ਵਾਇਆ ਸੀਕਰੀ, ਜਗਪਾਲਪੁਰ ਰੋਡ 'ਤੇ 62.71 ਲੱਖ ਰੁਪਏ, ਰਾਵਲਪਿੰਡੀ ਤੋਂ ਸੰਗਤਪੁਰ ਰੋਡ 'ਤੇ 80.01 ਲੱਖ ਰੁਪਏ ਅਤੇ ਜੀ.ਟੀ. ਰੋਡ ਫਗਵਾੜਾ ਤੋਂ ਵਾਇਆ ਨੰਗਲ, ਰੁੜਕਾਂ ਕਲਾਂ ਰੋਡ 'ਤੇ 54.95 ਲੱਖ ਰੁਪਏ ਖਰਚ ਕੀਤੇ ਜਾਣਗੇ। ਮਾਨ ਨੇ ਕਿਹਾ ਕਿ ਇਹਨਾਂ ਸੜਕਾਂ ਦੀ ਉਸਾਰੀ ਨਾਲ ਫਗਵਾੜਾ ਸ਼ਹਿਰ 'ਚ ਟਰੈਫਿਕ ਦੇ ਬੋਝ ਦੀ ਸਮੱਸਿਆ ਨੂੰ ਵੀ ਕਾਫੀ ਹੱਦ ਤੱਕ ਦੂਰ ਕੀਤਾ ਜਾ ਸਕੇਗਾ। ਉਹਨਾਂ ਭਰੋਸਾ ਦਿੱਤਾ ਕਿ ਫਗਵਾੜਾ ਦੇ ਸਰਬਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹੇ ਹਨ ਅਤੇ ਅੱਗੇ ਵੀ ਫਗਵਾੜਾ ਵਾਸੀਆਂ ਦੀ ਸੇਵਾ ਨੂੰ ਸਮਰਪਤ ਰਹਿਣਗੇ।

# ਖਾਨਖਾਨਾ 'ਚ ਸੁਆਣ ਜਠੇਰਿਆਂ ਦਾ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)**- ਖਾਨਖਾਨਾ ਵਿਖੇ ਸਮੂਹ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸੁਆਣ ਜਠੇਰਿਆਂ ਦਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਰਬਾਰ 'ਤੇ ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਗਈ। ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ +ਚ ਸੰਗਤਾਂ ਦਰਬਾਰ 'ਤੇ ਨਤਮਸਤਕ ਹੋਈਆਂ। ਪੰਜਾਬ ਦੇ ਮਸ਼ਹੂਰ ਕਲਾਕਾਰਾਂ ਰਮੇਸ਼ ਚੌਹਾਨ, ਰੇਖਾ ਚੌਹਾਨ ਤੋਂ ਇਲਾਵਾ ਹੋਰ ਵੀ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਪ੍ਰਬੰਧਕ ਕਮੇਟੀ ਵੱਲੋਂ ਕਲਾਕਾਰਾਂ, ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਤ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਮਨਜਿੰਦਰ ਲਾਲ ਸੁਆਣ ਸਰਪੰਚ ਪੰਡੋਰੀ ਨਿੱਝਰਾਂ ਵਲੋਂ ਸਾਰੀ ਸੰਗਤ ਨੂੰ ਜੀ ਆਇਆਂ ਕਿਹਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਮਨਜਿੰਦਰ ਸਿੰਘ ਸੁਆਣ, ਸੁੱਚਾ ਸਿੰਘ, ਬਲਕਾਰ ਸਿੰਘ, ਵਿਜੇ ਕੁਮਾਰ, ਸੰਤੋਖ ਸਿੰਘ, ਦਵਿੰਦਰ ਸਿੰਘ ਸੋਨੂੰ, ਅਮਰੀਕ ਮੀਕਾ, ਅਮਰਜੀਤ ਰਾਜੂ, ਧਲਵਿੰਦਰ ਸਿੰਘ ਮਾਨੀ, ਯੋਗਰਾਜ ਗੋਗਾ, ਗੁਰਪ੍ਰੀਤ,ਜੋਤਾ, ਕੇਸ਼ਾ, ਵਰਿੰਦਰ ਸਿੰਘ ਬਿੱਲੂ, ਰਵਿੰਦਰ ਸਿੰਘ ਸਰਪੰਚ ਖਾਨਖਾਨਾ, ਨਰਿੰਦਰ ਸਿੰਘ ਸਾਬਕਾ ਸਰਪੰਚ, ਸੰਤੋਖ ਸਿੰਘ ਪੰਚ, ਹੈਪੀ ਪੰਚ, ਬਲਵੀਰ ਰਾਮ ਪੰਚ, ਅਮਰਜੀਤ ਸਿੰਘ ਪੰਚ, ਹਰਦੀਪ ਦੀਪਾ ਪੰਚ, ਡਾ. ਦੇਸ ਰਾਜ, ਸਤਨਾਮ ਸੰਧੂ, ਹਰਜਿੰਦਰ ਕੁਮਾਰ ਆਦਿ ਹਾਜ਼ਰ ਸਨ।

# ਨੌਜੁਆਨਾਂ ਨੂੰ ਸਵੈ-ਰੁਜ਼ਗਾਰ ਪ੍ਰਤੀ ਪ੍ਰੇਰਿਤ ਕਰਨ ਲਈ ਸ਼ੁਰੂ ਕੀਤੇ ਹਨ ਸਟਾਰਟਅੱਪ ਪ੍ਰੋਗਰਾਮ : ਰਾਓ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨੌਜੁਆਨਾਂ ਨੂੰ ਸਵੈਰੁਜ਼ਗਾਰ ਦੇ ਪ੍ਰਤੀ ਪ੍ਰੇਰਿਤ ਕਰਨ ਲਈ ਸ਼ੁਰੂ ਕੀਤੇ ਗਏ ਸਟਾਰਟਅੱਪ ਪ੍ਰੋਗਰਾਮ ਤਹਿਤ ਵੱਖ ਤੋਂ ਐਮ ਐਸ ਐਮ ਈ ਮੁੱਖ ਦਫਤਰ ਦਾ ਗਠਨ ਕੀਤਾ ਹੈ। ਇਸ ਦੇ ਤਹਿਤ ਮਿੰਨੀ ਕਲਸਟਰ ਵਿਕਾਸ ਪ੍ਰੋਗਰਾਮ ਲਈ 90 ਫੀਸਦੀ ਦੀ ਸਬਸਿਡੀ ਸਹਾਇਤਾ ਉਪਲਬਧ ਕਰਾਈ ਜਾਂਦੀ ਹੈ।ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਉਦਯੋਗਿਕ ਵਿਕਾਸ ਲਈ ਸਰਕਾਰ ਦਾ ਯਤਨ ਹੈ ਕਿ ਤਕਨਾਲੋਜੀ ਅਪਗ੍ਰੇਡ, ਆਮ ਸਹੂਲਤਾਂ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ ਹੋਵੇ, ਇਸ ਦੇ ਲਈ ਐਮ ਐਸ ਐਮ ਈ ਦੇ 11 ਕਲਸਟਰ ਵਿਕਸਿਤ ਕੀਤੇ ਜਾ ਰਹੇ ਹਨ, ਜਿਨ੍ਹਾਂ 'ਤੇ 169.68 ਕਰੋੜ ਰੁਪਏ ਖਰਚ ਹੋਣਗੇ। ਜਿਸ ਵਿੱਚ ਸੂਬਾ ਸਰਕਾਰ ਵੱਲੋਂ 20.07 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਯੋਜਨਾ ਤਹਿਤ ਹੁਣ ਤੱਕ 158 ਕਰੋੜ ਰੁਪਏ ਦੀ 46 ਪਰਿਯੋਜਨਾਵਾਂ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ।ਉਨ੍ਹਾਂ ਨੇ ਦਸਿਆ ਕਿ ਇਸੀ ਤਰ੍ਹਾਂ ਕਲਸਟਰ ਪਲੱਗ ਅਤੇ ਪਲੇ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਦੇ ਤਹਿਤ 358.83 ਕਰੋੜ ਰੁਪਏ ਦੀ ਲਾਗਤ ਵਾਲੀ 33 ਪਰਿਯੋਜਨਾਵਾਂ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਗਈ ਹੈ। ਇਸ ਵਿੱਚ ਸਰਕਾਰ ਨੇ 75.98 ਕਰੋੜ ਰੁਪਏ ਦੀ ਸਬਸਿਡੀ ਸਹਾਇਤਾ ਪ੍ਰਦਾਨ ਕੀਤੀ ਹੈ।ਉਨ੍ਹਾਂ ਨੇ ਦਸਿਆ ਕਿ ਐਮ ਐਸ ਐਮ ਈ ਮੁੱਖ ਦਫਤਰ ਵੱਲੋਂ ਉਦਯੋਗਾਂ ਨੂੰ ਬਿਨ੍ਹਾ ਰੁਕਾਵਟ ਬਿਜਲੀ ਸਪਲਾਈ ਯਕੀਨੀ ਕਰਨ ਦੀ ਰੂਪਰੇਖਾ ਤਿਆਰ ਕੀਤੀ ਹੈ। ਹੁਣ ਉਦਯੋਗਿਕ ਬਿਜਲੀ ਕਟੌਤੀ ਦੇ ਸਮੇਂ ਉਤਪਾਦਨ ਸਮੇਂ ਦਾ ਲੋਸ ਗੁਣਵੱਤਾ ਵਿੱਚ ਕਮੀ ਨੂੰ ਘੱਟ ਕਰਨ ਲਈ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਯੋਜਨਾ ਤਹਿਤ ਪੂੰਜੀਗਤ ਖਰਚ 'ਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਨਵੀਂ ਉਦਮ ਵਿਕਾਸ ਅਤੇ ਖੇਤਰੀ ਯੋਜਨਾਵਾਂ ਅਤੇ ਨੀਤੀਆਂ ਤਿਆਰ ਕਰ ਕੇ ਹਰਿਆਣਾ ਨੂੰ ਦੇਸ਼-ਵਿਦੇਸ਼ ਦਾ ਇੱਕ ਪ੍ਰਮੁੱਖ ਨਿਵੇਸ਼ ਡੇਸਟੀਨੇਸ਼ਨ ਥਾਂ ਵਜੋਂ ਸਥਾਪਿਤ ਕਰਨ ਦਾ ਉਦੇਸ਼ ਹੈ। ਇਸ ਦੇ ਲਈ ਸ਼ਾਸਨ ਪ੍ਰਣਾਲੀ ਰਾਹੀਂ ਲਗਾਤਾਰ ਵਿਕਾਸ ਦੀ ਸਹੂਲਤ ਉਦਮਸ਼ੀਲਤਾ ਨੂੰ ਪ੍ਰੋਤਸਾਹਨ ਦੇਣ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਇਨੋਵੇਸ਼ਨ ਅਤੇ ਤਕਨਾਲੋਜੀ ਅਤੇ ਸਕਿਲ ਵਿਕਾਸ ਨੂੰ ਵਿਆਪਕ ਪੱਧਰ 'ਤੇ ਅਪਣਾਉਣ ਲਈ ਨਵੀਂ ਉੱਦਮ ਪ੍ਰੋਤਸਾਹਨ ਨੀਤੀ ਤਿਆਰ ਕੀਤੀ ਹੈ।

# ਪ੍ਰਧਾਨ ਮੰਤਰੀ ਨੇ ਜਾਤੀਗਤ ਮਰਦਮਸ਼ੁਮਾਰੀ ਦਾ ਫੈਸਲਾ ਲੈ ਕੇ ਦੂਰਦਰਸ਼ੀ ਅਗਵਾਈ ਦਾ ਦਿੱਤਾ ਪਰਿਚੈ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਰਾਸ਼ਟਰਵਿਆਪੀ ਜਾਤੀਗਤ ਮਰਦਮਸ਼ੁਮਾਰੀ ਦਾ ਇਤਿਹਾਸਕ ਫੈਸਲਾ ਲੈ ਕੇ ਦੂਰਦਰਸ਼ੀ ਅਗਵਾਈ ਦਾ ਪਰਿਚੈ ਦਿੱਤਾ ਹੈ। ਇਹ ਫੈਸਲਾ ਸਮਾਜਿਕ ਨਿਆਂ ਦੀ ਦਿਸ਼ਾ ਵਿੱਚ ਇੱਕ ਵਿਲੱਖਣ ਕਦਮ ਹੈ ਜੋ ਸਮਾਜ ਦੇ ਸੱਭ ਤੋਂ ਵਾਂਝੇ ਅਤੇ ਅਣਗੌਲਿਆ ਵਰਗਾਂ ਨੂੰ ਉਨ੍ਹਾਂ ਦੇ ਅਧਿਕਾਰ ਅਤੇ ਮੌਕੇ ਪ੍ਰਦਾਨ ਕਰਨ ਦਾ ਮਾਰਗ ਪ੍ਰਸ਼ਾਸਤ ਕਰੇਗਾ। ਮੁੱਖ ਮੰਤਰੀ ਨੇ ਅੱਜ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੌਮੀ ਜਨਤਾਂਤਰਿਕ ਗਠਜੋੜ (ਐਨਡੀਏ) ਦੇ ਮੁੱਖ ਮੰਤਰੀਆਂ ਅਤੇ ਡਿਪਟੀ ਮੁੱਖ ਮੰਤਰੀਆਂ ਦੀ ਮੀਟਿੰਗ ਵਿੱਚ ਇਹ ਗੱਲ ਕਹੀ। ਇਸ ਮੀਟਿੰਗ ਵਿੱਚ ਆਪ੍ਰੇਸ਼ਨ ਸਿੰਦੂਰ ਵਿੱਚ ਆਰਮਡ ਫੋਰਸਾਂ ਦੀ ਬਹਾਦਰੀ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਹਿੰਮਤੀ ਅਗਵਾਈ ਦੀ ਸ਼ਲਾਘਾ ਕਰਦੇ ਹੋਏ ਇੱਕ ਪ੍ਰਸਤਾਵ ਵੀ ਪਾਸ ਕੀਤਾ ਗਿਆ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਨਾਲ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ, ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਸ੍ਰੀ ਜਗਤ ਪ੍ਰਕਾਸ਼ ਨੱਡਾ ਵੀ ਇਸ ਇੱਕ ਦਿਨਾਂ ਦੇ ਸਮੇਲਨ ਵਿੱਚ ਸ਼ਾਮਿਲ ਹੋਏ।ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਸਵੀਕਾਰ ਕਰ ਆਪਣੀ ਉਦਾਰਤਾ ਅਤੇ ਦੂਰਦਰਸ਼ਿਤਾ ਦਾ ਪਰਿਚੈ ਦਿੱਤਾ। ਇਹ ਕਦਮ ਸਾਬਤ ਕਰਦਾ ਹੈ ਕਿ ਸਰਕਾਰ ਸਾਰਿਆਂ ਦੇ ਵਿਚਾਰਾਂ ਦਾ ਸਨਮਾਨ ਕਰਦੀ ਹੈ ਅਤੇ ਦੇਸ਼ਹਿੱਤ ਵਿੱਚ ਵੱਡੇ ਫੈਸਲੇ ਲੈਣ ਵਿੱਚ ਸਮਰੱਥ ਹੈ ਅਤੇ ਇਹ ਅਗਵਾਈ ਭਾਰਤ ਨੂੰ ਵਿਸ਼ਵ ਮੰਚ 'ਤੇ ਹੋਰ ਮਾਣ ਦਿਵਾਏਗੀ।

# ਡਾ. ਚੱਬੇਵਾਲ ਤੇ 'ਆਪ' ਆਗੂਆਂ ਨੇ ਕੀਤਾ ਰਾਏਪੁਰ ਡੱਬਾ ਅਕੈਡਮੀ ਦਾ ਦੌਰਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਫਗਵਾੜਾ ਦਾ ਦੌਰਾ ਕੀਤਾ। ਉਹਨਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਸੂਬਾ ਸਪੋਕਸ ਪਰਸਨ ਹਰਨੂਰ ਸਿੰਘ ਮਾਨ, ਸ਼ਹਿਰ ਦੇ ਮੇਅਰ ਰਾਮਪਾਲ ਉੱਪਲ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਰਨੈਲ ਨੰਗਲ, ਨਿਗਮ ਦੇ ਡਿਪਟੀ ਮੇਅਰ ਵਿੱਕੀ ਸੂਦ ਵੀ ਸਨ। ਅਕੈਡਮੀ ਦੇ ਸੰਚਾਲਕ ਅਤੇ ਸਾਬਕਾ ਅੰਤਰਰਾਸ਼ਟਰੀ ਰੈਸਲਿੰਗ ਕੋਚ



ਪੀ.ਆਰ. ਸੌਂਧੀ ਨੇ ਡਾ. ਚੱਬੇਵਾਲ ਅਤੇ ਸਮੂਹ ਆਪ ਆਗੂਆਂ ਨੂੰ ਅਕੈਡਮੀ 'ਚ ਪਹਿਲਵਾਨਾਂ ਲਈ ਟ੍ਰੇਨਿੰਗ ਦੇ ਕੀਤੇ ਪ੍ਰਬੰਧਾਂ ਬਾਰੇ ਵਿਸਥਾਰ ਨਾਲ ਦੱਸਿਆ। ਉਹਨਾਂ ਪਹਿਲਵਾਨਾਂ ਵਲੋਂ ਸੂਬੇ ਅਤੇ ਕੌਮੀ ਪੱਧਰ 'ਤੇ ਜਿੱਤੇ ਮੈਡਲਾਂ ਬਾਰੇ ਵੀ ਜਾਣੂ ਕਰਵਾਇਆ। ਇਸ ਦੌਰਾਨ ਉਹਨਾਂ ਨੇ ਮੰਗ ਕੀਤੀ ਕਿ ਪਹਿਲਵਾਨਾਂ ਦੇ ਅਖਾੜੇ ਲਈ ਸਰਕਾਰੀ ਤੌਰ 'ਤੇ ਜਗ੍ਹਾ ਦਾ ਪ੍ਰਬੰਧ ਕਰਕੇ ਦਿੱਤਾ ਜਾਵੇ। ਅਕੈਡਮੀ 'ਚ ਪੱਕੇ ਤੌਰ 'ਤੇ ਕੋਚ ਦੀ ਨਿਯੁਕਤੀ ਕਰਵਾਈ ਜਾਵੇ ਅਤੇ ਪਹਿਲਵਾਨਾਂ ਦੀ ਸਹੂਲਤ ਲਈ ਗੱਦਿਆਂ ਦਾ ਪ੍ਰਬੰਧ ਵੀ ਪੰਜਾਬ ਸਰਕਾਰ ਵਲੋਂ ਕਰਵਾਇਆ ਜਾਵੇ। ਪੀ.ਆਰ. ਸੌਂਧੀ ਨੇ ਦੱਸਿਆ ਕਿ ਉਹਨਾਂ ਦੀ ਅਕੈਡਮੀ ਦੇ ਪਹਿਲਵਾਨ ਵੱਖ ਵੱਖ ਵਰਗਾਂ 'ਚ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਚੈਂਪੀਅਨਸ਼ਿਪ ਜਿੱਤਣ 'ਚ ਸਫਲ ਰਹੇ ਹਨ। ਕੌਮੀ ਪੱਧਰ 'ਤੇ ਵੀ ਕਈ ਗੋਲਡ ਮੈਡਲ ਜਿੱਤੇ ਹਨ। ਉਹਨਾਂ ਹੋਣਹਾਰ ਪਹਿਲਵਾਨਾਂ ਨੂੰ ਸਰਕਾਰ ਵਲੋਂ ਹਰ ਸੰਭਵ ਸਹਾਇਤਾ ਦੇਣ ਦੀ ਮੰਗ ਵੀ ਕੀਤੀ ਤਾਂ ਜੋ ਉਹ ਅੰਤਰ-ਰਾਸ਼ਟਰੀ ਪੱਧਰ 'ਤੇ ਪੰਜਾਬ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰ ਸਕਣ। ਇਸ ਦੌਰਾਨ ਸ਼ਿੰਗਾਰਾ ਸਿੰਘ ਪਹਿਲਵਾਨ ਦੇ ਪਿਤਾ ਐਨ.ਆਰ.ਆਈ. ਹਰਭਜਨ ਸਿੰਘ ਢੇਸੀ ਕਨੇਡਾ ਵਲੋਂ ਅਕੈਡਮੀ ਦੇ ਪਹਿਲਵਾਨਾਂ ਨੂੰ ਬਦਾਮ ਅਤੇ ਭੁਪਿੰਦਰ ਸਿੰਘ ਸਿਆਣ ਲੁਧਿਆਣਾ ਪ੍ਰਬੰਧਕ ਮੰਨਨਹਾਣਾ ਕੁਸ਼ਤੀ ਦੰਗਲ ਵਲੋਂ ਟੀ-ਸ਼ਰਟਾਂ ਵੰਡੀਆਂ ਗਈਆਂ। ਡਾ. ਚੱਬੇਵਾਲ ਨੇ ਅਕੈਡਮੀ ਦੇ ਸੰਚਾਲਕਾਂ ਨੂੰ ਭਰੋਸਾ ਦਿੱਤਾ ਕਿ ਉਹ ਹਰ ਸੰਭਵ ਸਰਕਾਰੀ ਮੱਦਦ ਦੁਆਉਣ ਦਾ ਯਤਨ ਕਰਨਗੇ। ਹਰਨੂਰ ਸਿੰਘ ਮਾਨ ਨੇ ਕੋਚ ਦੀ ਪੱਕੀ ਨਿਯੁਕਤੀ ਕਰਵਾਉਣ ਦਾ ਭਰੋਸਾ ਦਿੱਤਾ। ਅਕੈਡਮੀ ਵਲੋਂ ਡਾ. ਚੱਬੇਵਾਲ ਅਤੇ ਉਹਨਾਂ ਦੇ ਸਾਥੀਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਪੀ.ਏ., ਸਿਟੀ ਕੇਬਲ ਦੇ ਡਾਇਰੈਕਟਰ ਐਚ.ਐਸ. ਬਸਰਾ, ਕੋਚ ਸਾਜਨ ਰਾਜਪੂਤ, ਕੋਚ ਰਵਿੰਦਰ ਨਾਥ, ਬਲਵੀਰ ਕੁਮਾਰ, ਬੀ.ਐਸ. ਬਾਗਲਾ, ਸਲਵਿੰਦਰ ਸਿੰਘ ਜੱਸੀ, ਬਿਸ਼ੰਭਰ ਦਾਸ, ਸ਼ੰਮੀ ਪਹਿਲਵਾਨ, ਸਨੀ ਲੋਹਾਰਾਂ, ਗੀਤ ਪ੍ਰੀਤ ਪਾਲ ਸਿੰਘ ਪ੍ਰੈਸ ਸਕੱਤਰ ਪੰਜਾਬ ਰੈਸਲਿੰਗ ਐਸੋਸੀਏਸ਼ਨ, ਹਰਮੇਸ਼ ਲਾਲ ਆਦਿ ਹਾਜ਼ਰ ਸਨ।

# ਗੁਰੂ ਹਰਕ੍ਰਿਸ਼ਨ ਸਕੂਲ 'ਚ ਆਤਮਾ ਸਿੰਘ ਦੀ ਬਰਸੀ 'ਤੇ ਧਾਰਮਿਕ ਸਮਾਗਮ



**ਸੁਲਤਾਨਪੁਰ ਲੋਧੀ (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸਰਪ੍ਰਸਤ ਅਤੇ ਸਕੂਲ ਦੇ ਸੰਸਥਾਪਕ ਸਵ. ਆਤਮਾ ਸਿੰਘ ਦੀ 28ਵੀਂ ਅਤੇ ਬੀਬੀ ਤੇਜ ਕੌਰ ਦੀ 25ਵੀਂ ਬਰਸੀ ਦੇ ਸਬੰਧ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਇੰਟਰ ਸਕੂਲ ਸ਼ਬਦ ਗਾਇਨ ਪ੍ਰਤੀਯੋਗਤਾ ਵੀ ਕਰਵਾਈ ਗਈ । ਸ਼ਬਦ ਗਾਇਨ ਸੀਨੀਅਰਜ਼ ਦੇ ਮੁਕਾਬਲੇ ਵਿਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ.ਸੀ.ਐਫ ਜੇਤੂ ਰਿਹਾ ਅਤੇ ਜੂਨੀਅਰ ਦੇ ਮੁਕਾਬਲੇ ਵਿਚ ਮੇਜ਼ਬਾਨ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸਕੂਲ ਜੇਤੂ ਰਿਹਾ। ਇਸ ਦੌਰਾਨ ਜੱਜਾਂ ਦੀ ਭੂਮਿਕਾ ਪ੍ਰੋ. ਗੁਰਪ੍ਰੀਤ ਕੌਰ ਤੇ ਪ੍ਰੋ. ਅਰਸ਼ਪ੍ਰੀਤ ਕੌਰ ਵੱਲੋਂ ਨਿਭਾਈ ਗਈ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ । ਉਨ੍ਹਾਂ ਆਪਣੇ ਸੰਬੋਧਨ ਦੌਰਾਨ ਸਵ. ਆਤਮਾ ਸਿੰਘ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣ ਅਤੇ ਆਪਣੇ ਲਕਸ਼ ਦੀ ਪ੍ਰਾਪਤੀ ਲਈ ਸਖਤ ਮਿਹਨਤ ਕਰਨ ਦਾ ਸੁਨੇਹਾ ਦਿੱਤਾ। ਧਾਰਮਿਕ ਸਮਾਗਮ ਵਿੱਚ ਪਹੁੰਚੇ ਕਥਾਵਾਚਕ ਭਾਈ ਹਰਜੀਤ ਸਿੰਘ ਨੇ ਵੀ ਆਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਸਕੂਲ ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਰੇਨੂ ਅਰੋੜਾ, ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਆਰ.ਸੀ.ਐਫ, ਜਸਬੀਰ ਕੌਰ ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ, ਨਿਧੀ ਸੰਗੋਤਰਾ ਪ੍ਰਿੰਸੀਪਲ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਬੀਬੀ ਬਲਜੀਤ ਕੌਰ ਡਡਵਿੰਡੀ ਤੋਂ ਇਲਾਵਾ ਸਮੂਹ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਸਵ. ਆਤਮਾ ਸਿੰਘ ਤੇ ਬੀਬੀ ਤੇਜ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਕਲੇਰ ਜਠੇਰਿਆਂ ਦਾ ਸਾਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ



**ਬੰਗਾ (ਅਵਤਾਰ ਕਲੇਰ)** ਨੰਗਲ -ਖੇੜਾ ਵਿਖੇ ਕਲੇਰ ਜਠੇਰਿਆਂ ਦਾ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ,ਐਨ ਆਰ ਆਈ ਵੀਰਾਂ ਅਤੇ ਸਮੂਹ ਕਲੇਰ ਪਰਵਾਰਾਂ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਦਰਬਾਰ 'ਤੇ ਨਤਮਸਤਕ ਹੋਈਆਂ। ਨਿਸ਼ਾਨ ਸਾਹਿਬ ਰਸਮ ਉਪਰੰਤ ਇੰਟਰਨੈਸ਼ਨਲ ਕਲਾਕਾਰ ਕੰਠ ਕਲੇਰ ਵਲੋਂ ਧਾਰਮਿਕ ਅਤੇ ਸੱਭਿਆਚਾਰ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਮੇਡੀਅਨ ਭੋਟੂ ਸ਼ਾਹ- ਕਵਿਤਾ ਭੱਲਾ ਦੀ ਕਮੇਡੀ ਨੇ ਲੋਕਾਂ ਨੂੰ ਬਹੁਤ ਹਸਾਇਆ। ਆਮ ਆਦਮੀ ਪਾਰਟੀ ਦੇ ਸੂਬਾ ਆਗੂ ਜਰਨੈਲ ਨੰਗਲ ਚੇਅਰਮੈਨ ਇੰਮਪਰੂਵਮੈਂਟ ਟਰੱਸਟ ਫਗਵਾੜਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੱਡੇ ਵਡੇਰਿਆਂ ਦੀ ਬਦੌਲਤ ਹੀ ਅਸੀਂ ਅੱਜ ਇਸ ਮੁਕਾਮ 'ਤੇ ਪਹੁੰਚੇ ਹਾਂ। ਸਾਨੂੰ ਆਪਣੇ ਮਾਤਾ-ਪਿਤਾ ਦੀ ਸੇਵਾ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈਏ ਤਾਂ ਹੀ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਸੁਪਨਾ ਪੂਰਾ ਹੋ ਸਕਦਾ ਹੈ। ਪ੍ਰਬੰਧਕਾਂ ਵੱਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਕੁਲਦੀਪ ਕਲੇਰ, ਪ੍ਰਧਾਨ ਜਗਦੀਸ਼ ਕਲੇਰ, ਖਜਾਨਚੀ ਸੁਰਜੀਤ ਸਿੰਘ ਖੇੜਾ, ਰੇਸ਼ਮ ਨੰਗਲ, ਅਵਤਾਰ ਕਲੇਰ, ਮੋਹਣ ਲਾਲ ,ਸਰਬਜੀਤ ਕਲੇਰ,ਦੇਸ ਰਾਜ, ਨਰਿੰਦਰ ਪਾਲ, ਇੰਦਰਜੀਤ ਕਲੇਰ, ਚੈਂਚਲ ਰਾਮ, ਮੁਕੰਦ ਲਾਲ, ਭੁਪਿੰਦਰ ਕਲੇਰ, ਨਛੱਤਰ ਕਲੇਰ ਆਦਿ ਹਾਜ਼ਰ ਸਨ।

# ਡਾ. ਅਸ਼ੋਕ ਕੁਮਾਰ ਮਿੱਤਲ ਰੂਸ ਦੇ ਦੌਰੇ 'ਤੇ, ਭਾਰਤੀ ਸੰਸਦੀ ਵਫ਼ਦ 'ਚ ਹੋਏ ਸ਼ਾਮਲ

**ਜਲੰਧਰ (ਸ਼ੈਲੀ ਐਲਬਰਟ)**- ਰਾਜ ਸਭਾ ਦੇ ਸੰਸਦ ਮੈਂਬਰ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਰੂਸੀ ਸੰਘ ਦੇ ਦੌਰੇ 'ਤੇ ਆਉਣ ਵਾਲੇ ਭਾਰਤੀ ਸੰਸਦੀ ਵਫ਼ਦ ਦੇ ਇੱਕ ਵਿਸ਼ੇਸ਼ ਮੈਂਬਰ ਵਜੋਂ ਹਿੱਸਾ ਲੈ ਰਹੇ ਹਨ। ਇਹ ਕਰਾਸ-ਪਾਰਟੀ ਵਫ਼ਦ ਵਿਸ਼ਵ ਪੱਧਰ 'ਤੇ ਇੱਕ ਏਕੀਕ੍ਰਿਤ ਭਾਰਤੀ ਆਵਾਜ਼ ਦੀ ਨੁਮਾਇੰਦਗੀ ਕਰਦਾ ਹੈ, ਜੋ ਅੱਤਵਾਦ ਨਾਲ ਲੜਨ



ਅਤੇ ਰੂਸ ਨਾਲ ਆਪਣੇ ਲੰਬੇ ਸਮੇਂ ਤੋਂ ਚੱਲ ਰਹੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਰਾਸ਼ਟਰ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ।ਇਹ ਦੌਰਾ 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ, ਜਿਸ ਨੂੰ ਆਪ੍ਰੇਸ਼ਨ ਸਿੰਦੂਰ ਵਜੋਂ ਜਾਣਿਆ ਜਾਂਦਾ ਹੈ, ਅੱਤਵਾਦ ਵਿਰੁੱਧ ਅੰਤਰਰਾਸ਼ਟਰੀ ਸਹਿਮਤੀ ਬਣਾਉਣ ਲਈ ਇੱਕ ਰਾਸ਼ਟਰੀ ਯਤਨ ਤੋਂ ਬਾਅਦ ਭਾਰਤ ਦੇ ਵਿਆਪਕ ਕੂਟਨੀਤਕ ਪਹੁੰਚ ਦੇ ਹਿੱਸੇ ਵਜੋਂ ਹੋ ਰਿਹਾ ਹੈ। ਵਫ਼ਦ ਵਿੱਚ ਭਾਜਪਾ, ਡੀ ਐਮ ਕੇ ਅਤੇ ਆਪ ਸਮੇਤ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਸੰਸਦ ਮੈਂਬਰ ਸ਼ਾਮਲ ਹਨ, ਜੋ ਰਾਸ਼ਟਰੀ ਅਤੇ ਵਿਸ਼ਵਵਿਆਪੀ ਮਹੱਤਵ ਦੇ ਮੁੱਦੇ 'ਤੇ ਸਮੂਹਿਕ ਰਾਜਨੀਤਿਕ ਦ੍ਰਿੜ੍ਹਤਾ ਦਾ ਪ੍ਰਦਰਸ਼ਨ ਕਰ ਰਹੇ ਹਨ।ਮਾਸਕੋ ਵਿੱਚ ਭਾਰਤੀ ਸੰਸਦ ਮੈਂਬਰਾਂ ਨੇ ਰੂਸੀ ਸੰਸਦ ਦੇ ਦੋਵਾਂ ਸਦਨਾਂ ਦੇ ਪ੍ਰਤੀਨਿਧੀਆਂ ਨਾਲ ਉੱਚ-ਪੱਧਰੀ ਚਰਚਾ ਕੀਤੀ। ਮੁੱਖ ਵਿਸ਼ਿਆਂ ਵਿੱਚ ਅੱਤਵਾਦ ਵਿਰੋਧੀ ਸਹਿਯੋਗ, ਅੰਤਰ-ਸੰਸਦੀ ਗੱਲਬਾਤ ਅਤੇ ਖੇਤਰੀ ਆਰਥਿਕ ਸੰਪਰਕ ਸ਼ਾਮਲ ਸਨ।ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, ਅਸੀਂ ਜ਼ਰੂਰੀ ਵਿਸ਼ਵਵਿਆਪੀ ਚੁਣੌਤੀਆਂ, ਖਾਸ ਕਰਕੇ ਅੱਤਵਾਦ ਦੇ ਵਧ ਰਹੇ ਖ਼ਤਰੇ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਰੂਸ ਭਾਰਤ ਦਾ ਇੱਕ ਨਿਰੰਤਰ ਅਤੇ ਭਰੋਸੇਮੰਦ ਭਾਈਵਾਲ ਰਿਹਾ ਹੈ, ਅਤੇ ਇਹ ਦੌਰਾ ਵਿਸ਼ਵ ਪੱਧਰ 'ਤੇ ਚੰਗੇ ਵਿਸ਼ਵਾਸ ਨੂੰ ਕਮਜ਼ੋਰ ਕਰਨ ਵਾਲੀਆਂ ਤਾਕਤਾਂ ਦਾ ਸਾਹਮਣਾ ਕਰਨ ਲਈ ਸਾਡੇ ਆਪਸੀ ਦ੍ਰਿੜ੍ਹ ਇਰਾਦੇ ਦੀ ਪੁਸ਼ਟੀ ਕਰਦਾ ਹੈ।ਬ੍ਰਿਕਸ ਅਤੇ ਸ਼ੰਘਾਈ ਸਹਿਯੋਗ ਸੰਗਠਨ ਵਰਗੇ ਬਹੁ-ਧਰੁਵੀ ਫੋਰਮਾਂ ਵਿੱਚ ਉਨ੍ਹਾਂ ਦਾ ਨਜ਼ਦੀਕੀ ਸਹਿਯੋਗ ਬਹੁ-ਧਰੁਵੀ ਵਿਸ਼ਵ ਵਿਵਸਥਾ ਅਤੇ ਸਰਹੱਦ ਪਾਰ ਅੱਤਵਾਦ ਵਿਰੁੱਧ ਇੱਕ ਸੰਯੁਕਤ ਮੋਰਚੇ ਲਈ ਇੱਕ ਸਾਂਝੇ ਯਤਨ ਨੂੰ ਦਰਸਾਉਂਦਾ ਹੈ।

# 1 ਕਿਲੋ ਡੋਡੇ ਚੂਰਾ ਪੋਸਤ, 9 ਗ੍ਰਾਮ ਹੈਰੋਇਨ ਸਮੇਤ ਕਾਬੂ



**ਬਲਾਚੌਰ (ਜਸਵਿੰਦਰ ਬੈਂਸ)**- ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਡਾ. ਮਹਿਤਾਬ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਸ਼ਾਮ ਸੁੰਦਰ ਸ਼ਰਮਾ ਉਪ ਕਪਤਾਨ ਪੁਲਸ ਸਬ ਡਵੀਜ਼ਨ ਬਲਾਚੌਰ ਦੀ ਯੋਗ ਅਗਵਾਈ ਹੇਠ ਪਾਲਣਾ ਕਰਦੇ ਹੋਏ ਸਬ ਇੰਸਪੈਕਟਰ ਸਤਨਾਮ ਸਿੰਘ ਮੁੱਖ ਅਫਸਰ ਥਾਣਾ ਸਿਟੀ ਬਲਾਚੌਰ ਦੇ ਸਮੇਤ ਸਾਥੀ ਟੀਮ ਨੇ ਅਜੇ ਕੁਮਾਰ ਉਰਫ ਬਾਬਾ ਪੁੱਤਰ ਕੇਵਲ ਰਾਮ ਵਾਸੀ ਮਹਿਮੂਦਪੁਰ ਮੰਢਾਰ ਥਾਣਾ ਬਲਾਚੌਰ ਪਾਸੋਂ 1 ਕਿਲੋ ਡੋਡੇ ਚੂਰਾ ਪੋਸਤ ਅਤੇ 9 ਗ੍ਰਾਮ ਹੈਰੋਇਨ ਬ੍ਰਾਮਦ ਕੀਤਾ ਗਿਆ। ਐਸ ਐਚ ਓ ਸਤਨਾਮ ਸਿੰਘ ਨੇ ਦੱਸਿਆ ਕਿ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਕੇਂਦਰੀ ਜੇਲ੍ਹ ਲੁਧਿਆਣਾ ਭੇਜਿਆ ਜਾ ਰਿਹਾ ਹੈ।

# ਬੇਰੁਜ਼ਗਾਰਾਂ ਨੇ ਪੁੱਟੇ ਪੁਲਸ ਨਾਕੇ, ਸਿੱਖਿਆ ਮੰਤਰੀ ਦੀ ਕੋਠੀ ਦਾ ਗੇਟ ਮੱਲਿਆ

**ਨੰਗਲ (ਸੁਰਜੀਤ ਸਿੰਘ)**- ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਕੋਠੀ ਦੇ ਘਿਰਾਓ ਦਾ ਐਲਾਨ ਕਰਕੇ ਨੇੜਲੇ ਪਿੰਡ ਗੰਭੀਰਪੁਰ ਪਹੁੰਚੇ ਬੇਰੁਜ਼ਗਾਰਾਂ ਨੇ ਸ੍ਰੀ ਅਨੰਦਪੁਰ-ਨੰਗਲ ਰੋਡ ਤੋਂ ਜਿਵੇਂ ਹੀ ਪਿੰਡ ਗੰਭੀਰਪੁਰ ਨੂੰ ਮਾਰਚ ਕਰਨਾ ਸ਼ੁਰੂ ਕੀਤਾ ਤਾਂ ਪੁਲਸ ਨੇ ਰੋਕਾਂ ਲਗਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਬੇਰੁਜ਼ਗਾਰਾਂ ਨੇ ਰੋਕਾਂ ਪੁੱਟ ਕੇ ਕੋਠੀ ਵੱਲ ਰੋਸ ਮਾਰਚ ਸ਼ੁਰੂ ਕਰ ਦਿੱਤਾ।ਇਸ ਉਪਰੰਤ ਪਿੰਡ ਗੰਭੀਰਪੁਰ ਨੇੜੇ ਲਗਾਏ ਪੁਲਸ ਨਾਕੇ ਨੂੰ ਪੁੱਟ ਕੇ ਅੱਗੇ ਵਧੇ ਤਾਂ ਪੁਲਸ ਨੂੰ ਭਾਜੜ ਪੈ ਗਈ।ਆਖਰ ਸਿੱਖਿਆ ਮੰਤਰੀ ਦੀ ਕੋਠੀ ਦੇ ਐਨ ਬਿਲਕੁਲ ਨੇੜੇ ਲੱਗੇ ਨਾਕੇ ਨੂੰ ਪੁੱਟ ਕੇ ਕੋਠੀ ਦਾ ਗੇਟ ਮੱਲ ਲਿਆ।ਇਸ ਦੌਰਾਨ ਬੇਰੁਜ਼ਗਾਰਾਂ ਅਤੇ ਪੁਲਸ ਵਿਚਕਾਰ ਜ਼ਬਰਦਸਤ ਖਿੱਚਧੂਹ ਹੋਈ। ਸ਼ਾਇਦ ਪਹਿਲੀ ਵਾਰ ਅਜਿਹਾ ਹੋਇਆ ਹੋਵੇ ਕਿ ਕੋਠੀ ਦੇ ਘਿਰਾਓ ਦਾ ਕੀਤੇ ਐਲਾਨ ਨੂੰ ਅਮਲੀ ਰੂਪ ਦਿੱਤਾ ਹੋਵੇ।ਬੇਰੁਜ਼ਗਾਰ ਸਾਂਝੇ ਮੋਰਚੇ ਦੇ ਆਗੂਆਂ ਸੁਖਵਿੰਦਰ ਸਿੰਘ ਢਿੱਲਵਾਂ, ਜਸਵੰਤ ਘੁਬਾਇਆ, ਰਮਨ ਕੁਮਾਰ ਮਲੋਟ, ਹਰਜਿੰਦਰ ਝੁਨੀਰ ਅਤੇ ਹਰਜਿੰਦਰ ਬੁਢਲਾਡਾ ਨੇ ਦੱਸਿਆ ਕਿ ਕਰੀਬ ਸਵਾ ਸਾਲ ਤੋਂ ਸਿੱਖਿਆ ਮੰਤਰੀ ਨੇ ਬੇਰੁਜ਼ਗਾਰਾਂ ਨਾਲ ਇਕ ਵੀ ਮੀਟਿੰਗ ਨਹੀਂ ਕੀਤੀ ਨਾ ਹੀ ਤਿੰਨ ਸਾਲਾਂ ਵਿੱਚ ਇੱਕ ਵੀ ਪੋਸਟ ਕੱਢੀ ਹੈ।ਇਸ ਲਈ ਬੇਰੁਜ਼ਗਾਰ ਲਗਾਤਾਰ ਓਵਰ ਏਜ ਹੋ ਰਹੇ ਹਨ।ਉਹਨਾਂ ਦੱਸਿਆ ਕਿ ਸਥਾਨਕ ਪ੍ਰਸ਼ਾਸਨ ਵੱਲੋਂ ਅਨੇਕਾਂ ਵਾਰ ਲਿਖਤੀ ਮੀਟਿੰਗਾਂ ਦੇ ਕੇ ਬੇਰੁਜ਼ਗਾਰਾਂ ਨੂੰ



ਵਰਚਾਉਣ ਦੀ ਕੋਸਿਸ਼ ਕੀਤੀ ਹੈ ,ਪ੍ਰੰਤੂ ਮੀਟਿੰਗ ਤੋ ਪਹਿਲਾਂ ਹੀ ਮੀਟਿੰਗ ਰੱਦ ਦੀ ਪੱਤ੍ਰਕਾ ਭੇਜ ਦਿੱਤੀ ਜਾਂਦੀ ਹੈ।ਇਸ ਲਈ ਬੇਰੁਜ਼ਗਾਰ ਵਰਗ ਮਾਨਸਿਕ ਪ੍ਰੇਸ਼ਾਨੀ ਵਿੱਚੋਂ ਗੁਜ਼ਰ ਰਿਹਾ ਹੈ।ਉਹਨਾਂ ਦੱਸਿਆ ਕਿ ਸਿੱਖਿਆ ਵਿਭਾਗ ਵਿੱਚ ਲੈਕਚਰਾਰ ਕੇਡਰ ਦੇ ਸਾਰੇ ਵਿਸ਼ਿਆਂ ਦੀਆਂ ਅਸਾਮੀਆਂ ਉਮਰ ਹੱਦ ਛੋਟ ਦੇ ਕੇ ਜਾਰੀ ਕਰਵਾਉਣ,ਮਾਸਟਰ ਕੇਡਰ ਦੇ ਸਾਰੇ ਵਿਸ਼ਿਆਂ ਦੀਆਂ ਅਸਾਮੀਆਂ ਉਮਰ ਹੱਦ ਛੋਟ ਦੇ ਕੇ ਜਾਰੀ ਕਰਵਾਉਣ, ਮਾਸਟਰ ਕੇਡਰ ਵਿੱਚ ਥੋਪੀ ਬੇਤੁਕੀ ਸ਼ਰਤ 55 ਪ੍ਰਤੀਸ਼ਤ ਅੰਕ ਲਾਜ਼ਮੀ ਨੂੰ ਰੱਦ ਕਰਵਾਉਣ, ਓਵਰ ਏਜ ਹੋ ਚੁੱਕੇ ਸਾਰੇ ਬੇਰੁਜ਼ਗਾਰਾਂ ਨੂੰ ਇੱਕ ਮੌਕਾ ਦਿਵਾਉਣ, ਆਰਟ ਐਂਡ ਕਰਾਫਟ ਦਾ ਲਿਖਤੀ ਪੇਪਰ ਕਰਵਾਉਣ, ਮਲਟੀਪਰਪਜ਼ ਹੈਲਥ ਵਰਕਰਾਂ ਦੀਆਂ 270 ਪੋਸਟਾਂ ਵਿੱਚ ਉਮਰ ਹੱਦ ਛੋਟ ਲੈਣ ਅਤੇ ਐਨ ਟੀ ਟੀ ਦੀਆਂ ਪੋਸਟਾਂ ਜਾਰੀ ਕਰਵਾਉਣ ਲਈ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਅਪੀਲ ਲੈ ਕੇ ਪਹੁੰਚੇ ਸਨ।ਪ੍ਰੰਤੂ ਸਿੱਖਿਆ ਮੰਤਰੀ ਬੇਰੁਜ਼ਗਾਰਾਂ ਨਾਲ ਗੱਲਬਾਤ ਤੋਂ ਭੱਜ ਚੁੱਕੇ ਹਨ।ਬੇਰੁਜ਼ਗਾਰ ਲੰਬਾ ਸਮਾਂ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਨਾਅਰੇਬਾਜ਼ੀ ਕਰਦੇ ਰਹੇ, ਜਿੱਥੇ ਆਖਰ ਸ਼ਾਮ ਕਰੀਬ 4 ਵਜੇ ਸਿਵਲ ਪ੍ਰਸ਼ਾਸਨ ਵੱਲੋਂ ਡਿਊਟੀ ਮੈਜਿਸਟਰੇਟ ਨੇ ਬੇਰੁਜ਼ਗਾਰ ਸਾਂਝੇ ਮੋਰਚੇ ਦੀ ਮੀਟਿੰਗ 5 ਜੂਨ ਨੂੰ ਸਿੱਖਿਆ ਮੰਤਰੀ ਨਾਲ ਕਰਵਾਉਣ ਦੀ ਲਿਖਤੀ ਪੱਤ੍ਰਕਾ ਦੇ ਕੇ ਧਰਨਾ ਖਤਮ ਕਰਵਾਇਆ।ਇਸ ਮੌਕੇ ਸੰਦੀਪ ਮੋਫ਼ਰ, ਗੁਰਪ੍ਰੀਤ ਸਿੰਘ ਪੱਕਾ, ਸੰਦੀਪ ਸਿੰਘ ਪਟਿਆਲਾ, ਹਰਵਿੰਦਰ ਸਿੰਘ, ਨਛੱਤਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਅਮਨ ਸੇਖਾ, ਹਰਦੀਪ ਸਿੰਘ, ਸੁਖਪਾਲ ਖਾਨ, ਜੱਗੀ ਜਲੂਰ, ਸੀਮਾ, ਲਲਿਤਾ ਪਟਿਆਲਾ, ਨਿਸ਼ਾਨ ਸਿੰਘ ਤਰਨਤਾਰਨ, ਦਵਿੰਦਰ ਮੋਰਿੰਡਾ ਆਦਿ ਹਾਜ਼ਰ ਸਨ।

# ਮੀਤ ਹੇਅਰ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਪ੍ਰਧਾਨ ਬਣੇ

**ਜਲੰਧਰ, (ਸ਼ੈਲੀ ਐਲਬਰਟ)**

ਸੰਗਰੂਰ ਤੋਂ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਪ੍ਰਧਾਨ ਬਣ ਗਏ ਹਨ। ਇਥੇ ਐਸੋਸੀਏਸ਼ਨ ਦੀ ਕਾਰਜਕਾਰਨੀ ਦੀ ਮੀਟਿੰਗ ਵਿੱਚ ਉਨ੍ਹਾਂ ਨੂੰ ਪ੍ਰਧਾਨ ਚੁਣਿਆ ਗਿਆ। ਮੀਤ ਹੇਅਰ ਪੰਜਾਬ ਦੇ ਸਾਬਕਾ ਖੇਡ ਮੰਤਰੀ ਵੀ ਰਹੇ ਹਨ ਤੇ ਬੈਡਮਿੰਟਨ ਅਤੇ ਕ੍ਰਿਕਟ ਦੇ ਚੰਗੇ ਖਿਡਾਰੀ ਹਨ। ਉਹ ਅਗਲੇ ਚਾਰ ਸਾਲਾਂ ਲਈ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੀ ਵਾਗਡੋਰ ਸੰਭਾਲਣਗੇ। ਐਸੋਸੀਏਸ਼ਨ ਦੀ ਚੋਣ ਵਿੱਚ ਰਿਤਿਨ ਖੰਨਾ ਸਕੱਤਰ, ਲਲਿਤ ਗੁਪਤਾ, ਸੰਦੀਪ ਰਿਣਵਾ, ਵਿਨੇ ਵੋਹਰਾ, ਕਵੀ ਰਾਜ ਡੋਗਰਾ, ਵਿਨੋਦ ਵਤਰਾਨਾ ਤੇ ਰੋਹਿਤ ਜੈਨ ਮੀਤ ਪ੍ਰਧਾਨ, ਅਨੁਪਮ ਕੁਮਾਰੀਆ ਖਜਾਨਚੀ, ਚਿਤਰੰਜਨ ਬਾਂਸਲ ਤੇ ਜਤਿੰਦਰ ਸੰਧੂ ਸਕੱਤਰ, ਜਸਵੰਤ ਢਿੱਲੋਂ, ਸ਼ਮਸ਼ੇਰ ਢਿੱਲੋਂ ਤੇ ਪੰਜਾਬ ਮਸੀਹ ਸੰਯੁਕਤ ਸਕੱਤਰ ਬਣੇ ਹਨ।ਮੀਤ ਹੇਅਰ ਨੇ ਸਮੂਹ ਜ਼ਿਲਾ ਬੈਡਮਿੰਟਨ ਐਸੋਸੀਏਸ਼ਨਾਂ ਤੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਹ ਜ਼ਿੰਮੇਵਾਰੀ ਸਾਰਿਆਂ ਨੂੰ ਨਾਲ ਲੈ ਕੇ ਨਿਭਾਉਣ ਜਾਵੇਗਾ।ਜ਼ਿਕਰਯੋਗ ਹੈ ਕਿ ਮੀਤ ਹੇਅਰ ਨੇ ਬਤੌਰ ਖੇਡ ਮੰਤਰੀ ਆਪਣੇ ਢਾਈ ਸਾਲ ਦੇ ਕਾਰਜਕਾਲ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਖੇਡ ਪੱਖੀ ਮਾਹੌਲ ਸਿਰਜਣ ਲਈ ਵੱਡੇ ਕੰਮ ਕੀਤੇ।ਨਵੀਂ ਖੇਡ ਨੀਤੀ, ਖੇਡਾਂ ਵਤਨ ਪੰਜਾਬ ਦੀਆਂ ਦੀ ਸਫਲ ਸ਼ੁਰੂਆਤ ਅਤੇ ਖਿਡਾਰੀਆਂ ਨੂੰ ਨਗਦ ਇਨਾਮ ਤੇ ਨੌਕਰੀਆਂ ਮੁੱਖ ਕੰਮ ਕੀਤੇ ਗਏ।ਮੀਤ ਹੇਅਰ ਰੋਜ਼ਾਨਾ ਬੈਡਮਿੰਟਨ ਖੇਡਦੇ ਹਨ ਅਤੇ ਪਿਛਲੇ ਦਿਨੀਂ ਉਨ੍ਹਾਂ ਸੰਸਦ ਮੈਂਬਰਾਂ ਦੇ ਕਰਵਾਏ ਬੈਡਮਿੰਟਨ ਟੂਰਨਾਮੈਂਟ ਵਿੱਚ ਇਸ ਖੇਡ ਦੇ ਵੱਖ-ਵੱਖ ਪੰਜ ਵਰਗਾਂ ਵਿੱਚ ਟਾਈਟਲ ਵੀ ਜਿੱਤੇ ਸਨ। ਉਹ ਜਿੱਥੇ ਮੌਜੂਦਾ ਸਮੇਂ ਲੋਕ ਸਭਾ ਮੈਂਬਰ ਹਨ, ਉੱਥੇ ਬਰਨਾਲਾ ਤੋਂ ਦੋ ਵਾਰ ਵਿਧਾਇਕ ਚੁਣੇ ਗਏ ਹਨ। ਉਹ ਬਰਨਾਲਾ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਦੇ ਪ੍ਰਧਾਨ ਹਨ। ਮੀਟਿੰਗ ਵਿੱਚ ਨਵੇਂ ਚੁਣੇ ਸਕੱਤਰ ਰਿਤਿਨ ਖੰਨਾ ਨੇ ਸਾਲ 2025-26 ਦਾ ਕੈਲੰਡਰ ਜਾਰੀ ਕਰਦਿਆਂ ਰੈਂਕਿੰਗ ਮੁਕਾਬਲੇ ਵੱਧ ਕਰਵਾਉਣ ਉੱਤੇ ਜ਼ੋਰ ਦਿੰਦਿਆਂ ਟੂਰਨਾਮੈਂਟ ਦੌਰਾਨ ਖਿਡਾਰੀ ਲਈ ਮੁਫ਼ਤ ਖਾਣੇ ਅਤੇ ਨਗਦ ਇਨਾਮ ਦੇਣ ਦੀ ਗੱਲ ਆਖੀ। ਮੀਟਿੰਗ ਦੌਰਾਨ ਬੀਤੇ ਦਿਨੀਂ ਸਦੀਵੀ ਅਲਵਿਦਾ ਆਖਣ ਵਾਲੇ ਬੈਡਮਿੰਟਨ ਕੋਚ ਹਰਜਿੰਦਰ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਵਿਛੜੇ ਕੋਚ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਵੀ ਰੱਖਿਆ ਗਿਆ।ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੀ ਹੋਈ ਚੋਣ ਵਿੱਚ ਪਰਮਿੰਦਰ ਸ਼ਰਮਾ, ਅਸ਼ੋਕ ਕੁਮਾਰ, ਰਣਬੀਰ ਢੀਂਡਸਾ, ਰਾਹੁਲ ਕਪਲਿਸ਼, ਮਨੋਜ ਕੁਮਾਰ, ਸੁਖਚੈਨ ਸਿੰਘ, ਗੁਰਪ੍ਰੀਤ ਬਾਜਵਾ, ਹਰਿੰਦਰ ਸ਼ਰਮਾ ਤੇ ਵਿਸ਼ਾਲ ਰੱਲਾ ਕਾਰਜਕਾਰਨੀ ਮੈਂਬਰ ਚੁਣੇ ਗਏ ਹਨ।



# ਸੜਕ ਕਿਨਾਰਿਓਂ ਮਿਲੀ ਨੌਜਵਾਨ ਦੀ ਲਾਸ਼, ਪਰਵਾਰਕ ਮੈਂਬਰਾਂ ਨੇ ਲਾਏ ਕਤਲ ਦੇ ਦੋਸ਼

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**-ਰਸੂਲਪੁਰ ਬ੍ਰਾਹਮਣਾਂ ਪਿੰਡ ਤੋਂ ਕਰਾੜੀ ਪਿੰਡ ਨੂੰ ਜਾਣ ਵਾਲੀ ਕੱਚੀ ਸੜਕ 'ਤੇ ਮੱਕੀ ਦੇ ਖੇਤਾਂ 'ਚੋਂ ਇਕ ਨੌਜਵਾਨ ਦੀ ਲਾਸ਼ ਮਿਲਣ ਤੋਂ ਬਾਅਦ ਇਲਾਕੇ 'ਚ ਦਹਿਸ਼ਤ ਫੈਲ ਗਈ। ਸੂਚਨਾ ਮਿਲਣ 'ਤੇ ਕਰਤਾਰਪੁਰ ਪੁਲਸ ਸਟੇਸ਼ਨ ਦੇ ਇੰਚਾਰਜ ਰਮਨਦੀਪ ਸਿੰਘ ਤੇ ਕਿਸ਼ਨਗੜ੍ਹ ਪੁਲਸ ਚੌਕੀ ਦੇ ਇੰਚਾਰਜ ਬਲਵੀਰ ਸਿੰਘ ਮੌਕੇ 'ਤੇ ਪਹੁੰਚੇ। ਰਮਨਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੀ ਪਛਾਣ ਵਿਸ਼ਾਲ ਉਰਫ ਲੱਕੀ (25) ਪੁੱਤਰ ਪ੍ਰਮੋਦ ਕੁਮਾਰ ਵਾਸੀ ਕਾਲਾ ਬੱਕਰਾ ਵਜੋਂ ਹੋਈ ਹੈ। ਮ੍ਰਿਤਕ ਨੌਜਵਾਨ ਦੀ ਮੌਤ ਕੋਈ ਜ਼ਹਿਰੀਲੀ ਦਵਾਈ ਖੁਆਉਣ ਤੋਂ ਬਾਅਦ ਹੋਈ। ਮ੍ਰਿਤਕ ਦੇ ਪਿਤਾ ਪ੍ਰਮੋਦ ਦੇ ਬਿਆਨ 'ਚ ਕਿਹਾ ਗਿਆ ਸੀ ਕਿ ਉਹ ਇਕ ਪ੍ਰੈੱਸ ਡਰਾਈ ਕਲੀਨ ਦੀ ਦੁਕਾਨ ਚਲਾਉਂਦਾ ਹੈ। ਉਨ੍ਹਾਂ ਦੱਸਿਆ ਕਿ ਸ਼ਨੀਵਾਰ ਸਵੇਰੇ ਪਿੰਡ ਦਾ ਹੀ ਇਕ ਨੌਜਵਾਨ ਵਿਸ਼ਾਲ ਨੂੰ ਕਿਸੇ ਜ਼ਰੂਰੀ ਕੰਮ ਲਈ ਆਪਣੇ ਮੋਟਰਸਾਈਕਲ 'ਤੇ ਲੈ ਕੇ ਗਿਆ ਸੀ। ਐਤਵਾਰ ਸਾਨੂੰ ਪਤਾ ਲੱਗਾ ਕਿ ਵਿਸ਼ਾਲ ਦੀ ਲਾਸ਼ ਮੱਕੀ ਦੇ ਖੇਤਾਂ 'ਚ ਪਈ ਹੈ। ਉਸ ਨੇ ਕਿਹਾ ਕਿ ਪਿੰਡ ਦੇ ਹੀ ਉਕਤ ਨੌਜਵਾਨ ਨੇ ਵਿਸ਼ਾਲ ਨੂੰ ਜ਼ਹਿਰੀਲਾ ਪਦਾਰਥ ਦੇ ਕੇ ਮਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਕੁਝ ਦਿਨਾਂ ਬਾਅਦ ਵਿਸ਼ਾਲ ਨੇ ਵਿਦੇਸ਼ (ਸਪੇਨ) ਜਾਣਾ ਸੀ, ਜਿਸ ਨੂੰ ਇਹ ਸਾਰੇ ਨੌਜਵਾਨ ਵਿਦੇਸ਼ ਨਹੀਂ ਜਾਣ ਦੇਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਉਸ ਨੂੰ ਮਾਰ ਦਿੱਤਾ। ਉਕਤ ਨੌਜਵਾਨਾਂ ਖ਼ਿਲਾਫ਼ ਨੌਜਵਾਨ ਦੇ ਪਿਤਾ ਵੱਲੋਂ ਕੇਸ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਤੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ।



# ਤਰਕਸ਼ੀਲ ਪੰਜਾਬ ਇਕਾਈ ਰੋਪੜ ਵੱਲੋਂ ਸੈਮੀਨਾਰ



**ਨੰਗਲ (ਸੁਰਜੀਤ ਸਿੰਘ)**- ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਇਕਾਈ ਰੋਪੜ ਦੇ ਮੀਡੀਆ ਵਿਭਾਗ ਮੁਖੀ ਹਰਵਿੰਦਰ ਸੁਖਰਾਮਪੁਰ ਨੇ ਦੱਸਿਆ ਕਿ ਬੀਤੀ ਕੱਲ ਮਾਸਟਰ ਪ੍ਰੀਤਮ ਕੁਮਾਰ ਦੀ ਯਾਦ ਵਿੱਚ ਗਾਂਧੀ ਮੈਮੋਰੀਅਲ ਨੈਸ਼ਨਲ ਸਕੂਲ ਰੋਪੜ ਵਿਖੇ ਸੈਮੀਨਾਰ ਕਰਵਾਇਆ। ਗਾਂਧੀ ਸਕੂਲ ਦੇ ਪ੍ਰਿੰਸੀਪਲ ਬਾਂਸਲ ਦੇ ਉਦਘਾਟਨੀ ਸ਼ਬਦਾਂ ਨਾਲ ਸੈਮੀਨਾਰ ਦੀ ਸ਼ੁਰੂਆਤ ਹੋਈ। ਮਾ: ਪ੍ਰੀਤਮ ਕੁਮਾਰ ਦੇ ਸਪੁੱਤਰ ਸੰਜੀਵ ਕੁਮਾਰ ਨੇ ਆਪਣੇ ਪਿਤਾ ਦੇ ਜੀਵਨ ਬਾਰੇ ਗੱਲਾਂ ਸਾਂਝੀਆਂ ਕੀਤੀਆਂ। ਮੁੱਖ ਬੁਲਾਰੇ ਸੰਦੀਪ ਧਾਰੀਵਾਲ ਭੋਜਾਂ (ਅੰਮ੍ਰਿਤਸਰ) ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਦੀਆਂ ਪੁਰਾਣੇ ਰਸਮੋ ਰਿਵਾਜ ਜਿਹਨਾਂ ਦਾ ਇਨਸਾਨ ਦੀ ਜ਼ਿੰਦਗੀ ਨਾਲ ਕੋਈ ਵ-ਵਾਸਤਾ ਨਹੀਂ ਹੈ ਉਹਨਾਂ ਨੂੰ ਛੱਡ ਦੇਣਾ ਚਾਹੀਦਾ ਹੈ। ਵਾਪਰ ਰਹੀਆਂ ਘਟਨਾਵਾਂ ਪਿੱਛੇ ਕੋਈ ਗੈਬੀ ਸ਼ਕਤੀ ਨਹੀਂ ਹੁੰਦੀ। ਇਕਾਈ ਮੁਖੀ ਅਸ਼ੋਕ ਕੁਮਾਰ ਨੇ ਮਾ: ਪ੍ਰੀਤਮ ਕੁਮਾਰ ਦੇ ਜੀਵਨ ਬਾਰੇ ਅਤੇ ਤਰਕਸ਼ੀਲ ਸੁਸਾਇਟੀ ਵਿੱਚ ਉਹਨਾਂ ਵੱਲੋਂ ਪਾਏ ਯੋਗਦਾਨ ਬਾਰੇ ਜਾਣਕਾਰੀ ਦਿੱਤੀ। ਅਜੀਤ ਪ੍ਰਦੇਸੀ ਜ਼ੋਨ ਮੁਖੀ ਚੰਡੀਗੜ੍ਹ ਨੇ ਬੱਚਿਆ ਨੂੰ ਅਪੀਲ ਕੀਤੀ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕਰਵਾਈ ਜਾ ਰਹੀ ਪਰਖ ਪ੍ਰੀਖਿਆ 29 ਅਤੇ 31 ਅਗਸਤ ਨੂੰ ਗਾਂਧੀ ਮੈਮੋਰੀਅਲ ਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਸੌ ਪ੍ਰਤੀਸ਼ਤ ਹੋਣੀ ਚਾਹੀਦੀ ਹੈ। ਕਾਮਰੇਡ ਪਵਨ ਕੁਮਾਰ ਸਰਪੰਚ ਚੱਕ ਕਰਮਾਂ ਦੀ ਟੀਮ ਨੇ ਕੋਰੀਓਗ੍ਰਾਫੀ ਪੇਸ਼ ਕੀਤੀ। ਜਸਪਾਲ ਮਾਜਰੀ ਨੇ ਸੰਤ ਰਾਮ ਉਦਾਸੀ ਦਾ ਇਨਕਲਾਬੀ ਗੀਤ ਉੱਠ ਕੀਰਤੀਆਂ ਉੱਠ ਵੇ ਉੱਠਣ ਦਾ ਵੇਲਾ ਪੇਸ਼ ਕੀਤਾ। ਸੱਭਿਆਚਾਰ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਈ।ਮਾਨਸਿਕ ਸਿਹਤ ਵਿਭਾਗ ਮੁਖੀ ਅਮਰਨਾਥ ਨੇ ਸੈਮੀਨਾਰ ਵਿੱਚ ਇਕੱਤਰ ਮਹਿਮਾਨਾਂ ਦਾ ਧੰਨਵਾਦ ਕੀਤਾ। ਸੈਮੀਨਾਰ ਵਿੱਚ ਪਵਨ ਰੱਤੋ, ਹਰਜੀਤ ਸਿੰਘ ਐਸ ਡੀ ਓ, ਅਨਿਲ ਕੁਮਾਰ ਰੇਂਜ ਅਫ਼ਸਰ ਸੇਵਾ ਮੁਕਤ, ਹਰਨੇਕ ਸਿੰਘ ਬਸੀ ਇਕਾਈ, ਲਖਵਿੰਦਰ ਕੌਰ, ਦੀਪਾ ਰਾਵਤ, ਸੁਪਿੰਦਰ ਘਨੌਲੀ, ਕਾਮਰੇਡ ਕਾਕਾ ਰਾਮ ਮਰਿੰਡਾ ਵੀ ਹਾਜ਼ਰ ਸਨ।

# 4 ਰੋਜ਼ਾ ਸ਼ਹੀਦੀ ਜੋੜ ਮੇਲੇ ਦੀਆਂ ਤਿਆਰੀਆਂ ਸੰਬੰਧੀ ਹੋਈ ਇਕੱਤਰਤਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਵਿਖੇ ਸੰਤ ਬਾਬਾ ਨਰਿੰਦਰ ਸਿੰਘ -ਸੰਤ ਬਾਬਾ ਬਲਵਿੰਦਰ ਸਿੰਘ ਸੰਪਰਦਾਇ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ ਵਾਲਿਆਂ ਦੀ ਦੇਖ-ਰੇਖ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ, ਬਾਬਾ ਦੀਪ ਸਿੰਘ ਜੀ, ਘੱਲੂਘਾਰਾ ਦਿਵਸ ਤੇ ਪੰਥ ਦੇ ਸਮੂਹ ਸਿੰਘ- ਸਿੰਘਣੀਆਂ ਦੀ ਸ਼ਹਾਦਤ ਨੂੰ ਸਮਰਪਿਤ ਮਨਾਏ ਜਾ ਰਹੇ 4 ਰੋਜ਼ਾ ਸ਼ਹੀਦੀ ਜੋੜ ਮੇਲੇ ਦੀਆਂ ਤਿਆਰੀਆਂ ਸਬੰਧੀ ਇਕੱਤਰਤਾ ਜਥੇਦਾਰ ਬਾਬਾ ਗੁਰਮੀਤ ਸਿੰਘ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਸਮਾਗਮ ਨੂੰ ਸੁੱਚਜੇ ਅਤੇ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ ਤੇ ਸਮੂਹ ਸੇਵਾਦਾਰਾਂ ਦੀਆਂ ਵੱਖ-ਵੱਖ ਡਿਊਟੀਆਂ ਵੀ ਲਗਾਈਆਂ ਗਈਆਂ। ਬਾਬਾ ਜੀ ਨੇ ਦੱਸਿਆ ਕਿ 29 ਮਈ ਨੂੰ ਨਾਮ ਸਿਮਰਨ ਅਖੰਡ ਜਾਪ ਆਰੰਭ ਹੋਣਗੇ, ਜਿਸਦੇ ਭੋਗ 31 ਮਈ ਨੂੰ ਪਾਏ ਜਾਣਗੇ, 30 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਸਦੇ ਭੋਗ 1 ਜੂਨ ਨੂੰ ਪਾਏ ਜਾਣਗੇ। ਉਪਰੰਤ ਢਾਡੀ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ, ਕਵੀਸ਼ਰ ਗਿਆਨੀ ਗੁਰਕੀਰਤ ਸਿੰਘ ਡਬਲ ਐਮ. ਏ., ਭਾਈ ਰਣਜੋਧ ਸਿੰਘ ਨਡਾਲੋਂ, ਬਾਬਾ ਜਸਪਾਲ ਸਿੰਘ ਨੈਕੀ ਵਾਲੇ, ਭਾਈ ਸੁਖਦੇਵ ਸਿੰਘ ਨਡਾਲੋਂ ਆਈਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ, ਕਥਾ, ਢਾਡੀ ਵਾਰਾਂ ਤੇ ਕਵੀਸ਼ਰੀ ਵਾਰਾਂ ਰਾਹੀਂ ਨਿਹਾਲ ਕਰਨਗੇ । ਇਸ ਮੌਕੇ ਜਥੇਦਾਰ ਇਕਬਾਲ ਸਿੰਘ ਖੇੜਾ, ਜਥੇਦਾਰ ਜਸਬੀਰ ਸਿੰਘ ਭੱਟੀ, ਭਾਈ ਲਖਵਿੰਦਰ ਸਿੰਘ ਬਿੰਦਾ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਭਾਈ ਅਕਾਸ਼ਦੀਪ ਸਿੰਘ ਬਾਸਰਕੇ ਗਿੱਲਾਂ, ਭਾਈ ਜਰਨੈਲ ਸਿੰਘ ਨਡਾਲੋਂ, ਧਰਮਿੰਦਰ ਸਿੰਘ ਸੋਨੂੰ, ਕਮਲਜੀਤ ਸਿੰਘ ਰਾਣਾ ਅਜਨੋਹਾ, ਬਲਜਿੰਦਰ ਸਿੰਘ ਪੰਜੋੜ, ਲਵਲੀਨ ਸਿੰਘ ਨਰੂੜ, ਸੁਖਦੇਵ ਸਿੰਘ ਨਰੂੜ, ਮਨਜੀਤ ਸਿੰਘ ਰਣਧੀਰਗੜ, ਮਾਸਟਰ ਇਕਬਾਲ ਸਿੰਘ ਅਜਨੋਹਾ, ਤਰਲੋਚਨ ਸਿੰਘ ਟੋਡਰਪੁਰ, ਕ੍ਰਿਪਾਲ ਸਿੰਘ ਅਜਨੋਹਾ, ਸੰਤੋਖ ਸਿੰਘ ਪਾਂਸ਼ਟਾ, ਮਾ. ਰਸ਼ਪਾਲ ਸਿੰਘ ਜਲਵੇਹੜਾ, ਬਲਵੀਰ ਸਿੰਘ ਨਡਾਲੋਂ, ਸਰਵਿੰਦਰ ਸਿੰਘ ਠੀਂਡਾ, ਮਲਕੀਅਤ ਸਿੰਘ ਲਾਲਪੁਰ, ਮਨਜੀਤ ਸਿੰਘ ਲਾਲਪੁਰ, ਅਮਰ ਹੀਰਾ, ਰਾਘਵ, ਸੁਖਜੀਤ ਕਾਲਰਾ, ਸਿਮਰਨਜੀਤ ਸਿੰਘ, ਕਮਲਜੀਤ ਸਿੰਘ ਪੰਜੌੜ, ਪਰਮਜੀਤ ਸਿੰਘ ਪੰਜੌੜ, ਸੁੱਖਵਿੰਦਰ ਸਿੰਘ ਅਜਨੋਹਾ ਆਦਿ ਹਾਜ਼ਰ ਸਨ।



# ਇਲਾਕਾ ਨਿਵਾਸੀਆਂ ਨੂੰ ਔਕੜਾਂ ਤੋਂ ਮਿਲੀ ਨਿਜਾਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਬੀਤੇ ਦਿਨੀ ਤੇਜ਼ ਹਨੇਰੀ ਅਤੇ ਮੁਸਲਾਧਾਰ ਬਾਰਿਸ਼ ਕਾਰਨ ਪੰਜਾਬ ਦੇ ਕਈ ਸ਼ਹਿਰਾਂ ਦੀਆਂ ਸੜਕਾਂ ਤੇ ਬਾਜ਼ਾਰ ਜਲ ਮਗਨ ਹੋ ਗਏ ਸਨ ਅਤੇ ਕਈ ਘੰਟਿਆਂ ਬਾਅਦ ਪਾਣੀ ਦੀ ਪੂਰੀ ਨਿਕਾਸੀ ਹੋ ਸਕੀ ਸੀ, ਪਰ ਟਾਂਡਾ ਸ਼ਹਿਰ ਨੂੰ ਸਮਾਰਟ ਸਿਟੀ ਬਣਾਉਣ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਵੱਲੋਂ ਬਰਸਾਤ ਦੇ ਪਾਣੀ ਦੀ ਨਿਕਾਸੀ ਲਈ ਕੀਤੇ ਗਏ ਪੁਖਤਾ ਪ੍ਰਬੰਧ ਸਦਕਾ ਹੁਣ ਸਾਰਾ ਪਾਣੀ ਨਾਲੋਂ ਨਾਲ ਨਾਲਿਆਂ ਰਾਹੀਂ ਸ਼ਹਿਰ ਤੋਂ ਬਾਹਰ ਨਿਕਲ ਜਾਂਦਾ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਆਪ ਨੇਤਾ ਤੇ ਉੱਘੇ ਸਮਾਜ ਸੇਵੀ ਸੋਨੂ ਖੰਨਾ, ਬਲਾਕ ਪ੍ਰਧਾਨ ਕੇਸ਼ਲ ਸਿੰਘ ਸੈਣੀ, ਕੌਂਸਲਰ ਹਰੀ ਕ੍ਰਿਸ਼ਨ ਸੈਣੀ ਅਤੇ ਸੀਨੀਅਰ ਆਪ ਨੇਤਾ ਲਖਵਿੰਦਰ ਸਿੰਘ ਮੁਲਤਾਨੀ ਨੇ ਕਰਦਿਆਂ ਕਿਹਾ ਕਿ 4 ਸਾਲ ਪਹਿਲਾਂ ਥੋੜੀ ਜਿਹੀ ਬਾਰਿਸ਼ ਹੋਣ ਨਾਲ ਹੀ ਟਾਂਡਾ ਸ਼ਹਿਰ ਦੇ ਬਾਜ਼ਾਰ ਤੇ ਸੜਕਾਂ ਨਹਿਰ ਦਾ ਰੂਪ ਧਾਰ ਲੈਂਦੇ ਸਨ ਅਤੇ ਬਾਰਿਸ਼ ਬੰਦ ਹੋਣ ਦੇ ਬਾਅਦ ਵੀ ਕਈ ਘੰਟਿਆਂ ਤੱਕ ਆਮ ਰਾਹਗੀਰੀਆਂ ਦਾ ਇਨ੍ਹਾਂ ਸੜਕਾਂ ਬਾਜ਼ਾਰਾਂ ਤੋਂ ਲੰਘਣਾਂ ਔਖਾ ਹੋ ਜਾਂਦਾ ਸੀ। ਉਨ੍ਹਾਂ ਕਿਹਾ ਕਿ ਜਦੋਂ ਤੋਂ ਆਪ ਸਰਕਾਰ ਹੋਂਦ ਵਿੱਚ ਆਈ ਹੈ ਉਦੋਂ ਤੋਂ ਟਾਂਡਾ ਇਲਾਕਾ ਨਿਵਾਸੀਆਂ ਨੂੰ ਅਜਿਹੀਆਂ ਦਰਪੇਸ਼ ਆਉਣ ਵਾਲੀਆਂ ਔਕੜਾਂ ਤੋਂ ਨਿਜਾਤ ਮਿਲ ਗਈ ਹੈ।

# ਬਿਜਲੀ ਦੀ ਸੁਚਾਰੂ ਸਪਲਾਈ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ : ਗਿਲਜੀਆਂ

**ਅੱਡਾ ਸਰਾਂ/ ਟਾਂਡਾ ਉੜਮੁੜ, (ਕਾਜਲ , ਓਂਕਾਰ)**

ਪਿਛਲੇ ਕੁਝ ਦਿਨਾਂ ਤੋਂ ਬਿਜਲੀ ਦੀ ਸਪਲਾਈ ਸੁਚਾਰੂ ਤਰੀਕੇ ਨਾਲ ਨਾ ਹੋਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦੇ ਬਾਵਜੂਦ ਮਹਿਕਮੇ ਵੱਲੋਂ ਲੋਕਾਂ ਦੀ ਸਮੱਸਿਆ ਦਾ ਹੱਲ ਨਹੀਂ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਨੇ ਨਗਰ ਕੌਂਸਲਰਾਂ ਦੀ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਕੌਂਸਲਰਾਂ ਨੇ ਉਨ੍ਹਾਂ ਦੇ ਵਾਰਡਾਂ ਵਿਚ ਬਿਜਲੀ ਮਹਿਕਮੇ ਦੀ ਲਾਪਰਵਾਹੀ ਨਾਲ ਲੋਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਜਾਣਕਾਰੀ ਦਿੰਦੇ ਹੋਏ ਮਹਿਕਮੇ ਅਤੇ ਸਰਕਾਰ ਦੀ ਕਾਰਗੁਜ਼ਾਰੀ ਪ੍ਰਤੀ ਰੋਸ ਜਤਾਇਆ। ਗਿਲਜੀਆਂ ਨੇ ਆਖਿਆ ਕਿ ਸਰਕਾਰ ਨੇ ਆਪਣੇ ਵਾਅਦੇ ਮੁਤਾਬਿਕ ਮਹਿਕਮੇ ਲਈ ਕੰਮ ਕਰਦੇ ਕੱਚੇ ਕਾਮਿਆਂ ਨੂੰ ਪੱਕਾ ਨਹੀਂ ਕੀਤਾ ਹੀ ਅਤੇ ਪਹਿਲਾਂ ਹੀ ਸਟਾਫ ਦੀ ਕਮੀ ਨਾਲ ਜੂਝ ਰਹੇ ਮਹਿਕਮੇ ਵਿਚ ਕੱਚੇ ਕਾਮਿਆਂ ਦੀ ਹੜਤਾਲ ਕਾਰਨ ਹਲਾਤ ਬੇਹੱਦ ਬੁਰੇ ਹੋ ਗਏ ਹਨ । ਹੁਣ ਨਿਰਵਿਘਨ ਸਪਲਾਈ ਨਾ ਮਿਲਣ ਕਾਰਨ ਸ਼ਹਿਰਾਂ ਅਤੇ ਪਿੰਡਾਂ ਦੇ ਲੋਕ ਸੱਥਾਂ ਵਿਚ ਬੈਠ ਕੇ ਮਾੜੀ ਬਿਜਲੀ ਸਪਲਾਈ ਨੂੰ ਲੈ ਕੇ ਆਮ ਗੱਲਾਂ ਕਰਦੇ ਦੇਖੇ ਜਾ ਸਕਦੇ ਹਨ। ਉਨ੍ਹਾਂ ਆਖਿਆ ਕਿ ਹਨੇਰੀ-ਝੱਖੜ ਦੇ ਚਲਦਿਆਂ ਕਈ ਇਲਾਕਿਆਂ ਵਿਚ ਬਿਜਲੀ ਦੀ ਸਪਲਾਈ 22 ਘੰਟੇ ਬਾਅਦ ਚਾਲੂ ਹੋਈ, ਬਿਜਲੀ ਨਾ ਹੋਣ ਕਾਰਨ ਲੋਕਾਂ ਦਾ ਜਨ-ਜੀਵਨ ਪੂਰੀ ਤਰ੍ਹਾਂ ਨਾਲ ਠੱਪ ਹੀ ਹੋ ਗਿਆ । ਉਨ੍ਹਾਂ ਆਖਿਆ ਕਿ ਖਰਾਬ ਮੌਸਮ ਤੋਂ ਇਲਾਵਾ ਵੀ ਮਹਿਕਮੇ ਕੋਲ ਸਟਾਫ ਦੀ ਕਮੀ ਕਾਰਨ ਕਿਸੇ ਖਰਾਬੀ ਨੂੰ ਠੀਕ ਕਰਨ ਵਿਚ ਬੇਹੱਦ ਜਿਆਦਾ ਦੇਰੀ ਕਾਰਨ ਲੋਕ ਦੁਖੀ ਹਨ । ਜਿਨ੍ਹਾਂ ਇਲਾਕਿਆਂ ਵਿਚ ਬਿਜਲੀ ਦਾ ਲੋਡ ਵਧਾਉਣ ਲਈ ਕੰਮ ਹੋਣਾ ਸੀ ਉਸ ਵਿਚ ਦੇਰੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਟਾਂਡਾ ਦੇ ਕਈ ਮੁਹੱਲਿਆਂ ਵਿਚ ਬਿਜਲੀ ਦਾ ਲੋਡ ਜਿਆਦਾ ਵਧਣ ਅਤੇ ਅਚਾਨਕ ਘਟਣ ਕਾਰਨ ਲੋਕਾਂ ਦੇ ਉਪਕਰਨ ਖਰਾਬ ਹੋ ਰਹੇ ਹਨ । ਉਨ੍ਹਾਂ ਆਖਿਆ ਕਿ ਸਰਕਾਰ ਕੱਚੇ ਕਾਮਿਆਂ ਨੂੰ ਪੱਕਾ ਕਰਨ ਦੇ ਨਾਲ ਨਾਲ ਉਨ੍ਹਾਂ ਦੀਆਂ ਹੱਕੀ ਮੰਗਾਂ ਮੰਨੇ ਅਤੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਸੰਜੀਦਾ ਉੱਦਮ ਕਰੇ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ, ਸਾਬਕਾ ਪ੍ਰਧਾਨ ਦੇਸ ਰਾਜ ਡੋਗਰਾ, ਕੌਂਸਲਰ ਰਾਜੇਸ਼ ਲਾਡੀ, ਨੰਬਰਦਾਰ ਜਗਜੀਵਨ ਜੱਗੀ, ਬਾਬੂ ਰੂਪ ਲਾਲ, ਐਡਵੋਕੇਟ ਦਲਜੀਤ ਸਿੰਘ ਗਿਲਜੀਆਂ, ਰਾਕੇਸ਼ ਬਿੱਟੂ, ਪੰਕਜ ਸਚਦੇਵਾ, ਵਿਨੋਦ ਖੋਸਲਾ ਸੁੰਦਰੀ, ਜਸਵਿੰਦਰ ਕਾਕਾ, ਆਸ਼ੂ ਵੈਦ, ਗੁਰਮੁਖ ਸਿੰਘ, ਕ੍ਰਿਸ਼ਨ ਬਿੱਟੂ, ਡਾ.ਬਲਦੇਵ ਰਾਜ, ਦਵਿੰਦਰ ਬਿੱਲੂ, ਮਰਵਾਹਾ ਅਹੀਆਪੁਰ, ਮਲਕੀਤ ਸਿੰਘ ਆਦਿ ਮੌਜੂਦ ਸਨ।



# ਰਾਮਪੁਰ ਸੈਣੀਆਂ 'ਚ ਰੋਮਾਂਚਕ ਕੁਸ਼ਤੀ ਮੁਕਾਬਲਾ ਕਰਵਾਇਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਪਿੰਡ ਰਾਮਪੁਰ ਸੈਣੀਆਂ ਵਿਖੇ ਸੁਖਦੇਵ (ਦੇਬੀ) ਪਹਿਲਵਾਨ ਬਹੇੜਾ ਵੱਲੋਂ ਸ਼ਾਨਦਾਰ ਕੁਸ਼ਤੀ ਮੁਕਾਬਲਾ ਕਰਵਾਇਆ ਗਿਆ। ਇਸ ਕੁਸ਼ਤੀ ਮੁਕਾਬਲੇ ਵਿੱਚ ਦੋ ਦਰਜਨ ਤੋਂ ਵੱਧ ਪਹਿਲਵਾਨਾਂ ਨੇ ਹਿੱਸਾ ਲਿਆ। ਸਮਾਗਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਦੇਣਾ ਸੀ।ਪ੍ਰਬੰਧਕ ਸੁਖਦੇਵ (ਦੇਬੀ) ਪਹਿਲਵਾਨ ਨੇ ਕਿਹਾ, 'ਸਾਡਾ ਉਦੇਸ਼ ਨੌਜਵਾਨਾਂ ਨੂੰ ਰਵਾਇਤੀ ਖੇਡਾਂ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਅਨੁਸ਼ਾਸਨ ਅਤੇ ਸਖ਼ਤ ਮਿਹਨਤ ਦਾ ਸਬਕ ਸਿਖਾਉਣਾ ਹੈ। ਕੁਸ਼ਤੀ ਨਾ ਸਿਰਫ਼ ਸਰੀਰਕ ਤਾਕਤ ਵਧਾਉਂਦੀ ਹੈ, ਸਗੋਂ ਆਤਮਵਿਸ਼ਵਾਸ ਅਤੇ ਸੰਘਰਸ਼ ਦੀ ਭਾਵਨਾ ਵੀ ਪੈਦਾ ਕਰਦੀ ਹੈ'। ਆਲ ਇੰਡੀਆ ਕਾਂਗਰਸ ਕਮੇਟੀ ਦੇ ਰਾਸ਼ਟਰੀ ਸੰਯੁਕਤ ਕੋਆਰਡੀਨੇਟਰ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਡੇਰਾਬੱਸੀ ਵਿਧਾਨ ਸਭਾ ਹਲਕੇ ਤੋਂ ਡੈਲੀਗੇਟ ਅਮਿਤ ਬਾਵਾ ਸੈਣੀ ਨੇ ਕਿਹਾ, ਖੇਡਾਂ ਨੌਜਵਾਨਾਂ ਦੇ ਸਮੁੱਚੇ ਸ਼ਖ਼ਸੀਅਤ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।ਕੁਸ਼ਤੀ ਮੁਕਾਬਲੇ ਵਿੱਚ ਵੱਖ-ਵੱਖ ਥਾਵਾਂ ਤੋਂ ਦੋ ਦਰਜਨ ਤੋਂ ਵੱਧ ਪ੍ਰਤੀਯੋਗੀਆਂ ਨੇ ਹਿੱਸਾ ਲਿਆ।ਮੁਕਾਬਲੇ ਵਿੱਚ ਵਿਕਰਮ ਰਾਣਾ ਛਛਰੌਲੀ, ਸਾਰੰਗਪੁਰ ਤੋਂ ਵਿਜੇ ਪਹਿਲਵਾਨ, ਬਿੱਲੂ ਪਹਿਲਵਾਨ ਸਮੇਤ ਕਈ ਸੀਨੀਅਰ ਲੋਕ ਹਾਜ਼ਰ ਸਨ।ਅੰਤ ਵਿੱਚ, ਸਾਰੇ ਜੇਤੂ ਅਤੇ ਉਪ ਜੇਤੂ ਪਹਿਲਵਾਨਾਂ ਨੂੰ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ।



# ਅਮਰਜੀਤ ਕੌਰ ਸਚਦੇਵਾ ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਲ



ਅਮਰਜੀਤ ਕੌਰ ਸਚਦੇਵਾ ਨੂੰ ਕਾਂਗਰਸ ਮਹਿਲਾ ਵਿੰਗ ਸ਼ਹਿਰੀ ਪ੍ਰਧਾਨ (ਸ਼ਾਹਕੋਟ) ਦੀ ਚਿੱਠੀ ਸੌਂਪਦੇ ਹੋਏ ਸ਼ੇਰੋਵਾਲੀਆ, ਰੇਨੂੰ ਸੇਠ, ਸੁਰਿੰਦਰਜੀਤ ਸਿੰਘ ਚੱਠਾ ਤੇ ਹੋਰ।

**ਸ਼ਾਹਕੋਟ (ਗਿਆਨ ਸੈਦਪੁਰੀ)**

ਮੈਡਮ ਅਮਰਜੀਤ ਕੌਰ ਸਚਦੇਵਾ ਅਰੋੜਾ ਮਹਾਂ ਸਭਾ ਯੂਨਿਟ ਸ਼ਾਹਕੋਟ ਮਹਿਲਾ ਵਿੰਗ ਦੀ ਪ੍ਰਧਾਨ ਆਪਣੇ ਸਾਥੀਆਂ ਸਮੇਤ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਕਾਂਗਰਸ ਜ਼ਿਲ੍ਹਾ ਜਲੰਧਰ (ਦਿਹਾਤੀ) ਮਹਿਲਾ ਵਿੰਗ ਦੀ ਪ੍ਰਧਾਨ ਰੇਨੂੰ ਸੇਠ ਅਤੇ ਕਾਂਗਰਸ ਬਲਾਕ ਪ੍ਰਧਾਨ(ਸ਼ਾਹਕੋਟ) ਸੁਰਿੰਦਰਜੀਤ ਸਿੰਘ ਚੱਠਾ ਦੀ ਮੌਜੂਦਗੀ ਦੀ ਵਿੱਚ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਇਨ੍ਹਾਂ ਨੂੰ ਕਾਂਗਰਸ ਮਹਿਲਾ ਵਿੰਗ ਸ਼ਾਹਕੋਟ ਦੀ ਸ਼ਹਿਰੀ ਪ੍ਰਧਾਨ ਨਿਯੁਕਤ ਕਰਕੇ ਨਿਯੁਕਤੀ ਪੱਤਰ ਵੀ ਸੌਂਪਿਆ ਗਿਆ। ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ 'ਚ ਕੁਲਵਿੰਦਰ ਕੌਰ ਸਾਗਰ, ਮਨਮੋਹਨ ਸਿੰਘ ਸਾਗਰ, ਪਿੰਕੀ ਅਰੋੜਾ, ਪ੍ਰਿਅੰਕਾ ਸਚਦੇਵਾ, ਰਮਾ ਰਾਣੀ, ਰਾਣੀ, ਨਵੀਨ ਸਿੱਧੂ, ਕਾਜਲ ਆਦਿ ਹਾਜ਼ਰ ਹਨ। ਸ਼ੇਰੋਵਾਲੀਆ ਨੇ ਕਿਹਾ ਕਿ ਅਮਰਜੀਤ ਕੌਰ ਸਚਦੇਵਾ ਨੇ ਸਿੱਖਿਆ ਦੇ ਖੇਤਰ 'ਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ ਤੇ ਇਨ੍ਹਾਂ ਦੇ ਕਾਂਗਰਸ 'ਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਮਜ਼ਬੂਤੀ ਮਿਲੀ ਹੈ। ਅਮਰਜੀਤ ਕੌਰ ਸਚਦੇਵਾ ਨੇ ਕਿਹਾ ਕਿ ਉਹ ਸ਼ਹਿਰੀ ਪ੍ਰਧਾਨ ਦੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਤੇ ਹੋਰ ਵੀ ਮਹਿਲਾਵਾਂ ਨੂੰ ਕਾਂਗਰਸ ਨਾਲ ਜੋੜਨਗੇ।ਇਸ ਮੌਕੇ ਸੋਨੂੰ ਕੰਗ ਪੀ.ਏ, ਕੁਲਜੀਤ ਰਾਣੀ ਕਾਰਜਕਾਰੀ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਬੰਟੀ ਬੱਠਲਾ ਜ਼ਿਲ੍ਹਾ ਵਾਇਸ ਪ੍ਰਧਾਨ ਕਾਂਗਰਸ ਜਲੰਧਰ (ਦਿਹਾਤੀ) , ਪਵਨ ਅਗਰਵਾਲ ਪ੍ਰਧਾਨ ਮੰਡੀ ਕਮੇਟੀ, ਨੰਬਰਦਾਰ ਸੋਨੂੰ ਕਿਲੀ ਤੇ ਰੋਮੀ ਗਿੱਲ ਸਾਬਕਾ ਐਮ.ਸੀ ਨੇ ਅਮਰਜੀਤ ਕੌਰ ਸਚਦੇਵਾ ਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਵਧਾਈ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਉਹ ਕਾਂਗਰਸ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰੁਣਾ ਜਿੰਦਲ, ਸਵੀਨਾ ਕੁਮਰਾ, ਵੰਦਨਾ ਮਿੱਤਲ, ਰੁਚੀ ਅਗਰਵਾਲ (ਚਾਰੇ ਮੈਂਬਰ ਨਗਰ ਪੰਚਾਇਤ ਸ਼ਾਹਕੋਟ), ਡਿੰਪਲ ਬੱਠਲਾ ਵਾਈਸ ਪ੍ਰਧਾਨ ਅਰੋੜਾ ਮਹਾਂ ਸਭਾ ਮਹਿਲਾ ਵਿੰਗ, ਪਵਨਦੀਪ ਕੌਰ ਥਿੰਦ ਸਰਪੰਚ ਕਿਲੀ, ਟਿੰਪੀ ਕੁਮਰਾ ਕਾਂਗਰਸੀ ਆਗੂ, ਡਾ: ਅਮਰਜੀਤ ਸਿੰਘ ਜੰਮੂ ਸਮਾਜ ਸੇਵਕ, ਰਾਜੇਸ਼ ਗੁਪਤਾ ਸਮਾਜ ਸੇਵਕ, ਤਾਰੀ ਨੰਬਰਦਾਰ, ਬਿੱਲੂ ਨਾਹਰ, ਅਮਨ ਅਰੋੜਾ, ਦੀਪੂ ਸੈਦਪੁਰੀ ਜ਼ਿਲ੍ਹਾ ਮੀਡੀਆ ਇਨਚਾਰਜ, ਮਨਜੋਤ ਸਿੰਘ ਸਿੱਧੜ, ਪ੍ਰਦੀਪ ਭਟਾਰਾ, ਮਨਜੀਤ ਕੁਮਾਰ ਚੋਪੜਾ, ਬਲਵਿੰਦਰ ਕੌਰ ਸਿੱਧੜ, ਪ੍ਰਿਅੰਕਾ ਪੁਰੀ, ਆਸ਼ੂ, ਡਾ: ਰਾਜੇਸ਼ ਚੌਹਾਨ, ਪਰਮਜੀਤ ਨਾਹਰ, ਅਮਰਜੀਤ ਮੱਟੂ, ਊਸ਼ਾ ਰਾਣੀ ਆਦਿ ਹਾਜ਼ਰ ਸਨ।

# ਪੀ ਟੀ ਐੱਮ ਆਰੀਆ ਕਾਲਜ 'ਚ ਵਿਸ਼ਵ ਵਾਤਾਵਰਣ 'ਤੇ ਸੈਮੀਨਾਰ




**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਥਾਨਕ ਪੀ. ਟੀ. ਐੱਮ ਆਰੀਆ ਕਾਲਜ 'ਚ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਨ. ਐਸ. ਐਸ ਵਿਭਾਗ ਵੱਲੋਂ ਵਿਸ਼ਵ ਵਾਤਾਵਰਣ ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਪ੍ਰੋ. ਸੁਰਿੰਦਰ ਪਾਲ ਨੇ ਇਸ ਮੌਕੇ ਵਾਤਾਵਰਣ ਦੀ ਸੰਭਾਲ ਤੇ ਕੁਦਰਤੀ ਸਾਧਨਾਂ ਦੀ ਸੰਭਾਲ ਬਾਰੇ ਜਾਣਕਾਰੀ ਦਿੱਤੀ ਤੇ ਵਿਦਿਆਰਥੀਆਂ ਨੂੰ ਦੱਸਿਆ ਕਿ ਵਾਤਾਵਰਣ ਜਿਸ ਵਿੱਚ ਅਸੀਂ ਸਾਹ ਲੈਂਦੇ ਹਾਂ, ਕੰਮ ਕਰਦੇ ਹਾਂ ਪਰ ਅੱਜ ਅਸੀਂ ਆਪਣੇ ਹੱਥੀਂ ਇਸ ਵਾਤਾਵਰਣ ਨੂੰ ਨਸ਼ਟ ਕਰ ਰਹੇ ਹਾਂ। ਇਸ ਦੇ ਜ਼ਿੰਮੇਵਾਰ ਵੀ ਇਨਸਾਨ ਹੈ ਤੇ ਵਾਤਾਵਰਣ ਦੀ ਸੰਭਾਲ ਮਨੁੱਖ ਦੇ ਹੱਥ ਵਿੱਚ ਹੈ । ਵੱਧ ਤੋਂ ਵੱਧ ਰੁੱਖ ਲਗਾਉਣ, ਬਿਨਾਂ ਲੋੜ ਪਾਣੀ ਦੀ ਵਰਤੋਂ ਨਾ ਕਰੋ, ਪਬਲਿਕ ਟਰਾਂਸਪੋਰਟ ਦੀ ਵਰਤੋਂ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਕਾਲਜ ਦੇ ਡਾਇਰੈਕਟਰ ਪ੍ਰੋ.ਆਰ. ਕੇ. ਜੈਨ ਨੇ ਵੀ ਵਾਤਾਵਰਣ ਦੀ ਸੰਭਾਲ ਕਰਨ ਬਾਰੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਅਮਨਦੀਪ, ਪ੍ਰੋ. ਬਬੀਤਾ, ਪ੍ਰੋ. ਮਰਜ਼ੀਨਾ ਲਾਖਾ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਮਨੋਹਰ ਲਾਲ ਤੇ ਸਰਵਣ ਕੁਮਾਰ ਨੇ ਮ੍ਰਿਤਕ ਸਰੀਰ ਦੇਣ ਸੰਬੰਧੀ ਪ੍ਰਣ ਪੱਤਰ ਭਰੇ

**ਬੰਗਾ (ਅਵਤਾਰ ਕਲੇਰ)**

ਮਨੋਹਰ ਲਾਲ ਸਾਬਕਾ ਸਰਪੰਚ ਅਤੇ ਬਸਪਾ ਆਗੂ ਸਰਵਣ ਕੁਮਾਰ ਸਾਬਕਾ ਪੰਚ ਪਿੰਡ ਕਮਾਮ ਨੇ ਮਰਨ ਉਪਰੰਤ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦੇਣ ਸਬੰਧੀ ਪ੍ਰਣ ਪੱਤਰ ਭਰੇ। ਇਹ ਫੈਸਲਾ ਉਹਨਾਂ ਮਾਸਟਰ ਟੋਡਰ ਮੱਲ ਦੀ ਪ੍ਰੇਰਨਾ ਸਦਕਾ ਲਿਆ। ਮਾਸਟਰ ਜੀ ਨੇ ਵੀ ਕੁੱਝ ਮਹੀਨੇ ਪਹਿਲਾਂ ਹੀ ਆਪਣਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦੇਣ ਦਾ ਪ੍ਰਣ ਕੀਤਾ ਸੀ।ਇਹ ਪ੍ਰਣ ਪੱਤਰ ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਦੇ ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ,ਜੋਨ ਵਿੱਤ ਮੁਖੀ ਸੁਖਵਿੰਦਰ ਗੋਗਾ ਬੰਗਾ ਇਕਾਈ ਦੇ ਸਰਗਰਮ ਮੈਂਬਰ ਰੂਬੀ ਬੰਗਾ ਦੁਆਰਾ ਪਿਮਸ ਮੈਡੀਕਲ ਕਾਲਜ ਅਤੇ ਹਸਪਤਾਲ ਜਲੰਧਰ ਲਈ ਭਰੇ ਗਏ।ਇਸ ਮੌਕੇ ਮਨੋਹਰ ਲਾਲ ਦੇ ਵੱਡੇ ਭਰਾ ਰਾਕੇਸ਼ ਰਾਮ ਸੇਵਾ ਮੁਕਤ ਸੂਬੇਦਾਰ ਸੈਂਟਰ ਪੁਲਸ, ਮਾਸਟਰ ਟੋਡਰ ਮੱਲ, ਪਤਨੀ ਮਨਜੀਤ ਕੌਰ, ਭਰਜਾਈਆਂ ਮੋਹਿੰਦਰ ਕੌਰ ਅਤੇ ਮੈਡਮ ਜਸਵੀਰ ਕੌਰ,ਬੇਟਾ ਇਮਾਨ ਸਿੰਘ ਅਤੇ ਬੇਟੀ ਗੁਰਨੂਰ ਕੌਰ ਵੀ ਹਾਜ਼ਰ ਸਨ। ਸਰਵਣ ਕੁਮਾਰ ਦੇ ਪੁੱਤਰ ਰੋਹਿਤ ਕੁਮਾਰ, ਨੂੰਹਾਂ ਕਿਰਨ ਕੁਮਾਰੀ ਅਤੇ ਪਰਵਿੰਦਰ ਕੌਰ, ਪੋਤੀਆਂ ਹਿਮਾਂਸ਼ੀ ਹੀਰੋ, ਹਰਮਨ ਹੀਰੋ, ਪ੍ਰਤੀਸ਼ਠਾ ਹੀਰੋ, ਪੋਤੇ ਵਿਸ਼ਾਲ ਹੀਰੋ ਅਤੇ ਮਨਪ੍ਰੀਤ ਹੀਰੋ ਮੌਜੂਦ ਸਨ।ਇਸ ਮੌਕੇ ਜਗਦੀਸ਼ ਸਿੰਘ ਸਾਬਕਾ ਸਰਪੰਚ ਕਮਾਮ ਅਤੇ ਸੋਢੀ ਰਾਮ ਅਤੇ ਹੋਰ ਪਿੰਡ ਵਾਸੀ ਵੀ ਹਾਜ਼ਰ ਸਨ।



# ਸੰਤ ਰਾਮਾ ਨੰਦ ਦਾ ਸ਼ਹੀਦੀ ਸਮਾਗਮ ਮਨਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**

ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦਾ 16ਵਾਂ ਸ਼ਹੀਦੀ ਸਮਾਗਮ ਡੇਰਾ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਅਤੇ ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਨਸੀ (ਯੂ ਪੀ) ਦੀ ਸਰਪ੍ਰਸਤੀ ਹੇਠ ਡੇਰਾ ਸੱਚਖੰਡ ਬੱਲਾਂ ਵਿਖੇ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਮੌਕੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਾਪ ਕੀਤੇ ਗਏ ਉਪਰੰਤ ਕੀਰਤਨ ਦਰਬਾਰ ਸਜਾਏ ਗਏ ਇਸ ਉਪਰੰਤ ਸੰਤ ਨਿਰੰਜਨ ਦਾਸ ਨੇ ਸਾਰੀ ਸੰਗਤ ਨੂੰ ਪ੍ਰਭੂ ਭਗਤੀ, ਸੰਤਾਂ ਦੀ ਸੰਗਤ, ਸੱਚੀ ਕਿਰਤ ਕਰਨ, ਬੱਚਿਆ ਨੂੰ ਵੱਧ ਤੋਂ ਵੱਧ ਵਿੱਦਿਆ ਪੜ੍ਹਾਉਣ, ਹਰ ਕਿਸਮ ਦੇ ਨਸ਼ਿਆਂ ਤੋਂ ਦੂਰ ਰਹਿਣ, ਸਭ ਧਰਮਾਂ ਦਾ ਸਤਿਕਾਰ ਕਰਨ ਅਤੇ ਆਪਸੀ ਭਾਈਚਾਰਕ ਸਾਥ ਬਣਾਈ ਰੱਖਣ ਅਤੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ਾਂ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਸੰਤ ਹਰਚਰਨ ਦਾਸ ਸ਼ਾਮ ਚੁਰਾਸੀ, ਸੰਤ ਪ੍ਰਦੀਪ ਦਾਸ ਕਠਾਰ, ਸੰਤ ਹਰਜਿੰਦਰ ਦਾਸ ਈਸਪੁਰ, ਸੰਤ ਸੁਖਵਿੰਦਰ ਦਾਸ ਢੱਡੇ, ਸੰਤ ਪ੍ਰੀਤਮ ਦਾਸ ਸੰਗਤਪੁਰ, ਸੰਤ ਪਰਦੁਮਣ ਦਾਸ ਸਹਾਰਨਪੁਰ, ਸੰਤ ਬੀਬੀ ਰੌਸ਼ਨੀ ਛੁਟਮਲਪੁਰ, ਸੰਤ ਵੀਰ ਸਿੰਘ ਹਿਤਕਾਰੀ, ਸੰਤ ਧੰਨਪੱਤ ਦਾਸ ਜ਼ੀਦ ਅਤੇ ਹੋਰ ਬਹੁਤ ਸਾਰੇ ਮਹਾਪੁਰਸ਼ਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ! ਕੈਬਿਨਟ ਮੰਤਰੀ ਮਹਿੰਦਰ ਭਗਤ, ਸਾਬਕਾ ਰਾਜ ਸਭਾ ਮੈਂਬਰ ਅਤੇ ਪ੍ਰਧਾਨ ਬਸਪਾ ਪੰਜਾਬ ਅਵਤਾਰ ਸਿੰਘ ਕਰੀਮਪੁਰੀ, ਹਲਕਾ ਇੰਚਾਰਜ ਕਰਤਾਰਪੁਰ ਕਾਂਗਰਸ ਰਜਿੰਦਰ ਸਿੰਘ, ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਜਨਰਲ ਸਕੱਤਰ ਬਸਪਾ ਪੰਜਾਬ ਬਲਵਿੰਦਰ ਕੁਮਾਰ, ਬੀਰ ਚੰਦ ਸਰੀਲਾ ਕੁਆਰਡੀਨੇਟਰ ਆਮ ਆਦਮੀ ਪਾਰਟੀ ਆਦਿ ਸਿਆਸੀ ਆਗੂਆਂ ਨੇ ਵੀ ਸ਼ਰਧਾਂਜਲੀਆਂ ਭੇਂਟ ਕੀਤੀਆਂ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੇਵਾਦਾਰ ਹਰਦੇਵ ਦਾਸ, ਸੇਵਾਦਾਰ ਮਨਦੀਪ ਦਾਸ, ਧਰਮਪਾਲ ਸਿੰਮਕ ਸਕੱਤਰ, ਸਾਬਕਾ ਸਰਪੰਚ ਸੁਖਦੇਵ ਸੁੱਖੀ, ਸੰਦੀਪ ਸਿੰਘ ਹੋਠੀ ਬਲਾਕ ਸੋਸ਼ਲ ਮੀਡੀਆ ਪ੍ਰਧਾਨ, ਸਰਪੰਚ ਪਤੀ ਸ਼ਾਦੀ ਲਾਲ, ਸਾਬਕਾ ਸਰਪੰਚ ਪ੍ਰਦੀਪ ਕੁਮਾਰ ਬੱਲਾਂ,ਮਦਨ ਲਾਲ ਸੈਕਟਰੀ ਐਸਸੀ ਵਿੰਗ ਆਮ ਆਦਮੀ ਪਾਰਟੀ, ਨੰਬਰਦਾਰ ਮਨਜੀਤ ਸਿੰਘ, ਡਾ. ਬਲਵੀਰ ਮੰਨਣ ਸੇਵਾਦਾਰ ਦਲਜੀਤ ਰਾਏਪੁਰ, ਮਨਜੀਤ ਰਾਏ ਬੱਲ, ਇਕਬਾਲ ਸਿੰਘ ਮੰਨਣ, ਕੁਲਦੀਪ ਕੁਮਾਰ ਮੰਨਣ, ਸੰਸਾਰ ਚੰਦ ਮੰਨਣ ਆਦਿ ਵੀ ਹਾਜ਼ਰ ਸਨ ! ਸੰਗਤਾਂ ਲਈ ਠੰਡੇ ਮਿੱਠੇ ਜਲ ਅਤੇ ਲੱਸੀ ਦੀਆਂ ਛਬੀਲਾਂ ਲਗਾਈਆਂ ਗਈਆਂ।ਲੰਗਰ ਅਤੁੱਟ ਵਰਤਾਏ ਗਏ।



# ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਵੱਲੋਂ ਸਰਪੰਚਾਂ, ਮੋਹਤਬਰਾਂ ਤੇ ਭਾਜਪਾ ਵਰਕਰਾਂ ਨਾਲ ਮੀਟਿੰਗ

**ਭਲਾਣ (ਹਰਭਜਨ ਢਿੱਲੋਂ)**-ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਸ. ਅਜੈਵੀਰ ਸਿੰਘ ਲਾਲਪੁਰਾ ਨੇ ਭਨੂਪਲੀ ਸਰਕਲ ਦੇ ਪਿੰਡ ਮਾਣਕਪੁਰ ਵਿਖੇ ਪਾਰਟੀ ਦੇ ਜੁਝਾਰੂ ਆਗੂ ਮਹਿੰਦਰਪਾਲ ਦੇ ਗ੍ਰਹਿ ਵਿਖੇ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਆਏ ਸਰਪੰਚਾਂ, ਮੋਹਤਬਰਾਂ ਅਤੇ ਭਾਜਪਾ ਆਗੂਆਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾ ਮੋਦੀ ਸਰਕਾਰ ਦੀਆਂ ਜਨ-ਕਲਿਆਣਕਾਰੀ ਯੋਜਨਾਵਾਂ ਬਾਰੇ ਜਾਣੂ ਕਰਵਾਉਂਦੇ ਹੋਏ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾ ਦੱਸਿਆ ਕਿ ਕੇਜਰੀਵਾਲ ਦੀ ਸਰਕਾਰ ਪੰਜਾਬ ਵਿੱਚ ਪੂਰੀ ਤਰ੍ਹਾਂ ਨਾਕਾਮ ਹੋ ਚੁੱਕੀ ਹੈ। 'ਯੁੱਧ ਨਸ਼ਿਆਂ ਵਿਰੁੱਧ', 'ਸਿੱਖਿਆ ਕ੍ਰਾਂਤੀ' ਵਰਗੀਆਂ ਮੁਹਿੰਮਾਂ ਸਿਰਫ਼ ਕਾਗਜ਼ੀ ਹੀ ਰਹਿ ਗਈਆਂ ਹਨ। ਸਕੂਲਾਂ 'ਚ ਅਧਿਆਪਕਾਂ ਦੀ ਭਾਰੀ ਘਾਟ ਹੈ, ਬੇਰੁਜ਼ਗਾਰੀ ਚਰਮ 'ਤੇ ਹੈ ਅਤੇ ਕਿਸੇ ਪ੍ਰਕਾਰ ਦਾ ਉਦਯੋਗਿਕ ਨਿਵੇਸ਼ ਨਜ਼ਰ ਨਹੀਂ ਆ ਰਿਹਾ।ਸ. ਅਜੈਵੀਰ ਸਿੰਘ ਨੇ ਦੱਸਿਆ ਕਿ ਮੋਦੀ ਸਰਕਾਰ ਨੇ ਆਮ ਲੋਕਾਂ ਲਈ ਕਈ ਯੋਜਨਾਵਾਂ ਜਿਵੇਂ ਉਜਜਵਲਾ ਯੋਜਨਾ, ਆਯੂਸ਼ਮਾਨ ਭਾਰਤ, ਜਲ ਜੀਵਨ ਮਿਸ਼ਨ, ਸਵੱਛ ਭਾਰਤ, ਦੀਨ ਦਯਾਲ ਉਪਾਧਿਆਏ ਗ੍ਰਾਮ ਜੋਤੀ ਯੋਜਨਾ ਆਦਿ ਨੂੰ ਲਾਗੂ ਕਰਕੇ ਲੋਕਾਂ ਦੀ ਜ਼ਿੰਦਗੀ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅਫਸੋਸ ਹੈ ਕਿ ਪੰਜਾਬ ਸਰਕਾਰ ਕੇਂਦਰ ਦੀਆਂ ਸਕੀਮਾਂ ਨੂੰ ਢੰਗ ਨਾਲ ਲਾਗੂ ਨਹੀਂ ਕਰ ਰਹੀ।

ਉਨ੍ਹਾ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਭਾਜਪਾ ਦੀ ਲੋਕ-ਹਿਤੈਸ਼ੀ ਨੀਤੀਆਂ ਨੂੰ ਸਮਝਣ ਅਤੇ ਪਾਰਟੀ ਨਾਲ ਜੁੜਨ ਦੀ ਲੋੜ ਹੈ, ਤਾਂ ਜੋ ਪੰਜਾਬ ਵਿੱਚ ਵੀ ਵਿਕਾਸ ਦੀ ਗਤੀ ਤੇਜ਼ ਹੋਵੇ।ਇਸ ਮੀਟਿੰਗ ਵਿੱਚ ਕਈ ਆਗੂ ਹਾਜ਼ਰ ਰਹੇ, ਜਿਨ੍ਹਾਂ ਵਿੱਚ ਕੰਵਰ ਪੋਸਵਾਲ, ਡਾ ਜੀਵਨ ਕੁਮਾਰ, ਕ੍ਰਿਸ਼ਨ ਕੁਮਾਰ ਅੱਤਰੀ, ਸਰਪੰਚ ਸੁਨੀਲ ਸ਼ੁਕਲਾ, ਮਾਣਕਪੁਰ ਦੇ ਸਰਪੰਚ ਗੋਪਾਲ ਸ਼ਰਮਾ, ਸਰਪੰਚ ਸੇਥੀ ਰਾਮ (ਡੁਕਲੀ), ਸਰਪੰਚ ਪਰਹਲਾਦ ਰਾਣਾ (ਮੇਗਪੁਰ), ਸਰਪੰਚ ਗਿਆਨ ਚੰਦ (ਪੱਟੀ), ਸੀਨੀਅਰ ਭਾਜਪਾ ਆਗੂ ਬੰਟੀ ਧੀਮਾਨ, ਮਹੇਸ਼ ਕੁਮਾਰ, ਸੀਨੀਅਰ ਆਗੂ ਸ਼੍ਰੀ ਜੈਦੇਵ, ਗੁਰਮੇਲ ਸਿੰਘ ਅਤੇ ਹੋਰ ਸਥਾਨਕ ਆਗੂ ਸ਼ਾਮਿਲ ਸਨ।ਸਭ ਨੇ ਭਾਜਪਾ ਪ੍ਰਧਾਨ ਅਜੈਵੀਰ ਸਿੰਘ ਲਲਪੁਰਾ ਦੀ ਗੱਲਾਂ ਨਾਲ ਸਹਿਮਤ ਹੋ ਕੇ ਪਾਰਟੀ ਦੀ ਪਹੁੰਚ ਘਰ-ਘਰ ਤੱਕ ਲਿਜਾਣ ਅਤੇ ਆਉਣ ਵਾਲੇ ਚੋਣਾਂ ਲਈ ਮਜ਼ਬੂਤ ਜਮਿਨੀ ਤਿਆਰੀ ਕਰਨ ਦਾ ਐਲਾਨ ਕੀਤਾ।



# ਸਾਂਝੇ ਅਧਿਆਪਕ ਮੋਰਚੇ ਨੇ ਅਨੰਦਪੁਰ ਸਾਹਿਬ ਤੋਂ ਨੰਗਲ ਤੱਕ ਕੀਤਾ ਝੰਡਾ ਮਾਰਚ




**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਬਿੰਦੀ)**

ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਮੋਰਚੇ ਦੇ ਕਨਵੀਨਰ ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਸੁਰਿੰਦਰ ਕੰਬੋਜ, ਬਲਜੀਤ ਸਿੰਘ ਸਲਾਣਾ, ਹਰਵਿੰਦਰ ਸਿੰਘ ਬਿਲਗਾ, ਬਾਜ ਸਿੰਘ ਖਹਿਰਾ, ਰਵਿੰਦਰਜੀਤ ਸਿੰਘ ਪੰਨੂ, ਗੁਰਜੰਟ ਸਿੰਘ ਵਾਲੀਆ, ਸੁਖਜਿੰਦਰ ਸਿੰਘ ਹਰੀਕਾ, ਗੁਰਿੰਦਰ ਸਿੰਘ ਸਿੱਧੂ, ਸ਼ਮਸ਼ੇਰ ਸਿੰਘ ਬੰਗਾ, ਅਮਨਬੀਰ ਸਿੰਘ ਗੁਰਾਇਆ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਦੇ ਹਲਕੇ ਦੇ ਅਨੰਦਪੁਰ ਸਾਹਿਬ ਤੋਂ ਨੰਗਲ ਤੱਕ ਮੋਟਰ ਸਾਈਕਲ, ਸਕੂਟਰਾਂ ਅਤੇ ਸੈਂਕੜੇ ਗੱਡੀਆਂ ਦੇ ਕਾਫਲੇ ਨਾਲ ਵੱਖ-ਵੱਖ ਪਿੰਡਾਂ ਵਿੱਚ ਝੰਡਾ ਮਾਰਚ ਕੀਤਾ ਗਿਆ ਅਤੇ ਇਸ ਹਲਕੇ ਦੇ ਲੋਕਾਂ ਨੂੰ ਸਿੱਖਿਆ ਮੰਤਰੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਪ੍ਰਤੀ ਗੈਰ ਜ਼ਿੰਮੇਵਾਰਾਨਾ ਰਵੱਈਏ ਬਾਰੇ ਸਿੱਖਿਆ ਮੰਤਰੀ ਦੇ ਹਲਕੇ ਦੇ ਲੋਕਾਂ ਨੂੰ ਦੱਸਿਆ ਗਿਆ। ਸਾਂਝੇ ਅਧਿਆਪਕ ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਸਿੱਖਿਆ ਮੰਤਰੀ ਵੱਲੋਂ ਲਗਾਤਾਰ ਅਧਿਆਪਕ ਜਥੇਬੰਦੀਆਂ ਨੂੰ ਜਾਣਬੁੱਝ ਕੇ 3 ਸਾਲਾਂ ਵਿਚ ਸਮਾਂ ਨਹੀਂ ਦਿੱਤਾ। ਜੇਕਰ 1/2 ਵਾਰੀ ਮੀਟਿੰਗਾਂ ਕੀਤੀਆਂ ਵੀ, ਪਰ ਕੋਈ ਵਾਅਦਾ ਜਾਂ ਅਧਿਆਪਕ ਮੰਗਾਂ ਮਸਲਿਆਂ ਨੂੰ ਪੂਰਾ ਨਹੀਂ ਕੀਤਾ ਗਿਆ। ਨਵੀਂ ਭਰਤੀ ਅਧਿਆਪਕ ਜਿਵੇਂ 2364, 3704, 6635, 4161 ਅਤੇ ਹੋਰ ਭਰਤੀ ਹੋ ਚੁੱਕੇ ਅਧਿਆਪਕਾਂ ਨੂੰ ਦੁਬਾਰਾ ਲਿਸਟਾਂ ਪਾ ਕੇ ਪਰਖ ਸਮਾਂ ਪਾਰ ਕਰ ਚੁੱਕੇ ਅਧਿਆਪਕਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਸਾਂਝਾ ਅਧਿਆਪਕ ਮੋਰਚਾ ਦੇ ਆਗੂਆਂ ਨੇ ਮੰਗ ਕੀਤੀ ਕਿ ਸਿੱਖਿਆ ਮੰਤਰੀ ਪੰਜਾਬ ਦੇ ਅਧਿਆਪਕਾਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰੇ ਨਹੀਂ ਤਾਂ 27 ਜੂਨ ਨੂੰ ਵਿੱਦਿਆ ਭਵਨ ਮੋਹਾਲੀ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਸਮੇਂ ਗੁਰਬਿੰਦਰ ਸਿੰਘ ਸਸਕੌਰ, ਜਿੰਦਰ ਪਾਇਲਟ, ਨਵਪ੍ਰੀਤ ਬੱਲੀ, ਕ੍ਰਿਸ਼ਨ ਸਿੰਘ ਦੁੱਗਾਂ, ਅਜੀਤ ਪਾਲ ਸਿੰਘ ਜੱਸੋਵਾਲ, ਦਿਲਬਾਗ ਸਿੰਘ, ਸੁਖਦਿਆਲ ਸਿੰਘ ਝੰਡ, ਵਰਿੰਦਰਜੀਤ ਸਿੰਘ ਬਜਾਜ, ਨਵਦੀਪ ਸਿੰਘ ਸਿੱਧੂ, ਜਗਜੀਤ ਸਿੰਘ ਬੇਦੀ, ਨਿਰੰਜਨ ਜੋਤ ਚਾਂਦਪੁਰੀ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਜਗਤਾਰ ਸਿੰਘ ਚੱਠਾ ਆਦਿ ਸਾਥੀਆਂ ਸਮੇਤ ਸ਼ਾਮਲ ਸਨ।

# ਅਗਸਤ ਦੇ ਅਖੀਰ 'ਚ ਹੋਵੇਗੀ ਸੱਤਵੀਂ ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ

**ਖਰੜ (ਹਰਨਾਮ ਸਿੰਘ ਡੱਲਾ)**

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕਰਵਾਈ ਜਾਣ ਵਾਲ਼ੀ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਇਕਾਈ ਖਰੜ ਦੇ ਮੀਡੀਆ ਇਨਚਾਰਜ ਕਰਮਜੀਤ ਸਕਰੁੱਲਾਂਪੁਰੀ ਨੇ ਦੱਸਿਆ ਕਿ ਇਸ ਵਾਰ ਇਹ ਪੇਪਰ ਅਗਸਤ ਦੇ ਅਖੀਰ ਵਿੱਚ ਹੋਣ ਜਾ ਰਿਹਾ ਹੈ । ਇਸ ਲਈ ਤਰਕਸ਼ੀਲ ਆਗੂਆਂ ਵਲੋਂ ਇਲਾਕੇ ਦੇ ਵੱਧ ਤੋਂ ਵੱਧ ਸਕੂਲਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ । ਇਸ ਸਬੰਧੀ ਕੀਤੀ ਗਈ ਖ਼ਾਸ ਮੀਟਿੰਗ ਉਪਰੰਤ ਇਕਾਈ ਖਰੜ ਦੇ ਮੁਖੀ ਕੁਲਵਿੰਦਰ ਨਗਾਰੀ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਵੱਲੋਂ ਇਕਾਈਆਂ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ । ਉਹਨਾਂ ਅੱਗੇ ਦੱਸਿਆ ਕਿ ਇਸ ਪ੍ਰੀਖਿਆ ਲਈ ਇਕ ਤਾਜ਼ਾ ਜਾਣਕਾਰੀ ਕਵਰ ਕਰਨ ਵਾਲੀ ਪੁਸਤਕ ਤਿਆਰ ਕਰਕੇ ਬੱਚਿਆਂ ਤੱਕ ਪੁੱਜਦੀ ਕੀਤੀ ਜਾ ਰਹੀ ਹੈ।ਜੋਨ ਮੀਡੀਆ ਮੁਖੀ ਗੁਰਮੀਤ ਖਰੜ ਨੇ ਦੱਸਿਆ ਕਿ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਛੇਵੀਂ ਜਮਾਤ ਤੋਂ ਲੈ ਕੇ ਬਾਰਵੀਂ ਤੱਕ ਦੇ ਸਾਰੇ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਭਾਗ ਲੈ ਸਕਦੇ ਹਨ।ਜਰਨੈਲ ਸਹੌੜਾਂ ਅਤੇ ਬਿਕਰਮਜੀਤ ਸੋਨੀ ਨੇ ਦੱਸਿਆ ਕਿ ਮਿਡਲ ਅਤੇ ਸੀਨੀਅਰ ਸੈਕੰਡਰੀ ਵਰਗ ਅਧੀਨ ਵਿਦਿਆਰਥੀ ਸਕੂਲ ਪੱਧਰ 'ਤੇ ਹੀ ਪੇਪਰ ਦੇ ਸਕਦੇ ਹਨ। ਪੇਪਰ ਦਾ ਮੁਲਾਂਕਣ ਬਰਨਾਲੇ ਵਿਖੇ ਕੀਤਾ ਜਾਵੇਗਾ।ਜ਼ਿਕਰਯੋਗ ਹੈ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਹਰ ਸਾਲ ਇਹ ਪੇਪਰ ਲੈ ਰਹੀ ਹੈ, ਜਿਸਦਾ ਮਕਸਦ ਬੱਚਿਆਂ ਵਿੱਚ ਵਿਗਿਆਨਕ ਜਾਣਕਾਰੀ ਤੇ ਪੁਸਤਕ ਸੱਭਿਆਚਾਰ ਪੈਦਾ ਕਰਨਾ ਹੈ।



# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਟਰੱਸਟ ਸਿੰਘਪੁਰ ਦੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਟਰੱਸਟ ਸਿੰਘਪੁਰ (ਮੁਕੇਰੀਆਂ ਦਸੂਹਾ) ਜ਼ਿਲ੍ਹਾ ਹੁਸ਼ਿਆਰਪੁਰ ਦੀ ਮੀਟਿੰਗ ਹਰਬੰਸ ਸਿੰਘ ਟਾਂਡਾ ਦੀ ਪ੍ਰਧਾਨਗੀ ਹੇਠ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਵਿਖ਼ੇ ਹੋਈ, ਜਿਸ ਵਿੱਚ ਹਰਦੇਵ ਸਿੰਘ ਕੌਂਸਲ ਚੇਅਰਮੈਨ ਅਤੇ ਪ੍ਰਦੀਪ ਸਿੰਘ ਪਲਾਹਾ ਵਾਈਸ ਚੇਅਰਮੈਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਕਿਲ੍ਹੇ ਦੇ ਨਵਉਸਾਰੀ ਕਾਰਜਾਂ ਅਤੇ ਵਿਰਾਸਤੀ ਦਿੱਖ ਪ੍ਰਦਾਨ ਕਰਨ ਲਈ ਆਰੰਭ ਕੀਤੇ ਜਾਣ ਵਾਲੇ ਵੱਖ ਵੱਖ ਪ੍ਰੋਜੈਕਟਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵਿਸ਼ੇਸ਼ ਤੌਰ 'ਤੇ ਬੁਲਾਏ ਮਾਹਿਰ ਅਰਕੀਟੇਕਟਾਂ ਤੇ ਇੰਟੀਰੀਅਰ ਡਿਜ਼ਾਈਨਰਾਂ ਪ੍ਰਭ ਸਿਮਰਨ ਸਿੰਘ ਪਟਿਆਲਾ, ਮੈਡਮ ਪ੍ਰੀਤੀ ਸਿੰਘ ਹੁਸ਼ਿਆਰਪੁਰ, ਗੁਰਦੇਵ ਸਿੰਘ ਦਿੱਲੀ, ਚੰਨੀ ਟਕੌਲੀਆ ਜਲੰਧਰ ਤੇ ਮੱਖਣ ਸਿੰਘ ਮੁਕੇਰੀਆਂ ਦਾ ਭਰਵਾਂ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ ਗਈ । ਇਸ ਮੀਟਿੰਗ ਮੌਕੇ ਚੇਅਰਮੈਨ ਹਰਦੇਵ ਸਿੰਘ ਕੌਂਸਲ ਵੱਲੋਂ ਹਾਜ਼ਰ ਟਰੱਸਟ ਮੈਂਬਰਾਂ ਦੀ ਸਲਾਹ ਨਾਲ ਗੁਰਦੇਵ ਸਿੰਘ ਦਿੱਲੀ ਨੂੰ ਰਾਮਗੜ੍ਹੀਆ ਕੌਮ ਦਾ ਇਤਿਹਾਸ ਲਿਖਣ, ਪ੍ਰਭ ਸਿਮਰਨ ਸਿੰਘ ਪਟਿਆਲਾ ਨੂੰ ਕਿਲ੍ਹੇ ਦੇ ਗੇਟ ਦਾ ਡਿਜ਼ਾਇਨ ਤਿਆਰ ਕਰਨ, ਮੈਡਮ ਪ੍ਰੀਤੀ ਸਿੰਘ ਹੁਸ਼ਿਆਰਪੁਰ ਨੂੰ ਮੀਟਿੰਗ ਹਾਲ ਅਤੇ ਸਟੈਚੂ ਦੇ ਫਾਉਂਡੇਸ਼ਨ ਦਾ ਨਕਸ਼ਾ ਤਿਆਰ ਕਰਨ, ਚੰਨੀ ਟਕੌਲੀਆ ਜਲੰਧਰ ਨੂੰ ਇਤਿਹਾਸਕ ਵਸਤਾਂ ਅਤੇ ਇਤਿਹਾਸ ਨੂੰ ਸਾਂਭਣ ਲਈ ਮਿਊਜ਼ੀਅਮ ਦਾ ਡਿਜ਼ਾਇਨ ਤਿਆਰ ਕਰਨ, ਮੱਖਣ ਸਿੰਘ ਮੁਕੇਰੀਆਂ ਨੂੰ ਇਤਿਹਾਸਕ ਖੂਹ ਤੇ ਮੀਨਾਰ ਅਤੇ ਨਿਸ਼ਾਨ ਸਾਹਿਬ ਦੇ ਥੜ੍ਹੇ ਦਾ ਡਿਜ਼ਾਈਨ ਤਿਆਰ ਕਰਨ ਦੀਆਂ ਸੇਵਾਵਾਂ ਸੌਂਪੀਆਂ ਗਈਆਂ ਅਤੇ ਟਰੱਸਟ ਵੱਲੋਂ ਇਹਨਾਂ ਪੰਜਾਂ ਆਰਟੀਟੈਕਟਸ ਨੂੰ ਪੱਕੇ ਮੈਂਬਰ ਬਣਾਇਆ ਗਿਆ। ਇਹਨਾਂ ਸਮੂਹ ਨਵੇਂ ਮੈਂਬਰਾਂ ਨੇ ਇਸ ਇਤਿਹਾਸਕ ਜਗ੍ਹਾ ਦੀ ਸ਼ਲਾਘਾ ਕੀਤੀ ਤੇ ਸਮੁਚੇ ਕਿਲ੍ਹੇ ਦਾ ਨਿਰੀਖਣ ਕੀਤਾ। ਉਪਰੰਤ ਇਨ੍ਹਾਂ ਸਾਰੇ ਨਵੇਂ ਟਰੱਸਟ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸਨਮਾਨਿਤ ਕੀਤਾ ਗਿਆ। ਇਨ੍ਹਾਂ ਮੈਂਬਰਾਂ ਵੱਲੋਂ ਭਰੋਸਾ ਦਿੱਤਾ ਗਿਆ ਕਿ ਬਹੁਤ ਜਲਦੀ ਮਿਲੀਆਂ ਜ਼ਿੰਮੇਵਾਰੀਆਂ 'ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਮੀਟਿੰਗ ਵਿੱਚ ਵਾਈਸ ਚੇਅਰਮੈਨ ਪ੍ਰਦੀਪ ਸਿੰਘ ਪਲਾਹਾ, ਹਰਬੰਸ ਸਿੰਘ ਟਾਂਡਾ ਪ੍ਰਧਾਨ, ਦਵਿੰਦਰ ਸਿੰਘ ਜਨਰਲ ਸਕੱਤਰ, ਲਖਵੀਰ ਸਿੰਘ ਕੈਸ਼ੀਅਰ, ਕਾਬਲ ਸਿੰਘ ਜਨਰਲ ਮੈਨੇਜਰ, ਜਸਵੰਤ ਸਿੰਘ ਭੋਗਲ, ਦਲਜੀਤ ਸਿੰਘ ਦਸੂਹਾ, ਸ਼ਰਨਜੀਤ ਸਿੰਘ ਮੁਕੇਰੀਆਂ, ਗੁਰਮੁਖ ਸਿੰਘ ਸਿੰਘਪੁਰ, ਬੱਬੂ ਘੋਗਰਾ ਅਤੇ ਬੀਬੀਆਂ ਦਾ ਜੱਥਾ ਹਾਜ਼ਰ ਸਨ।



27-MAY-PAGE-10.qxd 5/26/2025 10:37 PM Page 1



## ਨਸ਼ਾ ਤਸਕਰ ਦੀ 14 ਲੱਖ 54 ਹਜ਼ਾਰ ਰੁਪਏ ਦੀ ਪ੍ਰਾਪਰਟੀ ਫਰੀਜ਼, ਲਾਇਆ ਨੋਟਿਸ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਸ਼ਾ ਤਸਕਰਾਂ ਖਿਲਾਫ ਐਨ.ਡੀ.ਪੀ.ਐਸ ਐਕਟ ਦੇ ਕਮਰਸ਼ੀਅਲ ਮਾਤਰਾ ਦੇ ਮੁਕੱਦਮੇ ਦਰਜ ਹਨ, ਉਨ੍ਹਾਂ ਵੱਲੋਂ ਨਸ਼ਾ ਤਸਕਰੀ ਰਾਹੀਂ ਬਣਾਈ ਗਈ ਪ੍ਰਾਪਰਟੀ ਨੂੰ ਫਰੀਜ਼ ਕਰਵਾਉਣ ਲਈ 68ਐਫ ਤਹਿਤ ਕੇਸ ਤਿਆਰ ਕਰਕੇ ਕੰਪੀਟੈਂਟ ਅਥਾਰਟੀ ਪਾਸ ਭੇਜਿਆ ਜਾ ਰਿਹਾ ਹੈ।ਸਬ-ਇੰਸਪੈਕਟਰ ਜਗਸੀਰ ਸਿੰਘ ਮੁੱਖ ਅਫਸਰ ਥਾਣਾ ਬਰੀਵਾਲਾ ਵੱਲੋਂ ਪਿੰਡ ਖੋਖਰ ਦੇ ਨਸ਼ਾ ਤਸਕਰ ਦੀ ਪ੍ਰਾਪਰਟੀ ਨੂੰ ਫਰੀਜ ਕੀਤਾ ਗਿਆ ਹੈ ਤੇ ਫਰੀਜਿੰਗ ਆਡਰ ਲਾਇਆ ਗਿਆ। ਅਮਰਜੀਤ ਸਿੰਘ ਪੁੱਤਰ ਗੁਰਦਾਸ ਸਿੰਘ ਵਾਸੀ ਪਿੰਡ ਖੋਖਰ, ਜਿਸ ਦੇ ਖਿਲਾਫ ਕਮਰਸ਼ੀਅਲ ਕੁਆਂਟਿਟੀ ਦੇ ਐਨ ਡੀ ਪੀ ਐੱਸ ਐਕਟ ਦੇ ਮੁਕੱਦਮੇ ਦਰਜ਼ ਸਨ, ਜਿਸ ਵੱਲੋਂ ਨਸ਼ਾ ਤਸਕਰੀ ਕਰਕੇ ਪ੍ਰਾਪਰਟੀ ਬਣਾਈ ਗਈ ਹੈ, ਜਿਸ ਪ੍ਰਾਪਰਟੀ ਦੀ ਕੁੱਲ ਕੀਮਤ 14,54,000 ਰੁਪਏ ਬਣਦੀ ਹੈ, ਜਿਸ ਦੀ ਅਟੈਚਮੈਂਟ ਲਈ 68ਤਹਿਤ ਕੇਸ ਤਿਆਰ ਕਰਕੇ ਕੰਪੀਟੈਂਟ ਅਥਾਰਟੀ ਨੂੰ ਭੇਜਿਆ ਸੀ, ਜਿਸ ਦੇ ਆਰਡਰ ਮੌਸੂਲ ਹੋਣ ਤੇ ਉਸਦੀ ਪ੍ਰਾਪਰਟੀ ਦੇ ਬਾਹਰ ਨੋਟਿਸ ਆਰਡਰ ਲਾਇਆ ਗਿਆ ਹੈ ਕਿ ਹੁਣ ਉਹ ਇਹ ਪ੍ਰਾਪਰਟੀ ਵੇਚ ਨਹੀ ਸਕੇਗਾ ਅਤੇ ਜਿਸਦਾ ਕੇਸ ਕੰਪੀਟੈਂਟ ਅਥਾਰਟੀ ਪਾਸ ਚੱਲੇਗਾ।ਐਸ.ਐਸ.ਪੀ. ਨੇ ਦੱਸਿਆ ਕਿ ਸਾਲ 2025 ਤੋਂ ਲੈ ਕੇ ਅੱਜ ਤੱਕ 17 ਕੇਸ 68 ਐਕਟ ਕੇਸ ਤਿਆਰ ਕਰਕੇ ਕੰਪੀਟੈਂਟ ਅਥਾਰਟੀ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ 13 ਕੇਸ ਮਨਜ਼ੂਰ ਹੋ ਚੁੱਕੇ ਹਨ, ਜਿਨ੍ਹਾਂ ਦੀ ਪ੍ਰਾਪਰਟੀ ਦੀ ਕੁੱਲ ਕੀਮਤ 1,91,49,802/- ਰੁਪਏ ਹੈ। ਬਾਕੀ 4 ਕੇਸ ਅਜੇ ਵੀ ਪੈਂਡਿੰਗ ਹਨ।ਐਸ.ਐਸ.ਪੀ. ਨੇ ਇਹ ਵੀ ਦੱਸਿਆ ਕਿ ਜਿਹੜੇ ਵੀ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਹਨ ਅਤੇ ਜਿਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਪ੍ਰਾਪਰਟੀ/ਜ਼ਮੀਨਾਂ ਬਣਾਈਆਂ ਹਨ, ਭਾਵੇਂ ਪ੍ਰਾਪਰਟੀ/ਜ਼ਮੀਨਾਂ ਉਹ ਉਸ ਦੇ ਨਾਂਅ 'ਤੇ ਹਨ, ਭਾਵੇਂ ਉਸ ਦੇ ਰਿਸ਼ਤੇਦਾਰਾਂ ਦੇ ਨਾਂਅ 'ਤੇ, ਉਨ੍ਹਾਂ ਨੂੰ ਵੈਰੀਫਾਈ ਕਰਕੇ ਫਰੀਜ ਕਰਨ ਲਈ ਕੰਪੀਟੈਂਟ ਅਥਾਰਟੀ ਨੂੰ ਭੇਜਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਮੰਡਲ ਪ੍ਰਧਾਨ ਉਮਾਕਾਂਤ ਦੀ ਅਗਵਾਈ 'ਚ ਕੱਢੀ ਤਿਰੰਗਾ ਯਾਤਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੇ ਨਿਰਦੇਸ਼ਾਂ ਹੇਠ ਮੰਡਲ ਪ੍ਰਧਾਨ ਉਮਾਕਾਂਤ ਦੀ ਅਗਵਾਈ ਹੇਠ ਸਥਾਨਕ ਸੂਰਜ ਨਗਰ ਜ਼ੀਰਾ ਰੋਡ 'ਤੇ ਪ੍ਰਵਾਸੀਆਂ ਦੇ ਇੱਕ ਵੱਡੇ ਸਮੂਹ ਨੂੰ ਇਕੱਠਾ ਕਰਕੇ ਫੌਜ ਦੇ ਸਨਮਾਨ ਵਿੱਚ ਤਿਰੰਗਾ ਯਾਤਰਾ ਕੱਢੀ ਗਈ। ਇਸ ਮੌਕੇ ਜਗਜਿੰਦਰ ਸਿੰਘ ਧਾਲੀਵਾਲ, ਰਾਜਾ ਖਾਨ, ਦੀਨਾ ਨਾਥ ਪਾਸਵਾਨ, ਉਮਾਕਾਂਤ, ਸ਼ਸ਼ੀਕਾਂਤ ਪਾਂਡੇ, ਰਣਜੀਤ ਸਿੰਘ, ਅਸ਼ੋਕ ਪਾਸਵਾਨ, ਰਣਬੀਰ ਪਾਸਵਾਨ, ਦਿਵਾਕਾਂਤ ਪਾਂਡੇ, ਦੁੱਖ ਹਰਨ ਪਾਸਵਾਨ, ਧੋਨੀ ਸਿੰਘ, ਪ੍ਰਕਾਸ਼ ਤਿਵਾੜੀ, ਰਾਜੀਵ ਸਿੰਘ, ਰਮੇਸ਼ ਚੰਦਰ, ਅਰੁਣ ਤ੍ਰਿਪਾਠੀ, ਸੰਤੋਖ ਪਾਸਵਾਨ ਤੇ ਹੋਰ ਭਾਜਪਾ ਵਰਕਰ ਹਾਜ਼ਰ ਸਨ। ਇਸ ਮੌਕੇ ਮੰਡਲ ਪ੍ਰਧਾਨ ਉਮਾਕਾਂਤ ਨੇ ਕਿਹਾ ਕਿ ਪਹਿਲਗਾਮ ਘਟਨਾ ਤੋਂ ਬਾਅਦ ਦੇਸ਼ ਭਰ ਦੇ 140 ਕਰੋੜ ਲੋਕਾਂ ਵਿੱਚ ਗੁੱਸੇ ਦੀ ਲਹਿਰ ਮਹਿਸੂਸ ਕੀਤੀ ਗਈ ਸੀ ਤੇ ਦੇਸ਼ ਦੇ ਨਾਗਰਿਕ ਪ੍ਰਧਾਨ ਮੰਤਰੀ 'ਤੇ ਪਾਕਿਸਤਾਨ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਦਬਾਅ ਪਾ ਰਹੇ ਸਨ। ਪ੍ਰਧਾਨ ਮੰਤਰੀ ਦੇ ਸਖ਼ਤ ਫੈਸਲਿਆਂ ਅਤੇ ਦ੍ਰਿੜ੍ਹ ਇਰਾਦੇ ਕਾਰਨ ਸਾਡੀਆਂ ਫੌਜਾਂ ਨੇ ਅੱਤਵਾਦੀ ਕੈਂਪਾਂ ਨੂੰ ਤਬਾਹ ਕਰਕੇ ਪਹਿਲਗਾਮ ਦੇ ਸ਼ਹੀਦਾਂ ਦਾ ਬਦਲਾ ਲਿਆ ਅਤੇ ਦੇਸ਼ ਦੇ ਸ਼ਹੀਦਾਂ ਦੀਆਂ ਵਿਧਵਾਵਾਂ ਦੇ ਸਿੰਦੂਰ ਨਾਲ ਸਨਮਾਨ ਕੀਤਾ। ਇਸ ਤਿਰੰਗਾ ਮਾਰਚ ਵਿੱਚ ਭਾਰਤ ਮਾਤਾ ਕੀ ਜੈ ਤੇ ਸ਼ਹੀਦ ਅਮਰ ਰਹੇ ਦੇ ਨਾਅਰੇ ਲਗਾਏ ਜਾ ਰਹੇ ਸਨ। ਉਮਾਕਾਂਤ ਪਾਂਡੇ ਨੇ ਕਿਹਾ ਕਿ ਜੇਕਰ ਪਾਕਿਸਤਾਨ ਦੁਬਾਰਾ ਅਜਿਹਾ ਕੋਈ ਗਲਤ ਕਦਮ ਚੁੱਕਦਾ ਹੈ ਤਾਂ ਪਾਕਿਸਤਾਨ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

## ਮਲਕਾਨਾ ਦੀ ਪੰਚਾਇਤ ਨੇ ਫੜਿਆ 'ਆਪ' ਦਾ ਪੱਲਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਲੰਘੇ ਦਿਨ ਆਮ ਆਦਮੀ ਪਾਰਟੀ ਨੂੰ ਉਸ ਵਕਤ ਹੋਰ ਬਲ ਮਿਲਿਆ, ਜਦੋਂ ਤਲਵੰਡੀ ਸਾਬੋ ਤੋਂ ਹਲਕਾ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਦੀ ਪ੍ਰੇਰਣਾ ਸਦਕਾ ਪਿੰਡ ਮਾਲਕਾਨਾ ਦੀ ਸਮੁੱਚੀ ਪੰਚਾਇਤ ਵੱਖ-ਵੱਖ ਵਿਰੋਧੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਈ।ਪਿੰਡ ਦੇ ਸਰਪੰਚ ਰਾਮਪਾਲ ਸਿੰਘ ਸਮੇਤ ਸਮੁੱਚੇ ਪੰਚਾਇਤ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਐੱਮ ਐੱਲ ਏ ਤਲਵੰਡੀ ਸਾਬੋ ਪ੍ਰੋਫੈਸਰ ਬਲਜਿੰਦਰ ਕੌਰ ਨੇ ਪਾਰਟੀ ਵਿੱਚ ਸ਼ਾਮਲ ਕਰਵਾਇਆ।ਇਸ ਮੌਕੇ ਜਿੱਥੇ ਪੰਚਾਇਤ ਦੇ ਸਾਰੇ ਪੰਚ ਸਾਹਿਬਾਨ ਹਾਜ਼ਰ ਸਨ, ਉੱਥੇ ਪਾਰਟੀ ਦੇ ਬਲਾਕ ਪ੍ਰਧਾਨ ਸਿਮਰਨ ਸਿੰਘ ਗਾਟਵਾਲੀ, ਸੰਦੀਪ ਸਿੰਘ, ਮਿਸਤਰੀ ਜਸਵਿੰਦਰ ਸਿੰਘ, ਹਰ ਨਰਾਇਣ ਸਿੰਘ, ਸੁਖਪਾਲ ਸਿੰਘ ਤੇ ਹੋਰ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਮੌਜੂਦ ਸਨ, ਜਦੋਂਕਿ ਉੱਘੇ ਸਮਾਜ ਸੇਵੀ ਬਹਾਦਰ ਸਿੰਘ ਮਲਕਾਨਾ ਨੇ ਵੀ ਉਚੇਚੀ ਹਾਜ਼ਰੀ ਲਗਵਾਈ।ਪ੍ਰੋਫੈਸਰ ਬਲਜਿੰਦਰ ਕੌਰ ਨੇ ਕਿਹਾ ਕਿ ਆਪ ਵਿੱਚ ਸ਼ਾਮਲ ਹੋਣ ਵਾਲੇ ਪੰਚਾਂ-ਸਰਪੰਚਾਂ ਤੇ ਵਰਕਰਾਂ ਨੂੰ ਪਾਰਟੀ ਵਿੱਚ ਹਮੇਸ਼ਾ ਸਤਿਕਾਰ ਦਿੱਤਾ ਜਾਂਦਾ ਰਹੇਗਾ।

## ਨਗਰ ਕੌਂਸਲ ਦੇ ਤਿੰਨ ਟਰੈਕਟਰਾਂ ਤੇ ਜੇ ਸੀ ਬੀ ਮਸ਼ੀਨ ਦੀਆਂ ਬੈਟਰੀਆਂ ਚੋਰੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਨਗਰ ਕੌਂਸਲ ਪਾਤੜਾਂ ਵਿੱਚ ਬੀਤੀ ਰਾਤ ਚੋਰਾਂ ਵੱਲੋਂ ਵੱਡੀ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ।ਚੋਰ ਨਗਰ ਕੌਂਸਲ ਵਿੱਚ ਖੜ੍ਹੇ ਤਿੰਨ ਟਰੈਕਟਰਾਂ ਤੇ ਇੱਕ ਜੇਸੀਬੀ ਮਸ਼ੀਨ ਦੀਆਂ ਬੈਟਰੀਆਂ ਚੋਰੀ ਕਰਕੇ ਲੈ ਗਏ।ਚੋਰੀ ਦਾ ਪਤਾ ਸਵੇਰੇ ਉਸ ਸਮੇਂ ਲੱਗਾ ਜਦੋਂ ਟਰੈਕਟਰ ਡਰਾਈਵਰ ਵਾਟਰ ਸਪਲਾਈ ਲਈ ਟਰੈਕਟਰ ਚਲਾਉਣ ਆਇਆ, ਪਰ ਟਰੈਕਟਰ ਸਟਾਰਟ ਨਾ ਹੋਇਆ।ਜਾਂਚ ਕਰਨ 'ਤੇ ਪਤਾ ਲੱਗਾ ਕਿ ਟਰੈਕਟਰ ਦੀ ਬੈਟਰੀ ਗਾਇਬ ਸੀ।ਜਦੋਂ ਹੋਰ ਟਰੈਕਟਰਾਂ ਤੇ ਜੇਸੀਬੀ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਦੀਆਂ ਬੈਟਰੀਆਂ ਵੀ ਗਾਇਬ ਮਿਲੀਆਂ।ਘਟਨਾ ਦੀ ਸੂਚਨਾ ਤੁਰੰਤ ਨਗਰ ਕੌਂਸਲ ਪ੍ਰਧਾਨ ਰਣਵੀਰ ਸਿੰਘ ਨੂੰ ਦਿੱਤੀ ਗਈ।ਉਨ੍ਹਾਂ ਮੌਕੇ 'ਤੇ ਪਹੁੰਚ ਕੇ ਹਾਲਾਤਾਂ ਦਾ ਜਾਇਜ਼ਾ ਲਿਆ ਤੇ ਇਹ ਜਾਣਕਾਰੀ ਕਾਰਜਸਾਧਕ ਅਧਿਕਾਰੀ ਬਲਜਿੰਦਰ ਸਿੰਘ ਨੂੰ ਦਿੱਤੀ।ਨਗਰ ਕੌਂਸਲ ਪ੍ਰਧਾਨ ਰਣਵੀਰ ਸਿੰਘ ਨੇ ਦੱਸਿਆ ਕਿ ਚੋਰੀ ਦੀ ਸੂਚਨਾ ਸਿਟੀ ਪੁਲਸ ਨੂੰ ਦਿੱਤੀ ਗਈ, ਜਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਪੁਲਸ ਮੁਤਾਬਕ ਆਸ-ਪਾਸ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਚੈੱਕ ਕੀਤੀਆਂ ਜਾ ਰਹੀਆਂ ਹਨ ਤੇ ਜਲਦੀ ਹੀ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

## ਮਨਜਿੰਦਰ ਸਿੰਘ ਦਾ ਜਾਗਦੇ ਰਹੋ ਕਲੱਬ ਵੱਲੋਂ ਸਨਮਾਨ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ 16 ਡੀ ਚੰਡੀਗੜ੍ਹ ਦੇ ਹੋਣਹਾਰ ਵਿਦਿਆਰਥੀ ਮਨਜਿੰਦਰ ਸਿੰਘ ਸਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਕਰਨਪੁਰ ਜ਼ਿਲ੍ਹਾ ਪਟਿਆਲਾ ਦਾ ਜਾਗਦੇ ਰਹੋ ਕਲੱਬ, ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਸੇਵਕ ਜੱਥਾ ਡੇਰਾਬੱਸੀ ਤੇ ਜਾਗਰੂਕਤਾ ਲਹਿਰ ਸੋਸ਼ਲ ਵੈੱਲਫੇਅਰ ਸੁਸਾਇਟੀ ਭਾਂਖਰਪੁਰ ਵੱਲੋਂ ਸਾਂਝੇ ਤੌਰ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਵਿਦਿਆਰਥੀ ਮਨਜਿੰਦਰ ਸਿੰਘ ਨੇ ਸੀ.ਬੀ.ਐੱਸ.ਈ. ਬੋਰਡ ਤੋਂ ਬਾਰਵੀਂ ਜਮਾਤ ਮੈਡੀਕਲ ਵਿੱਚ 93% ਨੰਬਰ ਲੈ ਕੇ ਸਕੂਲ ਅਤੇ ਆਪਣੇ ਮਾਤਾ-ਪਿਤਾ ਤੇ ਆਪਣੇ ਪਿੰਡ ਕਰਨਪੁਰ ਦਾ ਨਾਮ ਰੌਸ਼ਨ ਕੀਤਾ ਹੈ।ਸਮਾਜ ਸੇਵੀ ਸੰਸਥਾਵਾਂ ਵੱਲੋਂ ਪਰਵਾਰ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਮਨਜਿੰਦਰ ਸਿੰਘ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਇਹੋ ਜਿਹੇ ਬੱਚੇ ਹੀ ਹਮੇਸ਼ਾ ਆਪਣੇ ਮਾਤਾ-ਪਿਤਾ ਤੇ ਦੇਸ਼ ਦਾ ਨਾਮ ਰੌਸ਼ਨ ਕਰਦੇ ਹਨ, ਜਿਸ 'ਤੇ ਹਮੇਸ਼ਾ ਸਕੂਲ ਤੇ ਮਾਤਾ-ਪਿਤਾ ਨੂੰ ਮਾਣ ਪ੍ਰਾਪਤ ਹੁੰਦਾ ਹੈ ਤੇ ਭਵਿੱਖ ਵਿੱਚ ਦੇਸ਼ ਦਾ ਨਾਮ ਵੀ ਰੌਸ਼ਨ ਕਰਦੇ ਹਨ।ਇਸ ਮੌਕੇ ਪਿਤਾ ਬਲਬੀਰ ਸਿੰਘ ਕਰਨਪੁਰ, ਅਰਵਿੰਦਰ ਸਿੰਘ ਖਾਲਸਾ, ਅਰਮਿੰਦਰ ਸਿੰਘ ਆਸ਼ੂ, ਦੀਪਕ ਤੇ ਚਰਨਜੀਤ ਸਿੰਘ ਜਾਗਦੇ ਰਹੋ ਹਾਜ਼ਰ ਸਨ।



ਗੁਰਦੁਆਰਾ ਮੱਲੋ ਸ਼ਹੀਦ ਦੇ ਰਸਤੇ ਨੂੰ ਚੌੜਾ ਕਰਨ ਦੀ ਸ਼ੁਰੂਆਤ ਕਰਦੇ ਹੋਏ ਬਾਬਾ ਜੀਤ ਸਿੰਘ, ਸਮੂਹ ਨਗਰ ਨਿਵਾਸੀਆਂ ਤੇ ਸਮੂਹ ਗ੍ਰਾਮ ਪੰਚਾਇਤ ਅਤੇ ਪੰਚ ਕਰਦੇ ਹੋਏ।(ਫੋਟੋ ਤੇ ਵੇਰਵਾ-ਲਵਲੀ ਮਾਛੀਕੇ)

# ਸੰਵਿਧਾਨ ਬਚਾਓ ਰੈਲੀ ਦੌਰਾਨ ਕਾਂਗਰਸੀਆਂ ਦੀ ਬੇਮਿਸਾਲ ਇਕੱਤਰਤਾ ਨੇ ਸਿਆਸੀ ਸਮੀਕਰਨ ਬਦਲੇ

- ਸੂਬਾ ਸਰਕਾਰ ਤੇ ਮੁੱਖ ਮੰਤਰੀ ਦੀ ਕਮਜ਼ੋਰੀ ਨਾਲ ਭਾਖੜਾ ਡੈਮ ਦਾ ਕੰਟਰੋਲ ਪੰਜਾਬ ਹੱਥੋਂ ਖੁੱਸਿਆ : ਰਾਜਾ ਵੜਿੰਗ
- ਕਾਂਗਰਸ ਦੇ ਸੱਤਾ 'ਚ ਆਉਂਦੇ ਹੀ ਨਾਭਾ ਨੂੰ ਜ਼ਿਲ੍ਹਾ ਬਣਾਇਆ ਜਾਏਗਾ : ਕਾਕਾ ਰਣਦੀਪ, ਧਰਮਸੋਤ



**ਨਾਭਾ (ਵਰਿੰਦਰ ਵਰਮਾ)**-ਹਲਕਾ ਨਾਭਾ ਵਿਖੇ ਕਾਂਗਰਸ ਦੀ ਸੰਵਿਧਾਨ ਬਚਾਓ ਰੈਲੀ ਵਿੱਚ ਕਾਂਗਰਸੀਆਂ ਦੀ ਬੇਮਿਸਾਲ ਇਕੱਤਰਤਾ ਨੇ ਸਿਆਸੀ ਸਮੀਕਰਨ ਬਦਲ ਦਿੱਤੇ।ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਤੇ ਸਾਧੂ ਸਿੰਘ ਧਰਮਸੋਤ ਦੀ ਅਗਵਾਈ ਹੇਠ ਸ਼ਹਿਰੀ ਕਾਂਗਰਸ ਪ੍ਰਧਾਨ ਵਿਵੇਕ ਸਿੰਗਲਾ ਤੇ ਦਿਹਾਤੀ ਪ੍ਰਧਾਨ ਬਲਵਿੰਦਰ ਬਿੱਟੂ ਦੇ ਸਹਿਯੋਗ ਨਾਲ ਸਥਾਨਕ ਨਿੱਜੀ ਪੈਲੇਸ ਵਿਖੇ ਰੱਖੀ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਆਮ ਲੋਕਾਂ ਦੀ ਸਰਕਾਰ ਹੋਣ ਦਾ ਦਾਅਵਾ ਕਰਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਮ ਲੋਕਾਂ ਵਿੱਚ ਆਪਣਾ ਆਧਾਰ ਗੁਆ ਲਿਆ ਹੈ।ਮੌਜੂਦਾ ਸਰਕਾਰ ਦੀ ਜਿੱਥੇ ਕਹਿਣੀ ਤੇ ਕਥਨੀ ਵਿਚਲੇ ਫਰਕ ਦਾ ਨਿੱਤ ਮਜ਼ਾਕ ਉਡ ਰਿਹਾ ਹੈ, ਉੱਥੇ ਨਸ਼ੇ ਦੇ ਕਾਰੋਬਾਰ ਨੂੰ ਕਾਬੂ ਕਰਨ ਦੀ ਬਜਾਏ ਆਮ ਲੋਕਾਂ ਨੂੰ ਵਰਗਲਾਉਣ ਦੀਆਂ ਕਥਿਤ ਕਾਰਵਾਈਆਂ ਨੇ ਮੌਜੂਦਾ ਸਰਕਾਰ ਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਆਰਐੱਸਐੱਸ ਨੇ ਆਜ਼ਾਦੀ ਤੋਂ ਹੁਣ ਤੱਕ ਭਾਰਤੀ ਸੰਵਿਧਾਨ ਨੂੰ ਨਹੀਂ ਮੰਨਿਆ ਤੇ 51 ਸਾਲ ਤੱਕ ਦੇਸ਼ ਦਾ ਤਿਰੰਗਾ ਨਹੀਂ ਲਹਿਰਾਇਆ, ਜਦਕਿ ਬਾਬਾ ਸਾਹਿਬ ਦੇ ਬਣਾਏ ਸੰਵਿਧਾਨ ਨੇ ਦੇਸ਼ ਦੇ ਉਸ ਦੱਬੇ ਕੁਚਲੇ ਵਰਗਾਂ ਨੂੰ ਵਿਕਾਸਸ਼ੀਲ ਬਣਾਇਆ, ਜਿਸ ਦੇ ਵਿਕਾਸ ਤੋਂ ਮੌਜੂਦਾ ਸਰਕਾਰ ਨੇ ਮੂੰਹ ਮੋੜ ਰੱਖਿਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਦੀ ਕਮਜ਼ੋਰੀ ਨੇ ਭਾਖੜਾ ਡੈਮ ਤੋਂ ਪੰਜਾਬ ਦਾ ਕੰਟਰੋਲ ਖੋਹ ਲਿਆ ਹੈ।

ਇਸ ਮੌਕੇ ਕਾਂਗਰਸੀਆਂ ਦੀ ਵਿਸ਼ਾਲ ਇਕੱਤਰਤਾ ਬਦਲੇ ਧੰਨਵਾਦ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਤੇ ਸਾਧੂ ਸਿੰਘ ਧਰਮਸੋਤ ਨੇ ਕਿਹਾ ਕਿ ਪੰਜਾਬ ਵਿੱਚ ਆਉਣ ਵਾਲੀ ਸਰਕਾਰ ਕਾਂਗਰਸ ਦੀ ਹੋਵੇਗੀ ਤੇ ਰਿਆਸਤੀ ਹਲਕਾ ਨਾਭਾ ਨੂੰ ਜ਼ਿਲ੍ਹਾ ਬਣਾਇਆ ਜਾਏਗਾ।ਉਨ੍ਹਾਂ ਕਿਹਾ ਕਿ ਮੌਜੂਦਾ ਆਪ ਸਰਕਾਰ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ ਤੇ ਸੂਬੇ ਦੇ ਵਿਕਾਸ ਨੂੰ ਹਾਸ਼ੀਏ 'ਤੇ ਧਕ ਦਿੱਤਾ ਹੈ, ਜਿਸ ਕਾਰਨ ਆਮ ਆਦਮੀ ਦਾ ਭਰੋਸਾ ਮੌਜੂਦਾ ਸਰਕਾਰ ਤੋਂ ਉੱਠ ਗਿਆ ਹੈ।ਉਨ੍ਹਾ ਕਿਹਾ ਕਿ ਹਲਕਾ ਨਾਭਾ ਨੇ ਰਿਆਸਤ ਨੇ ਦੇਸ਼ ਦੀ ਆਜ਼ਾਦੀ ਵਿੱਚ ਬੇਮਿਸਾਲ ਯੋਗਦਾਨ ਪਾਇਆ ਤੇ ਖੇਤੀਬਾੜੀ ਸੰਦਾ ਦੇ ਨਿਰਮਾਣ ਵਿੱਚ ਨਾਮਨਾ ਖੱਟਿਆ, ਪ੍ਰੰਤੂ ਸਮੇਂ ਦੀਆਂ ਸਰਕਾਰਾਂ ਨੇ ਹਲਕਾ ਨਾਭਾ ਨੂੰ ਬਣਦਾ ਸਤਿਕਾਰ ਤੇ ਵਿਕਾਸ ਨਹੀਂ ਹੋਣ ਦਿੱਤਾ।ਦੋਨੋਂ ਸਾਬਕਾ ਕੈਬਨਿਟ ਮੰਤਰੀਆਂ ਨੇ ਵਾਅਦਾ ਕੀਤਾ ਕਿ ਆਗਾਮੀ ਸਮੇਂ ਵਿੱਚ ਕਾਂਗਰਸ ਦੇ ਸੱਤਾ 'ਚ ਆਉਂਦੇ ਹੀ ਹਲਕਾ ਨਾਭਾ ਨੂੰ ਬਣਦਾ ਹੱਕ ਦੇ ਕੇ ਪੰਜਾਬ ਦੀ ਸਭ ਤੋਂ ਸੁੰਦਰ ਰਿਆਸਤ ਬਣਾਉਣ ਨਾਲ ਜ਼ਿਲ੍ਹਾ ਵੀ ਬਣਾਇਆ ਜਾਵੇਗਾ। ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕਿਹਾ ਕਿ ਮੌਜੂਦਾ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਨੇ ਕਾਂਗਰਸੀਆਂ ਦੇ ਹੌਸਲੇ ਬੁਲੰਦ ਕੀਤੇ ਹਨ ਤੇ ਕਾਂਗਰਸ ਨੂੰ ਇਕਜੁੱਟ ਕੀਤਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਨਰਿੰਦਰ, ਟਕਸਾਲੀ ਕਾਂਗਰਸੀ ਸੂਰਜ ਭਾਨ ਸਿੰਗਲਾ, ਸਾਬਕਾ ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਜਤਿੰਦਰ ਜੱਤੀ, ਸਵਰਨਕਾਰ ਸੰਘ ਪ੍ਰਧਾਨ ਹਰੀ ਸੇਠ, ਸਾਬਕਾ ਕੌਂਸਲ ਪ੍ਰਧਾਨ ਨਰਿੰਦਰਜੀਤ ਸਿੰਘ ਭਾਟੀਆ, ਸਾਬਕਾ ਮੀਤ ਪ੍ਰਧਾਨ ਪੰਜਾਬ ਬੰਨੀ ਖਹਿਰਾ, ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਯੂਥ ਪ੍ਰਧਾਨ ਪੰਜਾਬ ਮੋਹਿਤ ਮੋਹਿੰਦਰਾ, ਮਹਿਲਾ ਕਾਂਗਰਸ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਜੀਤ ਸਿੰਘ ਰਾਜਗੜ੍ਹ, ਸਾਬਕਾ ਚੇਅਰਮੈਨ ਜਗਜੀਤ ਸਿੰਘ ਦੁਲੱਦੀ, ਮਹਿਲਾ ਕਾਂਗਰਸ ਪ੍ਰਧਾਨ ਕਮਲੇਸ਼ ਕੌਰ ਗਿੱਲ ਆਦਿ ਨੇ ਵੀ ਸੰਬੋਧਨ ਕੀਤਾ।

# ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਵਾਲੀ ਸਕੀਮ ਦੀ ਨਿਕਲੀ ਫੂਕ !

### ਸਰਕਾਰੀ ਸੀਨੀ. ਸੈਕੰ. ਸਕੂਲ 'ਚ ਪੱਖਿਆਂ ਤੋਂ ਬਿਨਾਂ ਪੜ੍ਹਦੇ ਨੇ ਬੱਚੇ, ਜਨਰੇਟਰ ਹੋਇਆ ਕਬਾੜ, ਸਕੂਲ 'ਚ ਹਰ ਪਾਸੇ ਫੈਲੀ ਗੰਦਗੀ



**ਸਮਾਣਾ (ਇਕਬਾਲ ਸਿੰਘ ਬੱਲ)**-ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਵਾਲੀ ਸਕੀਮ ਦੀ ਉਸ ਵੇਲੇ ਫੂਕ ਨਿਕਲ ਗਈ, ਜਦੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਵਿਖੇ ਅੱਤ ਦੀ ਗਰਮੀ ਵਿੱਚ ਬੱਚੇ ਬਿਨਾਂ ਪੱਖਿਆਂ ਤੋਂ ਪੜ੍ਹਾਈ ਕਰਦੇ ਵੇਖੇ ਗਏ, ਜਿੱਥੇ ਸਕੂਲ ਦਾ ਜੈਨਰੇਟਰ ਵੀ ਖਰਾਬ ਪਿਆ ਨਜ਼ਰ ਆਇਆ, ਜਿਵੇਂ ਕਬਾੜ ਹੋਵੇ।ਪੱਖੇ ਵੀ ਛੱਤਾਂ ਨਾਲ ਟੇਢੇ ਮੇਢੇ ਲਟਕਦੇ ਨਜ਼ਰ ਆਏ, ਕੁਝ ਪੱਖਿਆਂ ਦੇ ਫਰ ਮੁੜੇ ਹੋਏ ਸਨ ਤੇ ਕੁਝ ਪੱਖਿਆਂ ਨੂੰ ਬਿਜਲੀ ਦੀਆਂ ਤਾਰਾਂ ਦਾ ਕਨੈਕਸ਼ਨ ਹੀ ਨਹੀਂ ਸੀ।ਮਿੱਡ ਡੇ ਮੀਲ ਸਕੀਮ ਦੇ ਰਾਸ਼ਨ ਵਿੱਚ ਸੁਸਰੀ ਪਈ ਹੋਈ ਸੀ ਤੇ ਹਰ ਰੋਜ਼ ਮਿੱਡ ਡੇ ਮੀਲ ਦਾ ਖਾਣਾ ਵੀ ਬਹੁਤ ਸਾਰਾ ਵੇਸਟ ਹੁੰਦਾ ਹੈ। ਜਦੋਂ ਇਸ ਸਬੰਧੀ ਸਕੂਲ ਦੀ ਪ੍ਰਿੰਸੀਪਲ ਪਾਸੋਂ ਪੱਤਰਕਾਰਾਂ ਨੇ ਇਹ ਜਾਨਣਾ ਚਾਹਿਆ ਕਿ ਸਕੂਲ ਵਿੱਚ ਬੱਚਿਆਂ ਦੀਆਂ ਕਲਾਸਾਂ ਵਿੱਚ ਪੱਖੇ ਕਿਉਂ ਨਹੀਂ ਚੱਲ ਰਹੇ ਤਾਂ ਪ੍ਰਿੰਸੀਪਲ ਨੇ ਕੋਈ ਜਵਾਬ ਦੇਣਾ ਵਾਜਿਬ ਨਹੀਂ ਸਮਝਿਆ ਤੇ ਨਾ ਹੀ ਕਿਸੇ ਟੀਵੀ ਰਿਪੋਰਟ ਨੂੰ ਬਾਇਟ ਦੇ ਕੇ ਆਪਣਾ ਪੱਖ ਦੱਸਣਾ ਚਾਹਿਆ, ਜਦੋ ਕਿ ਪੰਜਾਬ ਸਰਕਾਰ ਦਾ ਪੂਰਾ ਜ਼ੋਰ ਸਿੱਖਿਆ ਕ੍ਰਾਂਤੀ ਵਾਲੇ ਪਾਸੇ ਲੱਗਿਆ ਹੋਇਆ ਹੈ ਕਿ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਲੈ ਕੇ ਆਉਣਾ ਹੈ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਨਾਲੋਂ ਹੁਸ਼ਿਆਰ ਹੋਵਣ ਤੇ ਉਨ੍ਹਾਂ ਤੋਂ ਵੱਧ ਨੰਬਰ ਪ੍ਰਾਪਤ ਕਰਨ, ਪ੍ਰੰਤੂ ਜਿੱਥੇ ਜਿਸ ਸਕੂਲ ਵਿੱਚ ਮੁਢਲੀਆਂ ਸਹੂਲਤਾਂ ਹੀ ਨਹੀਂ ਹੋਣਗੀਆਂ, ਉਥੇ ਬੱਚੇ ਕਿਸ ਤਰ੍ਹਾਂ ਪੜ੍ਹਾਈ ਕਰਕੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਨਾਲ ਮੁਕਾਬਲਾ ਕਰ ਸਕਣਗੇ।

ਬਹੁਤੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੇ ਪੀਣ ਲਈ ਸਾਫ ਪਾਣੀ ਦਾ ਪ੍ਰਬੰਧ ਨਹੀਂ ਹੈ, ਆਰ ਓ ਸਿਸਟਮ ਸਕੂਲਾਂ ਵਿੱਚ ਨਹੀਂ ਲੱਗੇ ਹੋਏ ਤੇ ਅੱਤ ਦੀ ਗਰਮੀ 'ਚ ਬੱਚੇ ਬਿਨਾਂ ਪੱਖਿਆਂ ਤੋਂ ਕਿਵੇਂ ਪੜ੍ਹਾਈ ਕਰ ਸਕਣਗੇ? ਸਕੂਲ 'ਚ ਹਰ ਪਾਸੇ ਗੰਦਗੀ ਫੈਲੀ ਨਜ਼ਰ ਆ ਰਹੀ ਹੈ।ਬਹੁਤੇ ਸਕੂਲੀ ਬੱਚਿਆਂ ਦੇ ਮਾਪਿਆਂ ਨੇ ਆਪਣਾ ਨਾਮ ਅਖਬਾਰ ਵਿੱਚ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਅਜਿਹੇ ਪ੍ਰਿੰਸੀਪਲ ਨੂੰ ਸਕੂਲ ਵਿੱਚੋਂ ਬਦਲ ਦਿੱਤਾ ਜਾਣਾ ਚਾਹੀਦਾ ਹੈ, ਜੋ ਸਕੂਲ ਤੇ ਸਕੂਲ ਦੇ ਬੱਚਿਆਂ ਵੱਲ ਧਿਆਨ ਨਾ ਦੇਵੇ।ਬੱਚਿਆਂ ਦੇ ਮਾਪਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ ਨੂੰ ਪੂਰੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਪ੍ਰੰਤੂ ਸਕੂਲ ਪ੍ਰਬੰਧਕ ਸਕੂਲੀ ਬੱਚਿਆਂ ਨੂੰ ਉਨ੍ਹਾਂ ਸਹੂਲਤਾਂ ਤੋਂ ਵਾਂਝੇ ਰੱਖ ਰਹੇ ਹਨ।

# ਮਿਹਨਤ 'ਚ ਹੀ ਛੁਪੀ ਹੋਈ ਹੈ ਤਰੱਕੀ : ਡੀ ਆਈ ਜੀ ਹਰਜੀਤ ਸਿੰਘ

- ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਦਾ ਕੀਤਾ ਸਨਮਾਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਇਨਸਾਨ ਜੇਕਰ ਮਿਹਨਤ ਦਾ ਲੜ ਨਹੀਂ ਛੱਡਦਾ ਤਾਂ ਉਸ ਦੀ ਤਰੱਕੀ ਹੋਣ ਤੋਂ ਕੋਈ ਵੀ ਨਹੀਂ ਰੋਕ ਸਕਦਾ, ਕਿਉਂਕਿ ਮਿਹਨਤ ਵਿੱਚ ਹੀ ਤਰੱਕੀ ਛੁਪੀ ਹੋਈ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਡੀ ਆਈ ਜੀ ਬਠਿੰਡਾ ਰੇਂਜ ਸ੍ਰ. ਹਰਜੀਤ ਸਿੰਘ ਨੇ ਸਥਾਨਕ ਪੁਲਸ ਪਬਲਿਕ ਸਕੂਲ ਵਿਖੇ ਮੈਰਿਟ 'ਚ ਆਉਣ ਵਾਲੇ 10ਵੀਂ ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਮੌਕੇ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਸਕੂਲ ਦੇ ਪ੍ਰਿੰਸੀਪਲ ਮੈਡਮ ਮੋਨਿਕਾ ਸਿੰਘ, ਐੱਸ ਪੀ ਹੈੱਡਕੁਆਰਟਰ ਸ੍ਰੀ ਜਗਦੀਸ਼ ਕੁਮਾਰ ਤੇ ਡੀਐੱਸਪੀ ਸ੍ਰੀ ਸੰਜੀਵ ਮਿੱਤਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਮਾਗਮ ਮੌਕੇ ਡੀਆਈਜੀ ਬਠਿੰਡਾ ਰੇਂਜ ਸ੍ਰ. ਹਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਸਖਤ ਮਿਹਨਤ ਕਰਨ ਦੀ ਲੋੜ ਹੈ ਤਾਂ ਹੀ ਉੱਚ ਅਹੁਦਿਆਂ 'ਤੇ ਪਹੁੰਚਿਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਸਕੂਲ ਗਿਆਨ ਦਾ ਮੰਦਰ ਹੈ, ਜਿੱਥੇ ਗਿਆਨ ਦਾ ਪਸਾਰ ਹੁੰਦਾ ਹੈ ਤੇ ਇਨਸਾਨ ਦੇ ਸਰਬਪੱਖੀ ਗੁਣਾਂ ਨੂੰ ਵਿਕਸਤ ਕਰਦਾ ਹੈ।ਇਸ ਤੋਂ ਪਹਿਲਾਂ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਰਸਵਤੀ ਬੰਦਨਾ, ਸਵਾਗਤੀ ਗੀਤ, ਗਰੁੱਪ ਗੀਤ ਤੋਂ ਇਲਾਵਾ ਹੋਰ ਵੱਖ-ਵੱਖ ਤਰ੍ਹਾਂ ਦੀਆਂ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਗਈਆਂ।ਪ੍ਰੋਗਰਾਮ ਦੌਰਾਨ ਸਾਰੇ ਸਦਨਾਂ ਦੇ ਕਪਤਾਨਾਂ ਨੂੰ ਆਪਣੇ ਫਰਜ਼ ਬਾਖੂਬੀ ਨਿਭਾਉਣ ਦੀ ਸਹੁੰ ਵੀ ਚੁਕਾਈ ਗਈ।ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਮੋਨਿਕਾ ਸਿੰਘ ਵੱਲੋਂ ਮੁੱਖ ਮਹਿਮਾਨ ਤੇ ਬਾਹਰੋਂ ਆਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ।ਇਸ ਤੋਂ ਇਲਾਵਾ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਇਸ ਸਫਲਤਾ 'ਤੇ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਇਸੇ ਤਰ੍ਹਾਂ ਸਖਤ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।

## ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਪਾਤੜਾਂ ਪੁਲਸ ਨੇ ਨਸ਼ੀਲੀਆਂ ਗੋਲੀਆਂ ਸਮੇਤ ਇੱਕ ਵਿਅਕਤੀ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਪੁਲਸ ਵੱਲੋਂ ਫੜੇ ਗਏ ਵਿਅਕਤੀ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਜਾਣਕਾਰੀ ਦਿੰਦਿਆਂ ਸਿਟੀ ਪੁਲਸ ਚੌਕੀ ਦੇ ਇੰਚਾਰਜ ਸਬ ਇੰਸਪੈਕਟਰ ਕੁਲਦੀਪ ਸਿੰਘ ਨੇ ਦੱਸਿਆ ਕਿ ਮੁੱਖਬਰ ਵੱਲੋਂ ਮਿਲੀ ਸੂਚਨਾ ਦੇ ਅਧਾਰ 'ਤੇ ਤੁਰੰਤ ਛਾਪੇਮਾਰੀ ਕਰਕੇ ਉਕਤ ਵਿਅਕਤੀ ਨੂੰ 170 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰ ਲਿਆ ਗਿਆ।ਉਨ੍ਹਾਂ ਦੱਸਿਆ ਕਿ ਫੜੇ ਗਏ ਵਿਅਕਤੀ ਦੀ ਪਹਿਚਾਣ ਰਮਨਜੀਤ ਸਿੰਘ ਉਰਫ ਰੰਮੀ ਵਾਸੀ ਸੁੰਦਰ ਬਸਤੀ ਪਾਤੜਾਂ ਵਜੋਂ ਹੋਈ, ਜਿਸ ਖਿਲਾਫ ਪੁਲਸ ਨੇ ਨਸ਼ਾ ਵਿਰੋਧੀ ਧਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।

## ਪਸ਼ੂਆਂ 'ਚ ਮੂੰਹ-ਖੁਰ ਬਿਮਾਰੀ ਦੀ ਰੋਕਥਾਮ ਲਈ ਟੀਕਾਕਰਨ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹਾ ਐਨੀਮਲ ਵੈੱਲਫੇਅਰ ਸੋਸਾਇਟੀ (ਕੈਟਲ ਪਾਉਂਡ) ਸਲੇਮ ਸ਼ਾਹ ਦੇ ਇੰਚਾਰਜ ਸੋਨੂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਸ਼ੂਆਂ ਨੂੰ ਮੂੰਹ-ਖੁਰ ਦੀ ਬਿਮਾਰੀ ਦੇ ਇਲਾਜ ਲਈ ਸਲੇਮ ਸ਼ਾਹ ਵਿਖੇ ਪਸ਼ੂਆਂ ਦਾ ਟੀਕਾਕਰਨ ਕੀਤਾ ਗਿਆ।ਇਸ ਅਭਿਆਨ ਦੀ ਸ਼ੁਰੂਆਤ ਵੈਟਨਰੀ ਅਫ਼ਸਰ ਡਾ. ਦੇਵਯਾਂਸ਼ ਗਿਲਹੋਤਰਾ ਨੇ ਕੀਤੀ। ਇਸ ਮੌਕੇ ਇੰਚਾਰਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਐਨੀਮਲ ਵੈੱਲਫੇਅਰ ਸੋਸਾਇਟੀ (ਕੈਟਲ ਪਾਉਂਡ) ਸਲੇਮ ਸ਼ਾਹ ਵਿੱਚ 1200 ਗੌਵੰਸ਼ ਨੂੰ ਮੂੰਹ ਖੁਰ ਦਾ ਟੀਕਾਕਰਨ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪਸ਼ੂਆਂ ਨੂੰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚਾਉਣ ਲਈ ਟੀਕਾ ਕਰਨ ਕਰਾਇਆ ਗਿਆ ਹੈ। ਇਸ ਮੌਕੇ ਰਾਕੇਸ਼ ਕੰਬੋਜ, ਸੁਰਿੰਦਰ ਕੰਬੋਜ ਵੀ ਆਈ, ਸੁਨੀਲ ਸਿੰਘ, ਅਮਨ ਕੰਬੋਜ, ਸੁਖਵਿੰਦਰ ਸਿੰਘ, ਸੁੱਖਾ ਸਿੰਘ ਤੇ ਹੋਰ ਸਟਾਫ ਮਜੂਦ ਸੀ।

# ਨਸ਼ਾ ਮੁਕਤੀ ਯਾਤਰਾ ਤਹਿਤ ਸਮਾਗਮਾਂ 'ਚ ਵਿਧਾਇਕ ਸੇਖੋਂ ਨੇ ਕੀਤੀ ਸ਼ਿਰਕਤ

### ਨਸ਼ਿਆਂ ਦੀ ਦਲਦਲ 'ਚ ਫਸੇ ਲੋਕਾਂ ਨੂੰ ਬਾਹਰ ਕੱਢਣ ਲਈ ਸਹਿਯੋਗ ਦੀ ਅਪੀਲ




**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਹਲਕੇ ਦੇ ਪਿੰਡ ਕਾਨਿਆਂ ਵਾਲੀ, ਪਿੰਡੀ ਬਲੋਚਾ ਤੇ ਵੀਰੇਵਾਲਾ ਕਲਾਂ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਕਰਵਾਏ ਗਏ ਸਮਾਗਮਾਂ ਦੌਰਾਨ ਕੀਤਾ।ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਸਬੰਧੀ ਲੋਕਾਂ ਨੂੰ ਜ਼ਮੀਨੀ ਪੱਧਰ 'ਤੇ ਜਾਗਰੂਕ ਕਰਨ ਲਈ ਹਰ ਪਿੰਡ, ਕਸਬੇ ਤੇ ਸ਼ਹਿਰ ਵਿੱਚ ਨਸ਼ਿਆਂ ਦੇ ਮੁਕੰਮਲ ਖਾਤਮੇ ਦਾ ਸੁਨੇਹਾ ਪਹੁੰਚਾਉਣ ਲਈ ਨਸ਼ਾ ਮੁਕਤੀ ਯਾਤਰਾ ਸ਼ੁਰੂ ਕੀਤੀ ਗਈ ਹੈ।

ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਵਿਰੁੱਧ ਗੰਭੀਰ ਹੈ ਤੇ ਇਸ ਮੁਹਿੰਮ ਨੂੰ ਪੂਰੀ ਵਚਨਬੱਧਤਾ ਨਾਲ ਅੱਗੇ ਵਧਾ ਰਹੀ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਲਈ ਆਪ ਸਭ ਦੇ ਸਹਿਯੋਗ ਦੀ ਬਹੁਤ ਜ਼ਰੂਰਤ ਹੈ।ਇਸ ਮੌਕੇ ਉਨ੍ਹਾਂ ਪੰਚਾਇਤਾਂ, ਪੇਂਡੂ ਡਿਫੈਂਸ ਕਮੇਟੀਆਂ, ਯੂਥ ਕਲੱਬਾਂ ਦੇ ਨੁਮਾਇੰਦਿਆਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਫਸੇ ਲੋਕਾਂ ਦੇ ਇਲਾਜ ਤੇ ਪੁਨਰਵਾਸ ਲਈ ਸਹਿਯੋਗ ਦੀ ਅਪੀਲ ਵੀ ਕੀਤੀ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰਾਂ ਵਿੱਚ ਮੁਕੰਮਲ ਪ੍ਰਬੰਧ ਕੀਤੇ ਗਏ ਹਨ ਅਤੇ ਮਰੀਜ਼ਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ।ਇਸ ਉਪਰੰਤ ਵਿਧਾਇਕ ਨੇ ਲੋਕਾਂ ਨੂੰ ਆਪਣੇ ਪਿੰਡਾਂ ਵਿੱਚ ਨਸ਼ਾ ਨਾ ਵਿਕਣ ਦੇਣ ਤੇ ਨਸ਼ਿਆਂ ਦੇ ਖਾਤਮੇ ਲਈ ਸਹਿਯੋਗ ਦੇਣ ਦੀ ਸਹੁੰ ਵੀ ਚੁਕਾਈ।

ਇਸ ਮੌਕੇ ਗਗਨਦੀਪ ਸਿੰਘ ਚੇਅਰਮੈਨ ਇੰਪਰੂਵਮੈਂਟ ਟਰੱਸਟ ਫ਼ਰੀਦਕੋਟ, ਉੱਤਮ ਸਿੰਘ ਡੋਡ ਹਲਕਾ ਕੋਆਡੀਨੇਟਰ, ਸਿਵਲ ਸਰਜਨ ਡਾਕਟਰ ਚੰਦਰ ਸ਼ੇਖਰ ਕੱਕੜ, ਡਾਕਟਰ ਰਾਜੀਵ ਕੁਮਾਰ ਭੰਡਾਰੀ ਐੱਸ ਐੱਮ ਓ ਜੰਡ ਸਾਹਿਬ, ਨੱਥਾ ਸਿੰਘ ਭੁੱਲਰ ਬੀ ਡੀ ਓ, ਐੱਮ ਓ ਡਾ. ਪਰਮਜੀਤ ਕੌਰ, ਨਵਦੀਪ ਸਿੰਘ ਭੱਟੀ ਐੱਸ ਐੱਚ ਓ ਸਾਦਿਕ ਤੋਂ ਇਲਾਵਾ ਪਿੰਡਾਂ ਦੇ ਤੇ ਪਿੰਡ ਵਾਸੀ ਹਾਜ਼ਰ ਸਨ।

# ਪੀਰ ਫਰਾਂਸ ਵਾਲਾ ਦੀ ਸਮਾਧ 'ਤੇ ਲੱਗਿਆ ਸਾਲਾਨਾ ਮੇਲਾ

- ਇੱਕ ਪਿੰਡ ਓਪਨ ਦੀ ਟੀਮ 'ਚ ਕੈਥਲ ਤੇ ਲੜਕੀਆਂ ਦੇ ਕਬੱਡੀ ਮੈਚਾਂ 'ਚ ਬਠਿੰਡਾ ਜੇਤੂ
- ਵੱਡੀ ਪੱਧਰ 'ਤੇ ਵਲੰਟੀਅਰਾਂ ਵੱਲੋਂ ਖ਼ੂਨ ਦਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਇਲਾਕੇ ਵਿੱਚ ਵੱਡੀ ਧਾਰਮਿਕ ਮਾਨਤਾ ਰੱਖਣ ਵਾਲੇ ਪੀਰ ਬਾਬਾ ਫਰਾਂਸ ਵਾਲਾ ਪਿੰਡ ਹੀਰਾ ਨਗਰ ਡਰੌਲੀ ਦੀ ਦਰਗਾਹ ਉੱਤੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਤਿੰਨ ਰੋਜ਼ਾ 23ਵਾਂ ਵਿਸ਼ਾਲ ਮੇਲਾ ਲੱਗਿਆ।ਮੇਲੇ ਦੌਰਾਨ ਤਿੰਨੇ ਦਿਨ ਆਸ-ਪਾਸ ਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਦਰਗਾਹ 'ਤੇ ਹਾਜ਼ਰੀ ਭਰ ਕੇ ਪੀਰ ਬਾਬਾ ਦਾ ਆਸ਼ੀਰਵਾਦ ਹਾਸਲ ਕੀਤਾ। ਪੀਰ ਬਾਬਾ ਫਰਾਂਸ ਵਾਲਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਦਰਗਾਹ 'ਤੇ ਚਾਦਰ ਚੜ੍ਹਾ ਕੇ ਸਿਜਦਾ ਕੀਤਾ ਗਿਆ।ਇਸ ਦੌਰਾਨ ਵਿਸ਼ਾਲ ਖ਼ੂਨਦਾਨ ਕੈਂਪ ਵੀ ਲਾਇਆ ਗਿਆ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਖ਼ੂਨਦਾਨੀਆਂ ਨੇ ਖ਼ੂਨ ਦਾਨ ਕਰਕੇ ਸਮਾਜ ਸੇਵਾ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾਇਆ।ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਕਰਵਾਏ ਗਏ ਕਬੱਡੀ ਟੂਰਨਾਮੈਂਟ ਵੱਡੀ ਗਿਣਤੀ ਵਿੱਚ ਕਬੱਡੀ ਦੀਆਂ ਟੀਮਾਂ ਨੇ ਹਿੱਸਾ ਲਿਆ। ਜਾਣਕਾਰੀ ਦਿੰਦਿਆਂ ਕਬੱਡੀ ਕੋਚ ਪ੍ਰੀਤ ਬਣਵਾਲਾ, ਗੁਰਜੀਤ ਸਿੰਘ ਪਾਲੀ ਤੇ ਨਾਜਰ ਸਿੰਘ ਮਾਹੀ ਨੇ ਦੱਸਿਆ ਕਿ ਟੂਰਨਾਮੈਂਟ ਵਿੱਚ 25 ਦੇ ਕਰੀਬ ਇੱਕ ਪਿੰਡ ਓਪਨ ਦੀਆਂ ਟੀਮਾਂ ਨੇ ਹਿੱਸਾ ਲਿਆ, ਜਿਸ 'ਚ ਪਹਿਲੇ ਨੰਬਰ 'ਤੇ ਬਿਓਰਾ ਕੈਥਲ ਦੀ ਟੀਮ ਰਹੀ ਤੇ ਦੂਸਰਾ ਸਥਾਨ ਕਕਰਾਲਾ ਦੀ ਟੀਮ ਨੇ ਹਾਸਲ ਕੀਤਾ।ਲੜਕੀਆਂ ਵਿੱਚ 10 ਦੇ ਕਰੀਬ ਟੀਮਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਬੁਰਜਾ ਹਮੀਰ ਐੱਨ ਆਰ ਆਈ ਕਲੱਬ ਬਠਿੰਡਾ ਨੇ ਪਹਿਲਾ ਤੇ ਕੇ ਜੀ ਐੱਫ ਕਬੱਡੀ ਕਲੱਬ ਬਠਿੰਡਾ ਨੇ ਦੂਸਰਾ ਸਥਾਨ ਹਾਸਲ ਕੀਤਾ।53 ਕਿੱਲੋ ਦੇ ਮੁਕਾਬਲਿਆਂ ਵਿੱਚੋਂ ਸੰਦੋਹਾ ਮੋਗਾ ਦੀ ਟੀਮ ਨੇ ਬਾਜ਼ੀ ਮਾਰੀ ਤੇ 35 ਕਿੱਲੋ ਦੇ ਮੁਕਾਬਲਿਆਂ 'ਚ ਤੰਬੂਵਾਲਾ ਦੀ ਟੀਮ ਨੇ ਬਾਜ਼ੀ ਮਾਰੀ।ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਐਥਲੈਟਿਕ ਕੋਚ ਵਿਕਰਮਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਫੁੱਟਬਾਲ ਕੋਚ ਬਣਵਾਲਾ ਤੇ ਸਟੇਟ ਪੱਧਰੀ ਫੁੱਟਬਾਲ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਦੌਰਾਨ ਬੂਟਾ ਸਿੰਘ ਸਰਪੰਚ ਬਣਵਾਲਾ, ਜੁਗਰਾਜ ਸਿੰਘ ਆਪ ਆਗੂ, ਜਗਸੀਰ ਸਿੰਘ ਸਰਪੰਚ ਤੰਬੂਵਾਲਾ, ਗੁਰਜੀਤ ਸਿੰਘ ਮੱਲੀ ਸਰਪੰਚ ਹੀਰਾ ਨਗਰ ਡਰੌਲੀ, ਦੇਸ ਰਾਜ ਸਰਪੰਚ ਦੁਤਾਲ, ਵਿਕਰਮਜੀਤ ਸਿੰਘ ਸਰਪੰਚ ਡਰੌਲੀ, ਸੁੱਖਾ ਸਿੰਘ ਰਾੜਾ ਸਾਬਕਾ ਸਰਪੰਚ ਡਰੌਲੀ ਆਦਿ ਨੇ ਜੇਤੂ ਟੀਮਾਂ ਨੂੰ ਵਿਸ਼ੇਸ਼ ਤੌਰ 'ਤੇ ਟਰਾਫ਼ੀਆਂ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚਰਨਜੀਤ ਕੌਰ ਧੂੜੀਆਂ ਕਿਸਾਨ ਆਗੂ, ਗੁਰਤੇਜ ਸਿੰਘ, ਗੁਰਦਰਸ਼ਨ ਸਿੰਘ ਸਾਬਕਾ ਸਰਪੰਚ ਬਣਵਾਲਾ, ਮਾਘ ਸਿੰਘ ਕਿਸਾਨ ਆਗੂ, ਦਲਬੀਰ ਸਿੰਘ ਲੰਬਰਦਾਰ ਬਣਵਾਲਾ ਤੇ ਸ਼ਿਵ ਕੁਮਾਰ ਆਦਿ ਹਾਜ਼ਰ ਸਨ।

## ਡੀ ਏ ਵੀ ਸਕੂਲ 'ਚ ਟ੍ਰੈਫਿਕ ਜਾਗਰੂਕਤਾ ਕੈਂਪ ਲਗਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਡੀ ਏ ਵੀ ਪਬਲਿਕ ਸਕੂਲ ਦੇ ਵਿਹੜੇ ਵਿੱਚ ਟ੍ਰੈਫਿਕ ਪੁਲਸ ਵੱਲੋਂ ਬੱਚਿਆਂ ਤੇ ਅਧਿਆਪਕਾਂ ਵਿੱਚ ਸੜਕ ਦੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ।ਪ੍ਰੋਗਰਾਮ ਵਿੱਚ ਟ੍ਰੈਫਿਕ ਇੰਚਾਰਜ ਸ. ਗੁਰਬਚਨ ਸਿੰਘ ਤੇ ਟ੍ਰੈਫਿਕ ਮਾਰਸ਼ਲ ਦੀਪਕ ਚਾਵਲਾ ਨੇ ਵਿਦਿਆਰਥੀਆਂ ਨੂੰ ਨਵੇਂ ਸੜਕ ਸੁਰੱਖਿਆ ਕਾਨੂੰਨ ਤੇ ਨਸ਼ਾ ਮੁਕਤ ਰਹਿਣ ਬਾਰੇ ਜਾਣਕਾਰੀ ਦਿੱਤੀ।ਟ੍ਰੈਫਿਕ ਇੰਚਾਰਜ ਸ. ਗੁਰਬਚਨ ਸਿੰਘ ਨੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ ਹੋਣ ਵਾਲੇ ਜੁਰਮਾਨੇ ਤੇ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣ, ਬਿਨਾਂ ਹੈਲਮੇਟ ਤੇ ਬਿਨਾਂ ਲਾਇਸੈਂਸ ਦੇ ਗੱਡੀ ਚਲਾਉਣ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ 50 ਸੀ ਸੀ ਤੋਂ ਵੱਧ ਇੰਜਣ ਸਮਰੱਥਾ ਵਾਲਾ ਕੋਈ ਵੀ ਵਾਹਨ ਨਹੀਂ ਚਲਾਉਣਾ ਚਾਹੀਦਾ।ਹੈਲਮੇਟ (ਆਈ ਐੱਸ ਆਈ ਸਟੈਂਡਰਡ) ਪਹਿਨਣਾ ਜ਼ਰੂਰੀ ਹੈ।ਸੱਟ ਲੱਗਣ ਤੋਂ ਬਚਣ ਲਈ ਸੀਟ ਬੈਲਟ (ਡਰਾਈਵਰ ਤੇ ਯਾਤਰੀ ਦੋਵੇਂ) ਪਹਿਨੋ।ਗੱਡੀ ਚਲਾਉਂਦੇ ਸਮੇਂ ਮੋਬਾਈਲ ਫੋਨ ਜਾਂ ਹੋਰ ਗੈਜੇਟਸ ਦੀ ਵਰਤੋਂ ਨਾ ਕਰੋ, ਜੋ ਇਕਾਗਰਤਾ ਨੂੰ ਭੰਗ ਕਰ ਸਕਦੇ ਹਨ।ਸੜਕ 'ਤੇ ਅਣਚਾਹੇ ਹਾਦਸਿਆਂ ਤੋਂ ਬਚਣ ਲਈ ਪੈਦਲ ਚੱਲਣ ਵਾਲਿਆਂ ਦਾ ਧਿਆਨ ਰੱਖਣਾ ਜ਼ਰੂਰੀ ਹੈ।ਸ਼ਰਾਬ ਪੀ ਕੇ ਗੱਡੀ ਚਲਾਉਣ ਨਾਲ ਦੁਰਘਟਨਾ ਦਾ ਖ਼ਤਰਾ ਵੱਧ ਜਾਂਦਾ ਹੈ ਤੇ ਸ਼ਰਾਬ ਪੀ ਕੇ ਗੱਡੀ ਚਲਾਉਣਾ ਕਾਨੂੰਨੀ ਅਪਰਾਧ ਹੈ।ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਤਾਂ ਜੋ ਕੀਮਤੀ ਜਾਨਾਂ ਬਚਾਈਆਂ ਜਾ ਸਕਣ।ਉਪਰੰਤ ਸਕੂਲ ਪ੍ਰਿੰਸੀਪਲ ਅਲਪਨਾ ਪਾਠਕ ਨੇ ਸਾਰੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਟ੍ਰੈਫਿਕ ਇੰਚਾਰਜ ਗੁਰਬਚਨ ਸਿੰਘ, ਟ੍ਰੈਫਿਕ ਮਾਰਸ਼ਲ ਦੀਪਕ ਚਾਵਲਾ, ਕਾਂਸਟੇਬਲ ਨਰਿੰਦਰ ਪਾਲ ਤੇ ਸਮੁੱਚਾ ਸਕੂਲ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

## ਮਾਸ ਮੀਡੀਆ ਟੀਮ ਨੇ ਡੇਂਗੂ ਤੋਂ ਬਚਾਅ ਸੰਬੰਧੀ ਕੀਤਾ ਜਾਗਰੂਕ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਿਵਲ ਸਰਜਨ ਫਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਹਿਮਾਂਸ਼ੂ ਗੁਪਤਾ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਮਾਸ ਮੀਡੀਆ ਟੀਮ ਵੱਲੋਂ ਬੀ ਡੀ ਪੀ ਓ ਦਫ਼ਤਰ ਫਰੀਦਕੋਟ ਵਿਖੇ ਵੱਖ ਵੱਖ ਪਿੰਡਾਂ ਦੀਆਂ ਪੰਚਾਇਤਾਂ ਦੀ ਚੱਲ ਰਹੀ ਟਰੇਨਿੰਗ ਦੌਰਾਨ ਆਏ ਹੋਏ ਨੁਮਾਇੰਦਿਆਂ ਨੂੰ ਸਿਹਤ ਵਿਭਾਗ ਦੀਆਂ ਚੱਲ ਰਹੀਆਂ ਸਕੀਮਾਂ ਤੇ ਡੇਂਗੂ ਤੋਂ ਬਚਾਅ ਸਬੰਧੀ ਸਾਵਧਾਨੀਆਂ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਸੁਧੀਰ ਧੀਰ ਤੇ ਡਿਪਟੀ ਮਾਸ ਮੀਡੀਆ ਅਫਸਰ ਡਾ. ਪ੍ਰਭਦੀਪ ਚਾਵਲਾ ਨੇ ਡੇਂਗੂ ਬੁਖਾਰ ਤੋਂ ਬਚਾਅ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ਼ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ।ਡੇਂਗੂ ਬੁਖਾਰ ਹੋਣ 'ਤੇ ਇਸ ਦੇ ਮੁੱਢਲੇ ਲੱਛਣ ਤੇਜ਼ ਬੁਖਾਰ ਹੋਣਾ, ਸਿਰ ਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਾਸ ਪੇਸ਼ੀਆਂ ਤੇ ਜੋੜਾਂ ਵਿੱਚ ਦਰਦ, ਜੀ ਕੱਚਾ ਹੋਣਾ, ਉਲਟੀਆਂ ਆਉਣਾ ਆਦਿ ਹੋਣ 'ਤੇ ਤੁਰੰਤ ਸਰਕਾਰੀ ਹਸਪਤਾਲ ਵਿੱਚ ਮਾਹਰ ਡਾਕਟਰਾਂ ਤੋਂ ਜਾਂਚ ਕਰਵਾ ਕੇ ਇਲਾਜ ਕਰਵਾਉਣਾ ਚਾਹੀਦਾ ਹੈ। ਡੇਂਗੂ ਬੁਖਾਰ ਤੋਂ ਬਚਾਅ ਲਈ ਕੂਲਰਾਂ, ਗਮਲਿਆਂ ਤੇ ਫਰਿੱਜਾਂ ਦੀਆਂ ਟਰੇਆਂ ਵਿੱਚ ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਚੰਗੀ ਤਰ੍ਹਾਂ ਸੁਕਾ ਕੇ ਸਾਫ ਕਰਨਾ ਚਾਹੀਦਾ ਹੈ।ਛੱਤਾਂ 'ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਕਰਕੇ ਰੱਖਣਾ ਚਾਹੀਦਾ ਹੈ।ਘਰਾਂ ਦੇ ਆਲੇ ਦੁਆਲੇ ਪਾਣੀ ਖੜਾ ਨਹੀਂ ਹੋਣ ਦੇਣਾ ਚਾਹੀਦਾ।ਘਰਾਂ ਜਾਂ ਦਫਤਰਾਂ ਵਿੱਚ ਕੰਮ ਕਰਨ ਸਮੇਂ ਮੱਛਰ ਭਜਾਓ ਕਰੀਮ ਜਾਂ ਤੇਲ ਦੀ ਵਰਤੋਂ ਕਰਨੀ ਚਾਹੀਦੀ ਹੈ।ਇਸ ਮੌਕੇ ਰਿਸੋਰਸ ਪਰਸਨ ਐੱਸ.ਆਈ.ਆਰ.ਡੀ. ਤੇਜਿੰਦਰ ਕੌਰ ਤੇ ਪਵਨ ਕੁਮਾਰੀ ਅਤੇ ਵੱਖ ਵੱਖ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਹਾਜ਼ਰ ਸਨ।

## ਪੁਲਸ ਵੱਲੋਂ ਸ਼ੱਕੀ ਪੁਰਸ਼ਾਂ ਤੇ ਵਾਹਨਾਂ ਦੀ ਜਾਂਚ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਵੱਲੋਂ ਗੜ੍ਹੀ ਤਰਖਾਣਾ ਪੁਲ, ਪ੍ਰਵਾਸੀ ਮਜ਼ਦੂਰਾਂ ਦੀ ਬਸਤੀ ਤੇ ਰਤੀਪੁਰ ਰੋਡ 'ਤੇ ਵਿਸ਼ੇਸ਼ ਨਾਕਾਬੰਦੀ ਕਰ ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਗਈ। ਥਾਣਾ ਮੁਖੀ ਨੇ ਦੱਸਿਆ ਕਿ ਐੱਸ.ਐੱਸ.ਪੀ. ਖੰਨਾ ਡਾ. ਜੋਤੀ ਯਾਦਵ ਦੀਆਂ ਹਦਾਇਤਾਂ ਹਨ ਕਿ ਰੋਜ਼ਾਨਾ ਇਲਾਕੇ ਵਿੱਚ ਅਚਨਚੇਤ ਵਾਹਨਾਂ ਤੇ ਲੋਕਾਂ ਦੀ ਚੈਕਿੰਗ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ਼ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਇਲਾਕੇ ਦੇ ਜਿੰਨੇ ਵੀ ਨਸ਼ਾ ਤਸਕਰ ਹਨ, ਉਨ੍ਹਾਂ ਦੀ ਚੇਨ ਨੂੰ ਤੋੜ ਦਿੱਤਾ ਗਿਆ ਹੈ। ਥਾਣਾ ਮੁਖੀ ਨੇ ਕਿਹਾ ਕਿ ਇਲਾਕੇ ਵਿੱਚ ਅਚਨਚੇਤ ਛਾਪੇਮਾਰੀ ਤੇ ਨਾਕਾਬੰਦੀ ਪੁਲਸ ਟੀਮਾਂ ਵੱਲੋਂ ਜਾਰੀ ਰਹੇਗੀ, ਜਿਸ ਵਿੱਚ ਲੋਕ ਸਹਿਯੋਗ ਦੇਣ। ਇਸ ਮੌਕੇ ਉਨ੍ਹਾਂ ਨਾਲ ਸੁਖਦੀਪ ਸਿੰਘ, ਸੁਖਵਿੰਦਰ ਸਿੰਘ, ਅਸ਼ਵਨੀ (ਸਾਰੇ ਸਹਾਇਕ ਥਾਣੇਦਾਰ) ਮੌਜੂਦ ਸਨ।

## ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੇ ਆਧਾਰ 'ਤੇ ਹੀ ਦੁਨੀਆ 'ਚ ਖੁਸ਼ਹਾਲੀ ਸੰਭਵ : ਡਾ. ਟਿੱਬਾ



**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਿਰਮੌਰ ਪੰਜਾਬੀ ਸਾਹਿਤਕਾਰ ਡਾ. ਕਮਲਜੀਤ ਸਿੰਘ ਟਿੱਬਾ ਨਾਲ ਰੂਬਰੂ ਸਮਾਗਮ ਰਚਾਇਆ ਗਿਆ।ਡਾ. ਕਮਲਜੀਤ ਸਿੰਘ ਟਿੱਬਾ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੇ ਆਧਾਰ 'ਤੇ ਹੀ ਦੁਨੀਆ ਵਿੱਚ ਖੁਸ਼ਹਾਲੀ ਸੰਭਵ ਹੈ।ਉਨ੍ਹਾਂ ਕਿਹਾ ਕਿ ਬੇਸ਼ੱਕ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਪੰਜਾਬੀਆਂ ਵਿੱਚ ਮਕਬੂਲ ਹਨ, ਪਰ ਗੀਤਕਾਰੀ ਇਕਲੌਤੀ ਅਜਿਹੀ ਵਿਧਾ ਹੈ, ਜਿਸ ਨੂੰ ਪੰਜਾਬੀਆਂ ਦੀ ਆਪਣੀ ਵਿਧਾ ਕਿਹਾ ਜਾ ਸਕਦਾ ਹੈ।ਮਹਾਨ ਛੰਦ ਸ਼ਾਸਤਰੀ ਜੰਗ ਸਿੰਘ ਫੱਟੜ ਨੇ ਕਿਹਾ ਕਿ ਜਨਮ ਤੋਂ ਲੈ ਕੇ ਮਰਨ ਤੱਕ ਜੀਵਨ ਦੇ ਹਰ ਪੜਾਅ 'ਤੇ ਮਨੁੱਖ ਦਾ ਛੰਦ ਨਾਲ ਬੜਾ ਅਟੁੱਟ ਰਿਸ਼ਤਾ ਬਣਿਆ ਰਹਿੰਦਾ ਹੈ, ਉਹ ਭਾਵੇਂ ਲੋਰੀ ਦੇ ਰੂਪ ਵਿੱਚ ਹੋਵੇ, ਭਾਵੇਂ ਘੋੜੀ ਜਾਂ ਕੀਰਨੇ ਦੇ ਰੂਪ ਵਿੱਚ।ਸਮਾਗਮ ਦੇ ਆਰੰਭ ਵਿੱਚ ਮੂਲ ਚੰਦ ਸ਼ਰਮਾ ਨੇ ਡਾ: ਕਮਲਜੀਤ ਸਿੰਘ ਟਿੱਬਾ ਦੀਆਂ ਸਾਹਿਤਕ ਤੇ ਸਮਾਜਿਕ ਗਤੀਵਿਧੀਆਂ ਸਬੰਧੀ ਜਾਣ ਪਛਾਣ ਕਰਵਾਈ।ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਮੂਲ ਚੰਦ ਸ਼ਰਮਾ, ਜੰਗ ਸਿੰਘ ਫੱਟੜ, ਸੁਖਵਿੰਦਰ ਸਿੰਘ ਫੁੱਲ, ਰਣਜੀਤ ਸਿੰਘ ਕਾਂਝਲਾ, ਕਰਮ ਸਿੰਘ ਜ਼ਖ਼ਮੀ, ਡਾ: ਕਮਲਜੀਤ ਸਿੰਘ ਟਿੱਬਾ, ਰਜਿੰਦਰ ਸਿੰਘ ਰਾਜਨ, ਸ਼ਸ਼ੀ ਬਾਲਾ, ਸੁਖਵਿੰਦਰ ਸਿੰਘ ਲੋਟੇ, ਸੁਰਜੀਤ ਸਿੰਘ ਮੌਜੀ, ਪਵਨ ਕੁਮਾਰ ਹੋਸ਼ੀ, ਬਲਜੀਤ ਬਾਂਸਲ, ਗੁਰਮੀਤ ਸਿੰਘ ਸੋਹੀ, ਗੋਬਿੰਦ ਸਿੰਘ ਤੂਰ ਬਨਜਾਰਾ, ਗੁਰਮੁੱਖ ਸਿੰਘ ਦਿਲਬਰ, ਕੁਲਵਿੰਦਰ ਸਿੰਘ, ਮੀਤ ਸਕਰੌਦੀ, ਜਗਦੇਵ ਸ਼ਰਮਾ ਧੂਰੀ, ਸੁਖਦੇਵ ਸਿੰਘ ਪੇਂਟਰ, ਜੰਗੀਰ ਸਿੰਘ ਰਤਨ, ਭੋਲਾ ਸਿੰਘ ਸੰਗਰਾਮੀ ਆਦਿ ਕਵੀਆਂ ਨੇ ਹਿੱਸਾ ਲਿਆ।ਉੱਘੇ ਗਜ਼ਲਗੋ ਸੁਖਵਿੰਦਰ ਸਿੰਘ ਲੋਟੇ ਨੇ ਗ਼ਜ਼ਲ ਵਰਕਸ਼ਾਪ ਕੀਤੀ।ਅੰਤ ਵਿੱਚ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਨੇ ਸਮੂਹ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

## ਆਰੀਆ ਸਮਾਜ ਮੰਦਰ ਵਿਖੇ ਹਫਤਾਵਾਰੀ ਯੱਗ, ਸਤਿਸੰਗ ਤੇ ਸਾਲਾਨਾ ਚੋਣ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐਤਵਾਰ ਹਫਤਾਵਾਰੀ ਯੱਗ/ਸਤਿਸੰਗ ਆਰੀਆ ਸਮਾਜ ਮੰਦਰ ਵਿਖੇ ਸਵੇਰੇ 8 ਵਜੇ ਤੋਂ 9:30 ਵਜੇ ਤੱਕ ਕੀਤਾ ਗਿਆ। ਅੱਜ ਦੇ ਯੱਗ ਦੇ ਮੁੱਖ ਮੇਜ਼ਬਾਨ ਪ੍ਰਧਾਨ ਰਾਜ ਕੁਮਾਰ ਸਿਗਲਾ-ਪ੍ਰੇਮ ਲਤਾ ਸਿੰਗਲਾ, ਵਰਿੰਦਰ ਸਿੰਗਲਾ-ਸੰਗੀਤਾ ਰਾਣੀ, ਜਤਿੰਦਰ ਸ਼ਰਮਾ-ਸਵਰਨ ਕਾਂਤਾ ਸ਼ਰਮਾ, ਪ੍ਰਵੀਨ ਚੌਧਰੀ, ਸ਼ੀਤਲ ਚੌਧਰੀ, ਪ੍ਰਿੰ. ਨਿਖਿਲ ਰੰਜਨ ਸ਼ਾਸਤਰੀ-ਭਵਾਨੀ ਦੇਵੀ ਆਦਿ ਨੇ ਗਜੇਂਦਰ ਸ਼ਸਤਰ ਦੀ ਰਹਿਨੁਮਾਈ ਹੇਠ ਕੀਤਾ। ਯੱਗ ਤੋਂ ਬਾਅਦ, ਸਤਸੰਗ ਭਵਨ ਵਿੱਚ ਸਤਿਆਰਥ ਪ੍ਰਕਾਸ਼ ਦਾ ਪਾਠ ਕੀਤਾ ਗਿਆ ਤੇ ਆਰੀਆ ਸਮਾਜ ਦੇ ਨਿਯਮਾਂ ਅਤੇ ਸੰਗਠਨ ਭਜਨ ਦਾ ਪਾਠ ਕੀਤਾ ਗਿਆ।ਰਿਫਰੈਸ਼ਮੈਂਟ ਤੋਂ ਬਾਅਦ, ਆਰੀਆ ਸਮਾਜ ਮੰਦਰ, ਆਰੀਆ ਸਮਾਜ ਚੌਕ ਪਟਿਆਲਾ ਦਾ ਸਾਲਾਨਾ ਚੋਣ ਸੈਸ਼ਨ ਹੋਇਆ।ਇਹ ਚੋਣ ਸਤਿਕਾਰਯੋਗ ਪ੍ਰਿੰਸੀਪਲ ਨਿਖਿਲ ਰੰਜਨ ਸ਼ਾਸਤਰੀ ਤੇ ਡਾ. ਓਮਦੇਵ ਆਰੀਆ ਦੀ ਪ੍ਰਧਾਨਗੀ ਹੇਠ ਹੋਈ।ਇਸ ਸਾਲਾਨਾ ਚੋਣ ਸੈਸ਼ਨ ਵਿੱਚ, ਸ਼੍ਰੀ ਵਰਿੰਦਰ ਸਿੰਗਲਾ ਨੂੰ ਆਉਣ ਵਾਲੇ ਸਾਲ ਲਈ ਪ੍ਰਧਾਨ ਦੇ ਅਹੁਦੇ ਲਈ ਚੁਣਿਆ ਗਿਆ।ਸਾਬਕਾ ਪ੍ਰਧਾਨ ਰਾਜ ਕੁਮਾਰ ਸਿੰਗਲਾ ਨੇ ਵਰਿੰਦਰ ਸਿੰਗਲਾ ਨੂੰ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ ਤੇ ਆਸ਼ੀਰਵਾਦ ਦਿੱਤਾ। ਸਾਰੇ ਆਰੀਆ ਲੋਕਾਂ ਨੇ ਵਰਿੰਦਰ ਸਿੰਗਲਾ ਨੂੰ ਵਧਾਈ ਦਿੱਤੀ।ਇਸ ਮੌਕੇ ਬਿਜੇਂਦਰ ਸ਼ਾਸਤਰੀ, ਵੇਦ ਪ੍ਰਕਾਸ਼ ਤੁਲੀ, ਜਤਿੰਦਰ ਸ਼ਰਮਾ, ਰਮੇਸ਼ ਕੁਮਾਰ ਗੰਡੋਤਰਾ, ਰਵੀ ਵਰਮਾ, ਸਤਪਾਲ ਜੈਰਥ, ਆਨੰਦ ਮੋਹਨ ਸੇਠੀ, ਪ੍ਰਵੀਨ ਆਰੀਆ, ਨਰਿੰਦਰ ਕਪੂਰ, ਕੇ ਕੇ ਮੋਦਗਿਲ, ਸੁਮਨ ਕੋਛੜ, ਯਸ਼ਪਾਲ ਜੁਨੇਜਾ, ਸੰਗੀਤਾ ਰਾਣੀ, ਪ੍ਰੇਮ ਲਤਾ ਸਿੰਗਲਾ, ਸਰਿਤਾ ਆਰੀਆ, ਸੁਸ਼ਮਾ ਵਧਵਾ, ਹਰਸ਼ਵਰਧਨ ਵਧਵਾ ਅਤੇ ਹੋਰ ਵੀ ਕਈ ਪਤਵੰਤੇ ਹਾਜ਼ਰ ਸਨ।

# ਜੈਸਮੀਨ ਕੌਰ ਵੱਲੋਂ ਸੀ ਡੀ ਐੱਸ (ਓਟੀਏ ਚੇਨੈ) ਦੀ ਪ੍ਰੀਖਿਆ 'ਚ ਭਾਰਤ 'ਚੋਂ ਚੌਥਾ ਰੈਂਕ ਹਾਸਲ

ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)-ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਨਿਸ਼ਾਨ-ਏ-ਸਿੱਖੀ ਵਿਖੇ ਕਾਰਜਸ਼ੀਲ ਨਿਸ਼ਾਨ-ਏ-ਸਿੱਖੀ ਸੈਂਟਰ ਫਾਰ ਸਿਵਲ ਸਰਵਿਸਿਜ਼ (ਯੂਪੀਐੱਸਸੀ ਵਿੰਗ) ਖਡੂਰ ਸਾਹਿਬ ਦੀ ਬੀਏ ਸੋਸ਼ਲ ਸਟੱਡੀਜ਼ ਭਾਗ ਤੀਸਰਾ ਦੀ ਵਿਦਿਆਰਥਣ ਜੈਸਮੀਨ ਕੌਰ ਸਪੁੱਤਰੀ ਸ. ਸੁਖਵੀਰ ਸਿੰਘ ਮਾਨ ਨੇ ਯੂਪੀਐੱਸਸੀ ਵੱਲੋਂ ਜਾਰੀ ਸੀਡੀਐੱਸ (ਓਟੀਏ ਚੇਨੈ) ਇਮਤਿਹਾਨ ਦੀ ਫਾਈਨਲ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ।ਜੈਸਮੀਨ ਕੌਰ ਨੇ ਇਸ ਮੈਰਿਟ ਸੂਚੀ ਵਿੱਚ ਪੂਰੇ ਭਾਰਤ ਵਿੱਚੋਂ ਸ਼ਾਨਦਾਰ ਚੌਥਾ ਰੈਂਕ ਹਾਸਲ ਕਰਕੇ ਆਪਣਾ, ਆਪਣੇ ਮਾਤਾ-ਪਿਤਾ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਉਸ ਨੇ ਸਾਲ 2022 ਵਿੱਚ ਨਿਸ਼ਾਨ-ਏ-ਸਿੱਖੀ ਸੈਂਟਰ ਫਾਰ ਸਿਵਲ ਸਰਵਿਸਜ਼ ਦੇ ਗ੍ਰੈਜੂਏਸ਼ਨ ਪ੍ਰੋਗਰਾਮ ਵਿੱਚ ਦਾਖ਼ਲਾ ਲੈ ਕੇ ਯੂਪੀਐੱਸਸੀ ਇਮਤਿਹਾਨਾਂ ਦੀ ਤਿਆਰੀ ਆਰੰਭ ਕੀਤੀ ਸੀ।ਲਿਖਤੀ ਇਮਤਿਹਾਨ ਵਿੱਚ ਸਫ਼ਲਤਾ ਤੋਂ ਬਾਅਦ ਇਸ ਵਿਦਿਆਰਥਣ ਨੂੰ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਐੱਸਐੱਸਬੀ ਟਰੇਨਿੰਗ ਦਿੱਤੀ ਗਈ ਅਤੇ ਇਸ ਸੰਬੰਧੀ ਸਪੈਸ਼ਲ ਟ੍ਰੇਨਿੰਗ ਵਾਸਤੇ ਨੋਇਡਾ ਵੀ ਭੇਜਿਆ ਗਿਆ ਸੀ।ਇਸ ਉਪਰੰਤ ਵਿਦਿਆਰਥਣ ਨੇ ਮੈਡੀਕਲ ਕਲੀਅਰ ਕੀਤਾ ਅਤੇ ਹੁਣ ਸਮੁੱਚੇ ਭਾਰਤ ਵਿੱਚ ਸੀਡੀਐੱਸ (ਓਟੀਏ) ਇਮਤਿਹਾਨ ਦੇ ਅੰਤਰਗਤ ਚੁਣੀਆਂ ਗਈਆਂ 64 ਲੜਕੀਆਂ ਵਿੱਚ ਚੌਥਾ ਰੈਂਕ ਹਾਸਲ ਕੀਤਾ ਹੈ।ਸੰਸਥਾ ਦੇ ਡਾਇਰੈਕਟਰ ਨੇ ਇਸ ਸ਼ਾਨਦਾਰ ਪ੍ਰਾਪਤੀ ਤੇ ਜੈਸਮੀਨ ਦੀ ਲਗਨ ਅਤੇ ਦ੍ਰਿੜਤਾ ਦੀ ਪ੍ਰਸ਼ੰਸਾ ਕਰਦਿਆਂ ਮੁਬਾਰਕਬਾਦ ਦਿੱਤੀ ਅਤੇ ਹੋਰ ਸਖ਼ਤ ਮਿਹਨਤ ਦੁਆਰਾ ਧਿਆਨ ਕੇਂਦਰਿਤ ਕਰ ਕੇ ਟੀਚਿਆਂ ਦੀ ਪ੍ਰਾਪਤੀ 'ਤੇ ਜ਼ੋਰ ਦਿੱਤਾ।ਜ਼ਿਕਰਯੋਗ ਹੈ ਕਿ ਨਿਸ਼ਾਨ ਏ ਸਿੱਖੀ ਸੰਸਥਾ ਤੋਂ ਸਿਖਲਾਈ ਪ੍ਰਾਪਤ ਕਰਕੇ ਅਨੇਕਾਂ ਵਿਦਿਆਰਥੀ ਵੱਖ-ਵੱਖ ਖੇਤਰਾਂ ਪ੍ਰਾਪਤੀਆਂ ਕਰਨ ਤੋਂ ਬਾਅਦ ਵਡਮੁੱਲੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ।



# ਰਾਸ਼ਟਰਪਤੀ ਵੱਲੋਂ ਮੇਜਰ ਤ੍ਰਿਪਤਪ੍ਰੀਤ ਸਿੰਘ ਪੱਡਾ ਦਾ ਸ਼ੌਰਿਆ ਚੱਕਰ ਐਵਾਰਡ ਨਾਲ ਸਨਮਾਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਇਥੋਂ ਨੇੜਲੇ ਪਿੰਡ ਧਾਰੀਵਾਲ ਕਲਾਂ ਦੇ ਜੰਮਪਲ ਮੇਜਰ ਤ੍ਰਿਪਤਪ੍ਰੀਤ ਸਿੰਘ ਪੱਡਾ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਸ਼ੌਰਿਆ ਚੱਕਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹ (ਮੇਜਰ ਤ੍ਰਿਪਤਪ੍ਰੀਤ ਸਿੰਘ) ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਧਾਰੀਵਾਲ ਦੇ ਪਿੰਡ ਧਾਰੀਵਾਲ ਕਲਾਂ ਦੇ ਵਾਸੀ ਹਰਦਿਆਲ ਸਿੰਘ ਪੱਡਾ ਅਤੇ ਦਲਜੀਤ ਕੌਰ ਪੱਡਾ ਦੇ ਹੋਣਹਾਰ ਸਪੁੱਤਰ ਹਨ। ਜ਼ਿਕਰਯੋਗ ਹੈ ਕਿ ਭਾਰਤੀ ਫੌਜ ਦੇ ਮੇਜਰ ਤ੍ਰਿਪਤਪ੍ਰੀਤ ਸਿੰਘ ਨੇ ਪਿਛਲੇ ਸਾਲ ਜੰਮੂ-ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਦੇ ਇਕ ਪਿੰਡ ਵਿਚ ਲਸ਼ਕਰ-ਏ-ਤਾਇਬਾ ਦੇ ਇਕ (ਏ+) ਕੈਟਾਗਰੀ ਦੇ ਅੱਤਵਾਦੀ ਨੂੰ ਢੇਰ ਕੀਤਾ ਸੀ, ਜੋ ਕਿ 2017 ਵਿੱਚ ਲੈਫਟੀਨੈਂਟ ਉਮਰ ਫੈਯਾਜ਼ ਦੀ ਮੌਤ ਦਾ ਜ਼ਿੰਮੇਵਾਰ ਸੀ। ਇਸ ਤਰ੍ਹਾਂ ਮੇਜਰ ਪੱਡਾ ਨੇ ਲੈਫਟੀਨੈਂਟ ਉਮਰ ਫੈਯਾਜ਼ ਦੇ ਕਾਤਲ ਨੂੰ 2024 ਵਿੱਚ ਮਾਰ ਕੇ ਉਨ੍ਹਾਂ ਦੀ ਮੌਤ ਦਾ ਬਦਲਾ ਲਿਆ। ਮੇਜਰ ਪੱਡਾ ਨੇ ਕੁੱਲ ਛੇ ਵੱਖ ਵੱਖ ਓਪਰੇਸ਼ਨਾਂ ਦੀ ਅਗਵਾਈ ਕਰਦੇ ਹੋਏ ਬਹਾਦਰੀ ਤੇ ਨਿਡਰਤਾ ਨਾਲ ਉੱਚਕੋਟੀ ਦੇ 9 ਅੱਤਵਾਦੀ ਮਾਰ ਕੇ ਦੇਸ਼ ਵਾਸੀਆਂ ਦੀ ਸੁਰੱਖਿਆ ਵਿਚ ਅਹਿਮ ਯੋਗਦਾਨ ਪਾਇਆ ਹੈ। ਰਾਸ਼ਟਰਪਤੀ ਤੋਂ ਸ਼ੌਰਿਆ ਚੱਕਰ ਐਵਾਰਡ ਪ੍ਰਾਪਤ ਕਰਨ ਮਗਰੋਂ ਆਪਣੇ ਜੱਦੀ ਪਿੰਡ ਧਾਰੀਵਾਲ ਕਲਾਂ ਪਹੁੰਚਣ 'ਤੇ ਮੇਜਰ ਤ੍ਰਿਪਤਪ੍ਰੀਤ ਸਿੰਘ ਦਾ ਪਿੰਡ ਵਾਸੀਆਂ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਜਸ਼ਨ ਮਨਾਏ ਗਏ। ਇਸ ਮੌਕੇ ਮੇਜਰ ਤ੍ਰਿਪਤਪ੍ਰੀਤ ਸਿੰਘ ਪੱਡਾ ਦੀ ਪਤਨੀ ਸੀਰਤ ਪੱਡਾ, ਪਿਤਾ ਹਰਦਿਆਲ ਸਿੰਘ ਪੱਡਾ ਨੇ ਕਿਹਾ ਕਿ ਉਨ੍ਹਾਂ ਨੂੰ ਤ੍ਰਿਪਤਪ੍ਰੀਤ ਸਿੰਘ ਦੀ ਬਹਾਦਰੀ 'ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਇਸ ਮੌਕੇ ਮੇਜਰ ਤ੍ਰਿਪਤਪ੍ਰੀਤ ਸਿੰਘ ਪੱਡਾ ਦੀ ਦਾਦੀ ਗੁਰਮੀਤ ਕੌਰ, ਪਿਤਾ ਹਰਦਿਆਲ ਸਿੰਘ ਪੱਡਾ, ਮਾਤਾ ਦਲਜੀਤ ਕੌਰ ਪੱਡਾ, ਪਤਨੀ ਸੀਰਤ ਪੱਡਾ ਅਤੇ ਨੰਨ੍ਹੀ ਬੇਟੀ ਸਹਗੁਨ ਕੌਰ, ਮਾਮਾ ਸਬ ਇੰਸਪੈਕਟਰ ਹਰਿੰਦਰ ਸਿੰਘ ਔਲਖ, ਚਾਚਾ ਮਾਸਟਰ ਹਰਪਾਲ ਸਿੰਘ ਪੱਡਾ, ਸੁੱਚਾ ਸਿੰਘ ਪੱਡਾ, ਸਖੇ. ਰਤਨ ਸਿੰਘ ਪੱਡਾ, ਜੱਸਾ ਸਿੰਘ ਪੱਡਾ, ਬੀਰ ਸਿੰਘ ਪੱਡਾ, ਮਨਪ੍ਰੀਤ ਸਿੰਘ ਪੱਡਾ, ਸਾਬਕਾ ਸਰਪੰਚ ਨੰਬਾ ਸਿੰਘ ਤਲਵੰਡੀ, ਭਜਨ ਸਿੰਘ ਤਲਵੰਡੀ, ਬਲਵਿੰਦਰ ਸਿੰਘ ਨਿੰਨੇਵਾਣ, ਹਰਪ੍ਰੀਤ ਸਿੰਘ ਸਭਰਵਾਲ, ਸਤਿੰਦਰ ਸਿੰਘ ਬਾਜਵਾ ਤੇ ਗੁਰਪ੍ਰੀਤ ਸਿੰਘ ਬਾਜਵਾ ਦੀਵਾਨੀਵਾਲ, ਪਰਮਜੀਤ ਕੌਰ ਧਾਰੀਵਾਲ, ਦੀਪਕ ਕੁਮਾਰ ਸੂਦ, ਰੈਜਨਾ ਸੂਦ ਧਾਰੀਵਾਲ ਤੋਂ ਇਲਾਵਾ ਸਾਬਕਾ ਸਰਪੰਚ ਗੁਰਮੁੱਖ ਸਿੰਘ, ਗੁਰਦੀਪ ਸਿੰਘ ਚੀਮਾ, ਸੁਖਦੇਵ ਸਿੰਘ ਚੀਮਾ ਆਦਿ ਸਮੇਤ ਪਿੰਡ ਦੀ ਪੰਚਾਇਤ ਮੈਂਬਰਾਂ, ਰਿਸ਼ਤੇਦਾਰਾਂ, ਸੱਜਣਾਂ-ਮਿੱਤਰਾਂ ਅਤੇ ਪਤਵੰਤਿਆਂ ਅਤੇ ਪਿੰਡ ਵਾਸੀਆਂ ਨੇ ਮੇਜਰ ਤ੍ਰਿਪਤਪ੍ਰੀਤ ਸਿੰਘ ਦੀ ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ।



# ਭਗਤ ਪੂਰਨ ਸਿੰਘ ਦਾ ਜਨਮ ਦਿਹਾੜਾ 4 ਨੂੰ : ਡਾ. ਇੰਦਰਜੀਤ ਕੌਰ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਲਾਵਾਰਸ, ਪਾਗਲਾਂ, ਅਪਾਹਜਾਂ, ਬਜ਼ੁਰਗਾਂ ਤੇ ਮੰਦਬੁੱਧੀ ਬੱਚਿਆਂ ਦੀ ਸੇਵਾ ਸੰਭਾਲ ਕਰਨ ਵਾਲੀ ਸੰਸਥਾ ਪਿੰਗਲਵਾੜਾ ਅੰਮ੍ਰਿਤਸਰ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦਾ 121ਵਾਂ ਜਨਮ ਦਿਹਾੜਾ ਸਮਾਰੋਹ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਹੁਮੰਤਵੀ ਸਮਾਜ ਭਲਾਈ ਕਾਰਜਾਂ ਨੂੰ ਸਮਰਪਿਤ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਸਮੁੱਚੇ ਪਿੰਗਲਵਾੜਾ ਪਰਿਵਾਰ ਵੱਲੋਂ 28 ਮਈ ਦਿਨ ਬੁੱਧਵਾਰ ਨੂੰ 'ਪਾਣੀ ਬਚਾਓ, ਮਨੁੱਖਤਾ ਬਚਾਓ' ਰੈਲੀ ਕੱਢੀ ਜਾ ਰਹੀ ਹੈ।ਇਹ ਰੈਲੀ ਸਿਟੀ ਸੈਂਟਰ ਨੇੜੇ ਬੱਸ ਸਟੈਂਡ ਸਵੇਰੇ 10 ਵਜੇ ਤੋਂ ਚੱਲ ਕੇ ਹੁਸੈਨਪੁਰਾ ਚੌਕ, ਨੰਦਨ ਸਿਨੇਮਾ ਚੌਕ, ਰਾਮਬਾਗ ਚੌਕ, ਹਾਲ ਗੇਟ, ਹਾਲ ਬਾਜ਼ਾਰ, ਟਾਊਨ ਹਾਲ ਤੋਂ ਹੁੰਦੀ ਹੋਈ ਭਾਈ ਗੁਰਦਾਸ ਹਾਲ ਵਿਖੇ ਪਹੁੰਚੇਗੀ।ਭਾਈ ਗੁਰਦਾਸ ਹਾਲ ਵਿੱਚ ਵਿਦਵਾਨ ਆਪਣੇ ਅਨਮੋਲ ਵਿਚਾਰ ਦੱਸਣਗੇ। ਇਸ ਤੋਂ ਇਲਾਵਾ ਵੱਖ-ਵੱਖ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਵੀ ਵੱਡੇ ਤੌਰ ਤੇ ਹਿੱਸਾ ਲੈ ਰਹੇ ਹਨ।ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮਾਰੋਹ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ 4 ਜੂਨ ਨੂੰ ਭਗਤ ਪੂਰਨ ਸਿੰਘ ਜੀ ਦੇ ਜਨਮ ਦਿਹਾੜੇ ਵਾਲੇ ਦਿਨ ਸਵੇਰੇ 8:30 ਤੋਂ 09:00 ਵਜੇ ਤੱਕ ਪਿੰਗਲਵਾੜਾ ਵਿਖੇ ਸ੍ਰੀ ਸਹਿਜ ਪਾਠ ਸਾਹਿਬ ਦਾ ਭੋਗ ਪਾਇਆ ਜਾਵੇਗਾ।ਉਪਰੰਤ ਸਵੇਰੇ 09:00 ਤੋਂ 11:30 ਵਜੇ ਭਾਈ ਜਸਬੀਰ ਸਿੰਘ ਅਤੇ ਸੰਸਥਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ ਕੀਤਾ ਜਾਵੇਗਾ।ਉਪਰੰਤ 12.30 ਵਜੇ ਪੁਸਤਕਾਂ ਦਾ ਰਿਲੀਜ਼ ਸਮਾਰੋਹ ਕੀਤਾ ਜਾਵੇਗਾ।ਇਸ ਮੌਕੇ ਕਾਨਫਰੰਸ ਵਿਚ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ, ਮੁਖਤਾਰ ਸਿੰਘ ਆਨਰੇਰੀ ਸਕੱਤਰ, ਰਾਜਬੀਰ ਸਿੰਘ, ਮੈਂਬਰ ਪਿੰਗਲਵਾੜਾ ਸੋਸਾਇਟੀ, ਯੋਗੇਸ਼ ਸੂਰੀ ਮੁੱਖ ਪ੍ਰਸ਼ਾਸਕ, ਪਰਮਿੰਦਰਜੀਤ ਸਿੰਘ ਭੱਟੀ, ਸੁਰਿੰਦਰ ਕੌਰ ਭੱਟੀ, ਜਨਰਲ ਮੈਨੇਜਰ ਤਿਲਕ ਰਾਜ, ਹਰਪਾਲ ਸਿੰਘ ਸੰਧੂ ਅਤੇ ਕਈ ਹੋਰ ਪਤਵੰਤੇ ਹਾਜ਼ਰ ਸਨ।



# ਸ਼੍ਰੋਮਣੀ ਕਮੇਟੀ ਨੇ ਧਾਰਮਿਕ ਪ੍ਰੀਖਿਆ ਦੇ ਦਰਜਾ ਤੀਜਾ, ਚੌਥਾ ਤੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦਾ ਨਤੀਜਾ ਐਲਾਨਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਈ ਜਾਂਦੀ ਸਾਲਾਨਾ ਧਾਰਮਿਕ ਪ੍ਰੀਖਿਆ ਦੇ ਦਰਜਾ ਤੀਜਾ, ਚੌਥਾ ਅਤੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦਾ ਨਤੀਜਾ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਤੇ ਸਕੱਤਰ ਪ੍ਰਤਾਪ ਸਿੰਘ ਵੱਲੋਂ ਜਾਰੀ ਕੀਤਾ ਗਿਆ।ਇਸ ਤੋਂ ਪਹਿਲਾਂ ਧਾਰਮਿਕ ਪ੍ਰੀਖਿਆ ਦੇ ਪਹਿਲੇ ਅਤੇ ਦੂਜੇ ਦਰਜੇ ਦਾ ਨਤੀਜਾ ਜਾਰੀ ਕੀਤਾ ਜਾ ਚੁੱਕਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਫਰਵਰੀ 2025 ਵਿਚ ਤੀਜੇ ਅਤੇ ਚੌਥੇ ਦਰਜੇ ਦੀ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ 5696 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ 130 ਵਿਦਿਆਰਥੀਆਂ ਨੇ ਵਜ਼ੀਫਾ ਪ੍ਰਾਪਤ ਕੀਤਾ ਹੈ।ਮੈਰਿਟ ਵਿਚ ਆਏ ਇਨ੍ਹਾਂ ਪ੍ਰੀਖਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 4 ਲੱਖ 15 ਹਜ਼ਾਰ ਰੁਪਏ ਦੀ ਵਜ਼ੀਫਾ ਰਾਸ਼ੀ ਦਿੱਤੀ ਜਾਵੇਗੀ।ਇਸ ਤੋਂ ਇਲਾਵਾ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲੇ ਪ੍ਰੀਖਿਆਰਥੀਆਂ ਨੂੰ ਕ੍ਰਮਵਾਰ 5100, 4100 ਅਤੇ 3100 ਰੁਪਏ ਦੀ ਵਿਸ਼ੇਸ਼ ਇਨਾਮੀ ਰਾਸ਼ੀ ਦਿੱਤੀ ਜਾਵੇਗੀ ਅਤੇ ਪਾਸ ਹੋਣ ਵਾਲਿਆਂ ਨੂੰ ਮੈਡਲ ਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੇ ਸੈਸ਼ਨ 2023-25 ਦੇ ਦੂਜੇ ਸਾਲ ਅਤੇ ਸੈਸ਼ਨ 2024-26 ਦੇ ਪਹਿਲੇ ਸਾਲ ਦਾ



ਨਤੀਜਾ ਵੀ ਜਾਰੀ ਕੀਤਾ ਗਿਆ ਹੈ, ਜਿਸ ਵਿਚ ਮੈਰਿਟ 'ਚ ਆਏ 30 ਵਿਦਿਆਰਥੀਆਂ ਨੂੰ ਵਜ਼ੀਫਾ ਰਾਸ਼ੀ ਦਿੱਤੀ ਜਾਵੇਗੀ।ਸ. ਮੰਨਣ ਨੇ ਕਿਹਾ ਕਿ ਸਕੂਲਾਂ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਸਿਧਾਂਤਾਂ, ਗੁਰਬਾਣੀ, ਰਹਿਤ ਮਰਯਾਦਾ ਅਤੇ ਇਤਿਹਾਸ ਨਾਲ ਜੋੜਨ ਲਈ ਸ਼੍ਰੋਮਣੀ ਕਮੇਟੀ ਲਗਾਤਾਰ ਕਾਰਜਸ਼ੀਲ ਹੈ।ਇਸੇ ਤਹਿਤ ਹੀ ਧਾਰਮਿਕ ਪ੍ਰੀਖਿਆ ਕਰਵਾ ਕੇ ਲੱਖਾ ਰੁਪਏ ਦੀ ਵਜ਼ੀਫਾ ਰਾਸ਼ੀ ਹਰ ਸਾਲ ਦਿੱਤੀ ਜਾਂਦੀ ਹੈ।ਇਸ ਤੋਂ ਇਲਾਵਾ ਪੱਤਰ-ਵਿਹਾਰ ਕੋਰਸ ਰਾਹੀਂ ਆਮ ਸ਼ਰਧਾਲੂਆਂ ਨੂੰ ਸਿੱਖ ਧਰਮ ਬਾਰੇ ਕੋਰਸ ਕਰਵਾਇਆ ਜਾਂਦਾ ਹੈ।ਉਨ੍ਹਾਂ ਸਿੱਖ ਨੌਜੁਆਨੀ ਨੂੰ ਅਪੀਲ ਕੀਤੀ ਕਿ ਇਨ੍ਹਾਂ ਧਾਰਮਿਕ ਪ੍ਰੀਖਿਆਵਾਂ ਵਿਚ ਵੱਧ ਤੋਂ ਵੱਧ ਦਾਖ਼ਲਾ ਲੈ ਕੇ ਸਿੱਖੀ ਬਾਰੇ ਜਾਣਕਾਰੀ ਹਾਸਲ ਕਰਨ ਤਾਂ ਜੋ ਆਪਣੇ ਇਤਿਹਾਸ ਅਤੇ ਕਦਰਾਂ-ਕੀਮਤਾਂ ਨਾਲ ਜੁੜਿਆ ਜਾ ਸਕੇ।ਜ਼ਿਕਰਯੋਗ ਹੈ ਕਿ ਧਾਰਮਿਕ ਪ੍ਰੀਖਿਆ ਦੇ ਦਰਜਾ ਤੀਜਾ ਵਿੱਚ ਪਹਿਲਾ ਸਥਾਨ ਜਗਮੀਤ ਸਿੰਘ ਤੇ ਮਨਜੀਤ ਕੌਰ ਨੇ ਹਾਸਲ ਕੀਤਾ ਜਦਕਿ ਦੂਜਾ ਸਥਾਨ ਵਿਲਸ਼ ਤੇ ਤੀਜਾ ਸਥਾਨ ਹਰਪਾਲ ਸਿੰਘ ਨੇ ਪ੍ਰਾਪਤ ਕੀਤਾ।ਇਸੇ ਤਰ੍ਹਾਂ ਦਰਜਾ ਚੌਥਾ ਦੀ ਪ੍ਰੀਖਿਆ ਵਿਚ ਪਹਿਲੇ ਸਥਾਨ 'ਤੇ ਸਰਬਜੀਤ ਕੌਰ, ਦੂਜੇ 'ਤੇ ਮਨਦੀਪ ਕੌਰ ਤੇ ਅਮਨਦੀਪ ਕੌਰ ਅਤੇ ਤੀਜੇ ਸਥਾਨ 'ਤੇ ਸੁਭਪ੍ਰੀਤ ਕੌਰ ਤੇ ਰਮਨਦੀਪ ਕੌਰ ਰਹੀਆਂ।ਇਸ ਦੇ ਨਾਲ ਹੀ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੇ ਨਤੀਜਿਆਂ ਵਿੱਚ ਪਹਿਲਾ ਸਥਾਨ ਬਲਜਿੰਦਰ ਸਿੰਘ ਨੇ ਪ੍ਰਾਪਤ ਕੀਤਾ ਜਦਕਿ ਦੂਜੇ ਸਥਾਨ 'ਤੇ ਹਿੰਮਤ ਸਿੰਘ ਅਤੇ ਤੀਜੇ ਸਥਾਨ 'ਤੇ ਸ਼ਰਧਾ ਕੌਰ ਰਹੇ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਇੰਚਾਰਜ ਡਾ. ਰਣਜੀਤ ਕੌਰ ਪੰਨਵਾਂ, ਸੁਪਰਵਾਈਜਰ ਜਸਬੀਰ ਸਿੰਘ ਆਦਿ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਪਛਾਣ ਪੱਤਰ ਤੇ ਸਰਟੀਫਿਕੇਟ ਤਕਸੀਮ

ਪੱਟੀ, (ਬਲਦੇਵ ਸਿੰਘ ਸੰਧੂ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਵਲਟੋਹਾ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਪੰਜਾਬ ਹੋਟਲ ਵਿੱਚ ਸੂਬਾ ਆਗੂ ਅਤੇ ਬਲਾਕ ਪ੍ਰਧਾਨ ਡਾ ਸੁਖਚੈਨ ਸਿੰਘ ਬੋਪਾਰਾਏ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਬਲਾਕ ਵਲਟੋਹਾ ਦੇ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਨੇ ਭਾਗ ਲਿਆ ।ਇਸ ਮੌਕੇ ਡਾ. ਸੁਖਚੈਨ ਸਿੰਘ ਬੋਪਾਰਾਏ ਨੇ ਬੋਲਦਿਆਂ ਕਿਹਾ ਕਿ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਦਾ ਜਥੇਬੰਦੀ ਸਵਾਗਤ ਕਰਦੀ ਹੈ ।ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਜਦੋਂ ਤੱਕ ਪੰਜਾਬ ਵਿੱਚੋਂ ਨਸ਼ੇ ਦਾ ਪੂਰੀ ਤਰ੍ਹਾਂ ਸਫ਼ਾਇਆ ਨਹੀਂ ਹੋ ਜਾਂਦਾ ਉਦੋਂ ਤੱਕ ਇਹ ਮੁਹਿੰਮ ਜਾਰੀ ਰਹਿਣੀ ਚਾਹੀਦੀ ਹੈ।ਉਨ੍ਹਾਂ ਨੇ ਆਏ ਹੋਏ ਪਰੈਕਟੀਸ਼ਨਰਾਂ ਨੂੰ ਕਿਹਾ ਕਿ ਉਹ ਵੀ ਸਰਕਾਰ ਦੀ ਇਸ ਮੁਹਿੰਮ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਤਾਂ ਜੋ ਨਸ਼ੇ ਰੂਪੀ ਦੈਂਤ ਨੂੰ ਖਤਮ ਕਰਕੇ ਫਿਰ ਤੋਂ ਹੱਸਦਾ ਵੱਸਦਾ ਰੰਗਲਾ ਪੰਜਾਬ ਬਣਾਇਆ ਜਾ ਸਕੇ।ਉਪਰੰਤ ਪ੍ਰੈਕਟੀਸ਼ਨਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਸਮੂਹ ਮੈਂਬਰਾਂ ਨੂੰ ਜਥੇਬੰਦੀ ਦੇ ਪਛਾਣ ਪੱਤਰ ਅਤੇ ਸਰਟੀਫਿਕੇਟ ਦਿੱਤੇ ਗਏ ।ਇਸ ਮੌਕੇ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਵਲਟੋਹਾ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ ।ਇਸ ਮੌਕੇ ਡਾ. ਬਲਵਿੰਦਰ ਸਿੰਘ ਕੈਸ਼ੀਅਰ, ਅਮਰਜੀਤ ਸਿੰਘ ਕੋਟਲੀ, ਡਾ. ਗੁਰਸੇਵਕ ਸਿੰਘ ਜਰਨਲ ਸੈਕਟਰੀ, ਡਾ. ਗੁਰਜਿੰਦਰ ਸਿੰਘ ਅਤੇ ਡਾ ਹੀਰਾ ਸਿੰਘ ਆਦਿ ਹਾਜ਼ਰ ਸਨ ।



# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਪ੍ਰਚੰਡ ਕਰਨ ਲਈ ਐੱਸ ਡੀ ਐੱਮ ਵੱਲੋਂ ਸਰਪੰਚਾਂ ਨਾਲ ਬੈਠਕ

ਮਜੀਠਾ (ਸੋਇਮ ਆਨੰਦ)-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸੂਬਾ ਭਰ ਵਿਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੁਹਿੰਮ ਨੂੰ ਹੋਰ ਅੱਗੇ ਤੋਰਨ ਵਾਸਤੇ ਸਰਕਾਰ ਵੱਲੋਂ ਹਰੇਕ ਪਿੰਡ ਵਿਚ ਜਾਗਰੂਕਤਾ ਕੈਂਪ ਲਗਾਉਣ ਦੇ ਆਦੇਸ਼ ਕੀਤੇ ਗਏ ਹਨ।ਇਸੇ ਤਹਿਤ ਹਲਕਾ ਮਜੀਠਾ ਵਿਚ 27 ਮਈ ਤੋਂ ਹਲਕੇ ਦੇ ਹਰੇਕ ਪਿੰਡ ਵਿਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਵਾਸਤੇ ਕੈਂਪ ਲਗਾਏ ਜਾ ਰਹੇ ਹਨ।ਤਹਿਸੀਲ ਮਜੀਠਾ ਵਿਖੇ ਐੱਸਡੀਐੱਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਨੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਜਿਸ ਵਿਚ ਹਲਕਾ ਇੰਚਾਰਜ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਤੋਂ ਇਲਾਵਾ ਮੀਟਿੰਗ ਵਿਚ ਹਲਕਾ ਮਜੀਠਾ ਦੇ ਪਿੰਡਾਂ ਦੇ ਸਰਪੰਚ, ਪੰਚ ਅਤੇ ਪਿੰਡਾਂ ਦੇ ਮੋਹਤਬਰ ਵੀ ਸ਼ਾਮਲ ਹੋਏ।ਐੱਸਡੀਐੱਮ ਵੱਲੋਂ ਇਨ੍ਹਾਂ ਇਕੱਤਰ ਪੰਚਾਂ ਸਰਪੰਚਾਂ ਅਤੇ ਮੋਹਤਬਰਾਂ ਨੂੰ ਸਰਕਾਰ ਦੇ ਨਿਰਦੇਸ਼ਾਂ ਬਾਰੇ ਜਾਣੂੰ ਕਰਾਇਆ ਗਿਆ ਕਿ ਉਹ ਅੱਜ ਤੋਂ ਹੀ ਆਪਣੇ ਆਪਣੇ ਪਿੰਡਾਂ ਵਿਚ ਲੋਕਾਂ ਨੂੰ ਨਸ਼ੇ ਨਾ ਕਰਨ ਦਾ ਹੋਕਾ ਦੇਣ। ਇਨ੍ਹਾਂ ਕੈਂਪਾਂ ਵਿਚ ਵੱਖ-ਵੱਖ ਬੁੱਧੀਜੀਵੀਆਂ ਅਤੇ ਬੁਲਾਰਿਆਂ ਵੱਲੋਂ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਾਇਆ ਜਾਵੇਗਾ।ਬੈਠਕ 'ਚ ਐੱਸਡੀਐੱਮ ਡਾ: ਹਰਨੂਰ ਕੌਰ ਢਿੱਲੋਂ, ਤਹਿਸੀਲਦਾਰ ਸ਼ੀਸ਼ਪਾਲ, ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ, ਬੀਡੀਪੀਓ ਅਮਨਦੀਪ ਸਿੰਘ ਮੰਨਣ, ਸੁਪਰਡੈਂਟ ਪਲਵਿੰਦਰ ਸਿੰਘ, ਦਿਲਬਾਗ ਸਿੰਘ, ਨਰਿੰਦਰ ਸਿੰਘ ਦੋਵੇਂ ਪੰਚਾਇਤ ਅਫਸਰ, ਰੀਡਰ ਵਰਿੰਦਰ ਭਾਟੀਆ, ਦੀਪਕ ਭੱਟੀ, ਸਰਪੰਚਾਂ ਵਿਚ ਪਰਮਿੰਦਰ ਸਿੰਘ ਰੁਮਾਣਾ ਚੱਕ, ਲਖਵਿੰਦਰ ਸਿੰਘ ਬੇਗੇਵਾਲ, ਚੰਨਪ੍ਰੀਤ ਸਿੰਘ ਅਜੈਬਵਾਲੀ, ਧੰਨਾ ਸਿੰਘ ਢੱਡੇ, ਸੁਖਚੈਨ ਸਿੰਘ ਭੰਗਵਾਂ, ਚਮਕੌਰ ਸਿੰਘ ਸਰਪੰਚ ਬੋੜੇਵਾਲ ਕੰਗ, ਅਮਨ ਟਰਪਈ, ਰਾਜਵਿੰਦਰ ਸਿੰਘ, ਧਰਮਵੀਰ ਭੱਟੀ, ਸੁਖਵਿੰਦਰ ਸਿੰਘ ਜੇਠੂਨੰਗਲ, ਗੁਰਨੂਰ ਸਿੰਘ ਪੰਧੇਰ, ਸੰਤੋਸ਼ ਕੁਮਾਰ ਵਰਿਆਮ ਨੰਗਲ, ਧਰਮਿੰਦਰ ਸਿੰਘ ਕੋਟਲੀ ਢੋਲੇ ਸ਼ਾਹ, ਹਰਗੁਰਿੰਦਰ ਸਿੰਘ ਪਿੰਡ ਮਾਨ, ਗੁਰਵੇਲ ਸਿੰਘ ਪਿੰਡ ਅਲਕੜ੍ਹੇ, ਬਿਕਰਮਜੀਤ ਸਿੰਘ ਪਿੰਡ ਸ਼ਾਮਨਗਰ, ਸਰਬਜੀਤ ਸਿੰਘ ਪਿੰਡ ਗੁੱਜਰਪੁਰਾ ਆਦਿ ਹਾਜ਼ਰ ਸਨ।



# ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਥਾਣਾ ਦੀਨਾਨਗਰ ਵੱਲੋਂ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਦੀਨਾਨਗਰ ਨੂੰ ਕੀਤੀ ਸ਼ਿਕਾਇਤ ਵਿਚ ਰਵਿੰਦਰ ਸਿੰਘ ਪੁੱਤਰ ਪ੍ਰਮਜੀਤ ਸਿੰਘ ਵਾਸੀ ਖਰਲ ਨੇ ਦੱਸਿਆ ਕਿ 20 ਮਈ ਨੂੰ ਉਹ ਪਿੰਡ ਦੀ ਪੰਚਾਇਤੀ ਜ਼ਮੀਨ ਦੀ ਬੋਲੀ ਦੇਣ ਲਈ ਗੁਰਦੁਆਰਾ ਸਾਹਿਬ ਮੌਜੂਦ ਸੀ ਕਿ ਜ਼ਮੀਨ ਦੀ ਬੋਲੀ ਕੈਂਸਲ ਹੋ ਗਈ ਜਿਸ 'ਤੇ ਸਾਰੇ ਆਪਣੇ-ਆਪਣੇ ਘਰਾਂ ਨੂੰ ਵਾਪਸ ਜਾ ਰਹੇ ਸੀ ਕਿ ਸੁੱਲਖਣ ਸਿੰਘ ਨੇ ਲਲਕਾਰਾ ਮਾਰ ਕੇ ਕਿ ਫੜ ਲਓ, ਅੱਜ ਇਸ ਨੂੰ ਜ਼ਮੀਨ ਦੀ ਬੋਲੀ ਦੇਣ ਦਾ ਮਜ਼ਾ ਦੱਸ ਦਈਏ ਜਿਸ 'ਤੇ ਮਨਜੀਤ ਸਿੰਘ, ਗੁਰਮੁੱਖ ਸਿੰਘ, ਗੁਰਬਚਨ ਸਿੰਘ, ਲਖਬੀਰ ਸਿੰਘ ਵਾਸੀ ਖਰਲ ਨੇ ਮੇਰੀ ਕੁੱਟਮਾਰ ਕਰਕੇ ਮੈਨੂੰ ਜ਼ਖਮੀ ਕਰ ਦਿੱਤਾ।

ਮੇਰੇ ਵੱਲੋਂ 'ਮਾਰ ਦਿੱਤਾ ਮਾਰ ਦਿੱਤਾ' ਦਾ ਰੌਲਾ ਪਾਉਣ 'ਤੇ ਸਰਪੰਚ ਸਰਜੀਤ ਕੁਮਾਰ ਅਤੇ ਹੋਰ ਵਿਅਕਤੀ ਇੱਕਠੇ ਹੋਣ ਤੇ ਕਥਿਤ ਦੋਸ਼ੀ ਮੌਕੇ ਤੋਂ ਦੌੜ ਗਏ। ਸਰਪੰਚ ਸੁਰਜੀਤ ਸਿੰਘ ਨੇ ਸਵਾਰੀ ਦਾ ਪ੍ਰਬੰਧ ਕਰਕੇ ਸਿਵਲ ਹਸਪਤਾਲ ਸਿੰਘੋਵਾਲ ਦੀਨਾਨਗਰ ਦਾਖਲ ਕਰਵਾਇਆ ਜਿਥੇ ਡਾਕਟਰਾ ਨੇ ਮੱਲ੍ਹਮ ਪੱਟੀ ਕਰਕੇ ਘਰ ਨੂੰ ਭੇਜ ਦਿੱਤਾ। ਥਾਣਾ ਦੀਨਾਨਗਰ ਪੁਲਸ ਨੇ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਝਗੜੇ ਦੀ ਵਜ੍ਹਾ ਰੰਜਿਸ਼ ਹੈ ਕਿ ਉਕਤ ਸਾਰੇ ਕਥਿਤ ਦੋਸ਼ੀ ਪੰਚਾਇਤੀ ਜ਼ਮੀਨ ਆਪ ਲੈਣਾ ਚਾਹੁੰਦੇ ਹਨ।

# ਬਾਲ ਭਲਾਈ ਕਮੇਟੀ ਅਤੇ ਜੁਵੈਨਾਈਲ ਜਸਟਿਸ ਬੋਰਡ ਦਾ ਹੋਵੇਗਾ ਪੁਨਰ ਗਠਨ: ਡੀ ਸੀ

ਪੱਟੀ (ਬਲਦੇਵ ਸਿੰਘ ਸੰਧੂ)- ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ 0 ਤੋਂ 18 ਸਾਲ ਦੇ ਬੱਚਿਆਂ ਦੀ ਸੁਰੱਖਿਆ ਅਤੇ ਦੇਖਭਾਲ ਤੇ ਕਈ ਕਾਰਨਾਂ ਕਰਕੇ ਕਾਨੂੰਨ ਦੇ ਟਕਰਾਵ ਵਿੱਚ ਆਉਣ ਵਾਲੇ ਬੱਚਿਆਂ ਲਈ ਜੁਵੈਨਾਈਲ ਜਸਟਿਸ ਐਕਟ 2015 ਤਹਿਤ ਬਾਲ ਭਲਾਈ ਕਮੇਟੀ ਅਤੇ ਜੁਵੈਨਾਈਲ ਜਸਟਿਸ ਬੋਰਡ ਦਾ ਗਠਨ ਕੀਤਾ ਜਾਂਦਾ ਹੈ, ਜਿਨ੍ਹਾਂ ਕੋਲ ਬੱਚਿਆਂ ਦੇ ਭਵਿੱਖ ਨੂੰ ਧਿਆਨ 'ਚ ਰੱਖਦੇ ਹੋਏ ਯੋਗ ਫੈਸਲੇ ਲੈਣ ਦਾ ਅਧਿਕਾਰ ਹੁੰਦਾ ਹੈ ਅਤੇ ਬੱਚਿਆ ਦੇ ਅਧਿਕਾਰਾਂ ਦੀ ਸੁਰੱਖਿਆ ਕਰਦੇ ਹਨ।ਉਨ੍ਹਾਂ ਦੱਸਿਆ ਕਿ ਬਾਲ ਭਲਾਈ ਕਮੇਟੀ ਅਤੇ ਜੁਵੈਨਾਈਲ ਜਸਟਿਸ ਬੋਰਡ ਦਾ ਕਾਰਜਕਾਲ ਤਿੰਨ ਸਾਲ ਦਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲੇ ਵਿੱਚ ਚੱਲ ਰਹੀ ਬਾਲ ਭਲਾਈ ਕਮੇਟੀ ਅਤੇ ਜਸਟਿਸ ਬੋਰਡ ਦਾ ਕਾਰਜਕਾਲ ਖਤਮ ਹੋ ਗਿਆ ਹੈ, ਜਿਸ ਕਰਕੇ ਹੁਣ ਜੁਵੈਨਾਈਲ ਜਸਟਿਸ ਬੋਰਡ ਲਈ ਦੋ ਨਵੇਂ ਯੋਗ ਮੈਂਬਰਾਂ ਅਤੇ ਬਾਲ ਭਲਾਈ ਕਮੇਟੀ ਲਈ ਇੱਕ ਚੇਅਰ ਪਰਸਨ ਅਤੇ ਚਾਰ ਮੈਂਬਰਾਂ ਦੀ ਨਿਯੁਕਤੀ ਕੀਤੀ ਜਾਣੀ ਹੈ।



# 4 ਜੂਨ ਦੀ ਜਲੰਧਰ ਕਨਵੈਨਸ਼ਨ ਨੂੰ ਲੈ ਕੇ ਸੀਪੀਆਈ ਐੱਮ ਐੱਲ ਲਿਬਰੇਸ਼ਨ ਵੱਲੋਂ ਜ਼ਰੂਰੀ ਮੀਟਿੰਗ

ਬਟਾਲਾ (ਤਰਲੋਕ ਬੱਗਾ)-ਸੀਪੀਆਈ ਐੱਮਐੱਲ ਲਿਬਰੇਸ਼ਨ ਦੀ ਇੱਕ ਮੀਟਿੰਗ ਅਸ਼ਵਨੀ ਕੁਮਾਰ ਲਖਣ ਕਲਾਂ ਦੀ ਪ੍ਰਧਾਨਗੀ ਹੇਠ ਹੋਈ ।ਮੀਟਿੰਗ ਵਿੱਚ ਬੋਲਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਨੇ ਦੱਸਿਆ ਕਿ ਬਾਰਡਰ ਉਪਰ ਜੰਗੀ ਮਾਹੌਲ ਪੂਰੀ ਤਰ੍ਹਾਂ ਖਤਮ ਕਰਨ ਲਈ ਅਤੇ ਦੋਵਾਂ ਦੇਸ਼ਾਂ ਦਰਮਿਆਨ ਮੁਕੰਮਲ ਅਮਨ ਬਹਾਲ ਕਰਨ, 22 ਅਪ੍ਰੈਲ ਤੋਂ ਬਾਅਦ ਇੱਕ ਦੂਸਰੇ ਦੇ ਦੇਸ਼ ਵਿਰੁੱਧ ਲਏ ਗਏ ਫੈਸਲੇ ਵਾਪਸ ਲੈਣ ਦੇ ਸਵਾਲ ਉਪਰ ਲਿਬਰੇਸ਼ਨ 4 ਜੂਨ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾ ਪੱਧਰੀ ਕਨਵੈਨਸ਼ਨ ਕਰੇਗੀ। ਕਨਵੈਨਸ਼ਨ ਵਿੱਚ ਮੁੱਖ ਬੁਲਾਰੇ ਵਜੋਂ ਲਿਬਰੇਸ਼ਨ ਦੇ ਕੌਮੀ ਜਨਰਲ ਸਕੱਤਰ ਦਪਿੰਕਰ ਭੱਟਾਚਾਰੀਆ ਪਹੁੰਚ ਰਹੇ ਹਨ।ਮੀਟਿੰਗ ਵਿੱਚ ਮੌਜੂਦਾ ਪੰਜਾਬ ਦੀ ਰਾਜਨੀਤਿਕ ਸਥਿਤੀ 'ਤੇ ਵੀ ਚਰਚਾ ਕੀਤੀ ਗਈ ਅਤੇ ਮਹਿਸੂਸ ਕੀਤਾ ਗਿਆ ਕਿ ਪੰਜਾਬ ਦੀ ਮਾਨ ਸਰਕਾਰ ਪੰਜਾਬ ਦੇ ਪ੍ਰਸ਼ਾਸਨ ਨੂੰ ਸੰਭਾਲਣ ਵਿੱਚ ਪੂਰੀ ਤਰਾਂ ਫੇਲ ਸਾਬਤ ਹੋਈ ਹੈ।ਹਰ ਰੋਜ਼ ਕਤਲਾਂ ਦੀਆਂ ਵਾਰਦਾਤਾਂ ਆਮ ਵਰਤਾਰਾ ਬਣ ਚੁੱਕਾ ਹੈ। ਐੱਮਐੱਲਏ ਅਮਨ ਅਰੋੜਾ ਦੀ ਗ੍ਰਿਫਤਾਰੀ 'ਤੇ ਟਿੱਪਣੀ ਕਰਦਿਆਂ ਲਿਬਰੇਸ਼ਨ ਨੇ ਕਿਹਾ ਕਿ ਜੇਕਰ ਭਗਵੰਤ ਮਾਨ ਸਰਕਾਰ ਦੀ ਭ੍ਰਿਸ਼ਟਾਚਾਰ ਦੇ ਸਵਾਲ ਉਪਰ ਜ਼ੀਰੋ ਟਾਲਰੈਂਸ ਹੈ ਤਾਂ ਉਸ ਨੂੰ ਆਪਣੇ ਸਾਰੇ ਮੰਤਰੀਆਂ ਅਤੇ ਐੱਮਐੱਲਏਜ਼ ਦੀਆਂ ਜਾਇਦਾਦਾਂ ਦੀ ਪੜਤਾਲ ਕਰਾਉਣੀ ਚਾਹੀਦੀ ਹੈ। ਮੀਟਿੰਗ ਨੇ ਸਰਕਾਰ ਦੀ ਅਲੋਚਨਾ ਕਰਦਿਆਂ ਕਿਹਾ ਕਿ ਪਿੰਡਾਂ ਦੇ ਮਜ਼ਦੂਰਾਂ ਲਈ ਇੱਕੋ ਇੱਕ ਰੁਜ਼ਗਾਰ ਮਨਰੇਗਾ ਨੂੰ ਸਰਕਾਰ ਅਤੇ ਪ੍ਰਸ਼ਾਸਨ ਦਰੁਸਤੀ ਨਾਲ ਲਾਗੂ ਨਹੀਂ ਕਰ ਰਹੇ ਬਲਕਿ ਮਨਰੇਗਾ ਦਾ ਹਾਕਮੀਕਰਨ ਕਰ ਦਿੱਤਾ ਗਿਆ ਹੈ, ਆਮ ਆਦਮੀ ਪਾਰਟੀ ਦੇ ਵਰਕਰ ਅਤੇ ਅਹੁਦੇਦਾਰ ਵੱਡੇ ਪੱਧਰ 'ਤੇ ਮਨਰੇਗਾ ਵਿੱਚ ਭਰਿਸ਼ਟਾਚਾਰ ਕਰ ਰਹੇ ਹਨ ਅਤੇ ਮਨਰੇਗਾ ਦਾ ਕੰਮ ਮੰਗਣ ਵਾਲੇ ਪਰਿਵਾਰਾਂ ਨੂੰ ਪ੍ਰਸ਼ਾਸਨ ਕੰਮ ਦੇਣ ਦੀ ਬਜਾਏ ਖੱਜਲ ਖੁਆਰ ਕਰ ਰਿਹਾ ਹੈ।ਮੀਟਿੰਗ ਵਿਚ ਗੁਲਜ਼ਾਰ ਸਿੰਘ ਭੁੰਬਲੀ, ਸੁਖਦੇਵ ਸਿੰਘ ਭਾਗੋਕਾਵਾਂ, ਬਲਜੀਤ ਸਿੰਘ ਖੱਦਰ, ਬਲਬੀਰ ਸਿੰਘ ਉੱਚਾਧਕਾਲਾ, ਪ੍ਰੇਮ ਮਸੀਹ ਸੋਨਾ, ਫੂਲ ਚੰਦ, ਦਰਸ਼ਨ ਸਿੰਘ ਖਰੋਟਾ, ਦਲਬੀਰ ਭੋਲਾ, ਜੋਗਿੰਦਰ ਪਾਲ ਲੇਹਲ ਅਤੇ ਬਾਲ ਕ੍ਰਿਸ਼ਨ ਪਾਲਾ ਸ਼ਾਮਲ ਸਨ।



# ਭਾਈ ਸੋਧ ਸਿੰਘ ਬਾਜ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਚੋਹਲਾ ਸਾਹਿਬ (ਰਮਨ ਚੱਢਾ)-ਬੀਤੇ ਦਿਨੀਂ ਪਿੰਡ ਸਰਹਾਲੀ ਕਲਾਂ ਨਿਵਾਸੀ ਉਘੇ ਅਭਿਨੇਤਾ, ਫ਼ਿਲਮੀ ਅਦਾਕਾਰ ਤੇ ਸੀਨੀਅਰ ਪੱਤਰਕਾਰ ਭਾਈ ਜੁਗਰਾਜ ਸਿੰਘ ਉਰਫ ਰਾਜ ਸੰਧੂ ਦੇ ਛੋਟੇ ਭਰਾ ਗੁਰਮਤਿ ਪ੍ਰਚਾਰਕ ਅਤੇ ਗੱਤਕਾ ਅਧਿਆਪਕ ਭਾਈ ਸੋਧ ਸਿੰਘ ਬਾਜ ਭਰ ਜਵਾਨੀ ਵਿੱਚ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਜਿਨ੍ਹਾਂ ਦੇ ਭੋਗ ਅਤੇ ਅੰਤਿਮ ਅਰਦਾਸ ਮੌਕੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਸੰਤ ਬਾਬਾ ਹਾਕਮ ਸਿੰਘ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ। ਭਾਈ ਤਸਵੀਰ ਸਿੰਘ (ਹਜ਼ੂਰੀ ਰਾਗੀ ਗੁਰਦੁਆਰਾ ਸਿੰਘ ਸਾਹਿਬ ਬਾਬਾ ਰਾਮ ਸਿੰਘ ਜੀ) ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ ਅਤੇ ਭਾਈ ਗੁਰਨੂਰ ਸਿੰਘ ਦਮਦਮੀ ਟਕਸਾਲ, ਭਾਈ ਰਜਿੰਦਰ ਸਿੰਘ ਤਲਵੰਡੀ ਨੇ ਕਥਾ ਵਿਚਾਰ ਨਾਲ ਹਾਜ਼ਰੀ ਭਰੀ। ਇਸ ਮੌਕੇ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਪ੍ਰਿੰ. ਅਕਾਲ ਅਕੈਡਮੀ ਰਾਏਪੁਰ ਪੀਰਬਖਸ਼, ਪ੍ਰਿੰ. ਅਕਾਲ ਅਕੈਡਮੀ ਧਾਰੀਵਾਲ ਬੇਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਇੰਸਪੈਕਟਰ ਹਰਭਜਨ ਸਿੰਘ ਸੰਧੂ, ਗੁਰਭੇਜ ਸਿੰਘ, ਅਮਰਜੀਤ ਸਿੰਘ ਸਰਹਾਲੀ, ਅੰਗਰੇਜ਼ ਸਿੰਘ ਸ਼ੇਰਦਿਲ, ਮਾਸਟਰ ਇੰਦਰਜੀਤ ਸਿੰਘ ਖੱਸਣ, ਅਰਜਨ ਸਿੰਘ ਸਮਾਜ ਸੇਵੀ, ਚੇਅਰਮੈਨ ਗੁਰਮਹਾਵੀਰ ਸਿੰਘ, ਬਲਕਾਰ ਸਿੰਘ ਲਾਡੀ, ਪ੍ਰਿੰ. ਮਨਦੀਪ ਸਿੰਘ ਗੰਡੀਵਿੰਡ, ਪ੍ਰਿੰ. ਅਜੈ ਸਿੰਘ ਹੁੰਦਲ, ਸਰਵਣ ਸਿੰਘ ਸਾਬਕਾ ਸਰਪੰਚ ਦਦੇਹਰ ਸਾਹਿਬ, ਬਾਬਾ ਸਰਬਜੀਤ ਸਿੰਘ, ਸੁੱਖਾ ਸਿੰਘ ਮਾਮੂਕੇ, ਸਾਬਕਾ ਸਰਪੰਚ ਸਾਹਿਬ ਸਿੰਘ ਯੂ ਕੇ ਪੈਲਸ ਵਾਲੇ, ਜਥੇਦਾਰ ਸ਼ਬਦਲ ਸਿੰਘ, ਜਗਜੀਤ ਸਿੰਘ ਸੁਹਾਵਾ, ਡਾ. ਕੁਲਦੀਪ ਸਿੰਘ ਸਰਹਾਲੀ ਅਤੇ ਕਈ ਹੋਰ ਪਤਵੰਤੇ ਹਾਜ਼ਰ ਸਨ।



# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਵੱਖ-ਵੱਖ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ

ਪਠਾਨਕੋਟ (ਦਵਿੰਦਰ ਸਿੰਘ)-ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵਿਧਾਨ ਸਭਾ ਹਲਕਾ ਭੋਆ ਦੇ ਵੱਖ-ਵੱਖ ਪਿੰਡਾਂ ਅੰਦਰ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਕੁਮਾਰ ਬਲਾਕ ਪ੍ਰਧਾਨ, ਅਮਨਦੀਪ ਕੁਮਾਰ ਡਿਪਟੀ ਡੀਈਓ ਸੈਕੰਡਰੀ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੋਹਣ ਲਾਲ ਬਲਾਕ ਪ੍ਰਧਾਨ, ਬਲਕਾਰ ਅੱਤਰੀ ਮੀਡੀਆ ਕੋਆਰਡੀਨੇਟਰ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਵੀ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਸਰਕਾਰੀ ਪ੍ਰਾਇਮਰੀ ਸਕੂਲ ਸਮਰਾਲਾ 'ਚ 8.5 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ 9.55 ਲੱਖ ਰੁਪਏ ਦੀ ਲਾਗਤ ਨਾਲ ਕਮਰੇ ਦਾ ਨਿਰਮਾਣ, ਸਰਕਾਰੀ ਪ੍ਰਾਇਮਰੀ ਸਕੂਲ ਕਿਲਾ ਵਿਖੇ 3.16 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ 7.51 ਲੱਖ ਰੁਪਏ ਦੀ ਲਾਗਤ ਨਾਲ ਕਮਰੇ ਦਾ ਨਿਰਮਾਣ, ਸਰਕਾਰੀ ਹਾਈ ਸਕੂਲ ਡੇਹਰੀਵਾਲ ਵਿਖੇ 9.55 ਲੱਖ ਰੁਪਏ ਨਾਲ ਕਮਰੇ ਦਾ ਨਿਰਮਾਣ, 22.23 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੀ ਰਿਪੇਅਰ ਅਤੇ 2 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੀ ਚਾਰਦੀਵਾਰੀ ਦਾ ਨਿਰਮਾਣ ਕੀਤਾ ਗਿਆ।ਇਸ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਕੋਠੀ ਪੰਡਿਤਾਂ ਵਿਖੇ 9.55 ਲੱਖ ਰੁਪਏ ਦੀ ਲਾਗਤ ਨਾਲ ਕਮਰੇ ਦਾ ਨਿਰਮਾਣ, 2.55 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੀ ਰਿਪੇਅਰ ਅਤੇ ਸਰਕਾਰੀ ਮਿਡਲ ਸਕੂਲ ਕੋਠੀ ਪੰਡਿਤਾਂ ਵਿਖੇ 9.55 ਲੱਖ ਰੁਪਏ ਦੀ ਲਾਗਤ ਨਾਲ ਕਮਰੇ ਦਾ ਨਿਰਮਾਣ ਕੀਤਾ ਗਿਆ।ਇਸ ਤਰ੍ਹਾਂ ਕੈਬਨਿਟ ਮੰਤਰੀ ਵੱਲੋਂ 84.15 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।




## ਡਿਮਾਂਡ ਨੋਟਿਸ

AXIS BANK
Retail Assets Center: AXIS Bank Ltd. "2nd and 3rd Floor, Property No. 7-E, Malhar Road, Saraabha Nagar, Ludhiana -141001.
Retail Assets Center: AXIS Bank Ltd, 3rd Floor, Sco 367-368, Above Akash Institute, Sector 34A Chandigarh- 160022
Corporate Office: 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025
Registered Office: 'Trishul', 3rd floor, opposite Samartheswar Temple, Law garden, Ellisbridge, Ahmedabad-380006

**ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਿਟਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਦੀਆਂ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐਸੇਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਅਦਾਇਗੀ ਦੀ ਮਿਤੀ ਤੱਕ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਲੜੀ ਨੰ. | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਪਤਾ | ਐੱਨ ਪੀ ਏ ਮਿਤੀ / ਡਿਮਾਂਡ ਨੋਟਿਸ ਦੀ ਮਿਤੀ / ਡਿਮਾਂਡ ਨੋਟਿਸ ਅਨੁਸਾਰ ਬਕਾਇਆ ਰਾਸ਼ੀ / ਕਰਜ਼ਾ ਰਕਮ |
|---|---|---|---|
| 1. | ਜਟਾਣਾ ਟਰੇਡਿੰਗ ਏਜੰਸੀ ਰਾਹੀਂ ਦੇ ਪ੍ਰੋਪ: ਨਰਿੰਦਰਪਾਲ ਅੰਗਰੀਸ਼ ਵਾਸੀ ਫੋਕਲ ਪੁਆਇੰਟ ਮਹਿਦੂਦਾਂ, ਤਹਿਸੀਲ ਸਮਰਾਲਾ, ਲੁਧਿਆਣਾ-141008 | (2) ਸ੍ਰੀ ਨਰਿੰਦਰ ਅੰਗਰੀਸ਼ ਪੁੱਤਰ ਰਾਮਜੀ ਦਾਸ ਵਾਸੀ ਵਾਰਡ ਨੰ. 4, ਨਿਊ ਗਰੇਨ ਮਾਰਕਿਟ, ਲੁਧਿਆਣਾ, ਦੋਰਾਹਾ, ਪੰਜਾਬ-141421, ਨਾਲ ਹੀ : ਸ੍ਰੀ ਨਰਿੰਦਰਪਾਲ ਅੰਗਰੀਸ਼ ਪੁੱਤਰ ਰਾਮਜੀ ਦਾਸ ਵਾਸੀ ਫੋਕਲ ਪੁਆਇੰਟ ਮਹਿਦੂਦਾਂ, ਤਹਿਸੀਲ ਸਮਰਾਲਾ, ਲੁਧਿਆਣਾ-141008 (3) ਮਨੀਸ਼ ਕੁਮਾਰ ਅੰਗਰੀਸ਼ ਪੁੱਤਰ ਨਰਿੰਦਰਪਾਲ ਅੰਗਰੀਸ਼ ਵਾਸੀ ਵਾਰਡ ਨੰ. 4, ਨਿਊ ਗਰੇਨ ਮਾਰਕਿਟ ਦੋਰਾਹਾ, ਲੁਧਿਆਣਾ, ਪੰਜਾਬ-141421 | 31/03/2025 / 24-April-2025<br>ਰੁਪਏ 12,09,397/- (ਬਾਰਾਂ ਲੱਖ ਨੌ ਹਜ਼ਾਰ ਤਿੰਨ ਸੌ ਸਤਾਨਵੇਂ ਰੁਪਏ ਕੇਵਲ)<br>Rs. 15,00,000/- |
| | ਬੈਨਾਮਾ ਨੰ. 1788 ਮਿਤੀ 28.11.1997 ਅਨੁਸਾਰ ਨਰਿੰਦਰਪਾਲ ਪੁੱਤਰ ਰਾਮਜੀ ਦਾਸ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ ਮਕਾਨ ਨੰ. ਡਬਲਯੂ 9/40 ਪੁਰਾਣਾ ਡਬਲਯੂ ਜੀ/118 ਨਵਾਂ, ਜ਼ਮੀਨ ਰਕਬਾ 15-1/2 * 62-1/2, ਰਾਮ ਗਲੀ, ਦੋਰਾਹਾ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਰਾਮਜੀ ਦਾਸ, ਪੱਛਮ : ਰਾਮ ਗਲੀ, ਉੱਤਰ : ਪਾਲ ਸਿੰਘ ਮਿਸਤਰੀ, ਦੱਖਣ : ਮਨੋਹਰ ਲਾਲ ਬੈਕਟਰ। | | |
| 2. | ਐੱਸ ਐੱਲ ਗਲਾਸ ਹਾਊਸ ਪ੍ਰੋਪ: ਰਾਜ ਕੁਮਾਰ ਵਾਸੀ ਪੱਟੀ ਤਰਨ ਤਾਰਨ ਅੰਮ੍ਰਿਤਸਰ ਪੰਜਾਬ-143416 | (2) ਸ੍ਰੀ ਰਾਜ ਕੁਮਾਰ ਪੁੱਤਰ ਸੋਹਣ ਲਾਲ # 567/17, ਵਾਰਡ ਨੰ. 17, ਪੱਟੀ ਤਰਨ ਤਾਰਨ, ਪੰਜਾਬ-143416, ਨਾਲ ਹੀ : ਸ੍ਰੀ ਰਾਜ ਕੁਮਾਰ ਪੁੱਤਰ ਸੋਹਣ ਲਾਲ ਵਾਸੀ 00 ਪੱਟੀ ਤਰਨ ਤਾਰਨ, ਅੰਮ੍ਰਿਤਸਰ, ਪੰਜਾਬ-143416, ਨਾਲ ਹੀ : ਸ੍ਰੀ ਰਾਜ ਕੁਮਾਰ ਪੁੱਤਰ ਸੋਹਣ ਲਾਲ # 567/17, ਵਾਰਡ ਨੰ. 17, ਪੱਟੀ ਤਰਨ ਤਾਰਨ, ਪੰਜਾਬ-143416 (3) ਸ੍ਰੀ ਸੋਹਣ ਲਾਲ ਪੁੱਤਰ ਅਮੀ ਚੰਦ ਵਾਸੀ ਮੁਹੱਲਾ ਰਿੱਦੀਆਂ ਦਾ, ਵਾਰਡ ਨੰ. 5, ਪੱਟੀ, ਤਰਨ ਤਾਰਨ ਪੰਜਾਬ-143416 | 31/03/2025 / 24-April-2025<br>ਰੁਪਏ 12,09,397/- (ਬਾਰਾਂ ਲੱਖ ਨੌ ਹਜ਼ਾਰ ਤਿੰਨ ਸੌ ਸਤਾਨਵੇਂ ਰੁਪਏ ਕੇਵਲ)<br>Rs. 12,00,000/- |
| | ਸ੍ਰੀ ਸੋਹਣ ਲਾਲ ਪੁੱਤਰ ਅਮੀ ਚੰਦ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ 3 ਮਰਲੇ, ਖੱਤਾ ਨੰ. 894/1400, 1401, ਖਸਰਾ ਨੰ. 141/14/2 ਅਤੇ 141//15/1, ਜਮ੍ਹਾਂਬੰਦੀ ਸਾਲ 2008-09 ਰਕਬਾ ਵਾਰਡ ਨੰ. 12, ਹੁਣ ਵਾਰਡ ਨੰ. 17, ਪੱਟੀ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਤ ਸਭ ਕੁਝ। ਹੱਦਾਂ : ਮੇਹਰ ਸਿੰਘ ਦਾ ਮਕਾਨ, ਉੱਤਰ : ਜਨਤਾ ਵਾਸਤੇ ਗਲੀ, ਦੱਖਣ : ਗੁਰਬਚਨ ਸਿੰਘ ਪਨੇਸਰ ਦੀ ਜਗ੍ਹਾ। | | |
| 3. | ਰਾਮਜੀ ਦਾਸ ਐਂਡ ਸੰਨਜ਼ ਰਾਹੀਂ ਇਸ ਦੇ ਪ੍ਰੋਪ: ਨਰਿੰਦਰਪਾਲ ਸਿੰਘ ਅੰਗਰੀਸ਼ ਨਿਊ ਗਰੇਨ ਮਾਰਕਿਟ, ਤਹਿਸੀਲ ਪਾਇਲ, ਦੋਰਾਹਾ, ਲੁਧਿਆਣਾ, ਪੰਜਾਬ, ਗਰੇਨ ਮਾਰਕਿਟ, ਲੁਧਿਆਣਾ, ਪੰਜਾਬ-141421 | (2) ਸ੍ਰੀ ਨਰਿੰਦਰਪਾਲ ਅੰਗਰੀਸ਼ ਪੁੱਤਰ ਰਾਮਜੀ ਦਾਸ ਵਾਸੀ ਨਿਊ ਗਰੇਨ ਮਾਰਕਿਟ, ਤਹਿਸੀਲ ਪਾਇਲ, ਦੋਰਾਹਾ, ਲੁਧਿਆਣਾ, ਪੰਜਾਬ-141421 (3) ਮਨੀਸ਼ ਕੁਮਾਰ ਅੰਗਰੀਸ਼ ਪੁੱਤਰ ਨਰਿੰਦਰਪਾਲ ਅੰਗਰੀਸ਼ ਵਾਸੀ ਵਾਰਡ ਨੰ. 4, ਨਿਊ ਗਰੇਨ ਮਾਰਕਿਟ ਦੋਰਾਹਾ, ਲੁਧਿਆਣਾ, ਪੰਜਾਬ-141421 (4) ਪਵਨ ਕੁਮਾਰ ਪੁੱਤਰ ਰਾਮਜੀ ਦਾਸ ਵਾਸੀ ਵਾਰਡ ਨੰ. 4, ਨਿਊ ਗਰੇਨ ਮਾਰਕਿਟ ਦੋਰਾਹਾ, ਲੁਧਿਆਣਾ, ਪੰਜਾਬ-141421, ਨਾਲ ਹੀ : ਪਵਨ ਕੁਮਾਰ ਪੁੱਤਰ ਰਾਮਜੀ ਦਾਸ ਵਾਸੀ ਵਾਰਡ ਨੰ. 4, ਰਾਮ ਗਲੀ, ਦੋਰਾਹਾ, ਲੁਧਿਆਣਾ, ਪੰਜਾਬ-141421 | 31/03/2025 / 24-April-2025<br>ਰੁਪਏ 20,42,249/- (ਵੀਹ ਲੱਖ ਬਤਾਲੀ ਹਜ਼ਾਰ ਦੋ ਸੌ ਉਨੰਜਾ ਰੁਪਏ ਕੇਵਲ)<br>Rs. 20,00,000/- |
| | ਬੈਨਾਮਾ ਨੰ. 1788 ਮਿਤੀ 28.11.1997 ਅਨੁਸਾਰ ਨਰਿੰਦਰਪਾਲ ਪੁੱਤਰ ਰਾਮਜੀ ਦਾਸ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ ਮਕਾਨ ਨੰ. ਡਬਲਯੂ 9/40 ਪੁਰਾਣਾ ਡਬਲਯੂ ਜੀ/118 ਨਵਾਂ, ਜ਼ਮੀਨ ਰਕਬਾ 15-1/2 * 62-1/2, ਰਾਮ ਗਲੀ, ਦੋਰਾਹਾ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਰਾਮਜੀ ਦਾਸ, ਪੱਛਮ : ਰਾਮ ਗਲੀ, ਉੱਤਰ : ਪਾਲ ਸਿੰਘ ਮਿਸਤਰੀ, ਦੱਖਣ : ਮਨੋਹਰ ਲਾਲ ਬੈਕਟਰ। | | |
| 4. | ਸਾਈਂ ਕਿਰਪਾ ਬਿਲਡਰਜ਼ ਰਾਹੀਂ ਇਸ ਦੇ ਪ੍ਰੋਪ: ਰਿਚਾ ਢੀਂਗਰਾ ਵਾਸੀ ਐੱਫ ਨੰ. ਡੀ-603, ਐੱਸ ਪੀ ਅਪਾਰਟਮੈਂਟ ਵਰਿਆਣਾ, ਜਲੰਧਰ, ਪੰਜਾਬ, ਨੇੜੇ ਜਲੰਧਰ, ਪੰਜਾਬ-144013, ਨਾਲ ਹੀ : ਸਾਈਂ ਕਿਰਪਾ ਬਿਲਡਰਜ਼ ਰਾਹੀਂ ਇਸ ਦੇ ਪ੍ਰੋਪ: ਰਿਚਾ ਢੀਂਗਰਾ ਵਾਸੀ ਐੱਫ ਨੰ. ਡੀ-602, ਸਿਲਵਰ ਪਾਲਮ ਅਪਾਰਟਮੈਂਟ ਜਲੰਧਰ ਕੁੰਜ ਵਰਿਆਣਾ, ਜਲੰਧਰ, ਪੰਜਾਬ-144013 | (2) ਸ੍ਰੀਮਤੀ ਰਿਚਾ ਢੀਂਗਰਾ ਪਤਨੀ ਸਮਰਾਟ ਢੀਂਗਰਾ ਵਾਸੀ ਐੱਫ ਨੰ. ਡੀ-603, ਐੱਸ ਪੀ ਅਪਾਰਟਮੈਂਟ ਵਰਿਆਣਾ, ਜਲੰਧਰ, ਪੰਜਾਬ, ਨੇੜੇ ਜਲੰਧਰ, ਪੰਜਾਬ-144013, ਨਾਲ ਹੀ : ਸ੍ਰੀਮਤੀ ਰਿਚਾ ਢੀਂਗਰਾ ਪਤਨੀ ਸਮਰਾਟ ਢੀਂਗਰਾ ਐੱਫ ਨੰ. ਡੀ-602, ਸਿਲਵਰ ਪਾਲਮ ਅਪਾਰਟਮੈਂਟ ਜਲੰਧਰ ਕੁੰਜ ਵਰਿਆਣਾ, ਜਲੰਧਰ, ਪੰਜਾਬ-144013 | 01/04/2025 / 24-April-2025<br>ਰੁਪਏ 33,42,650/- (ਤੇਤੀ ਲੱਖ ਬਤਾਲੀ ਹਜ਼ਾਰ ਛੇ ਸੌ ਪੰਜਾਹ ਰੁਪਏ ਕੇਵਲ)<br>Rs. 35,00,000/- |
| | ਬੈਨਾਮਾ ਨੰ. 2023-24/187/1/5784 ਮਿਤੀ 21.09.2023 ਅਨੁਸਾਰ ਰਿਚਾ ਢੀਂਗਰਾ ਪਤਨੀ ਸਮਰਾਟ ਢੀਂਗਰਾ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ 1068 ਵਰਗ ਗਜ਼, ਫਲੈਟ ਨੰ. 604, ਬਲਾਕ-ਡੀ-2 ਬੀ ਐੱਚ ਕੇ, ਸਿਲਵਰ ਪਾਮ ਅਪਾਰਟਮੈਂਟ, ਪਿੰਡ ਵਰਿਆਣਾ ਜਲੰਧਰ, ਪੰਜਾਬ-144013 ਨਾਲ ਸੰਬੰਧਤ ਸਭ ਕੁਝ। ਹੱਦਾਂ : ਸਾਈਟ ਅਨੁਸਾਰ : ਪੂਰਬ : ਬਲਾਕ-ਡੀ, ਪੱਛਮ : ਸੜਕ, ਉੱਤਰ : ਖੁੱਲ੍ਹਾ ਖੇਤਰ, ਦੱਖਣ : ਫਲੈਟ ਨੰ. 603 | | |
| 5. | ਡੀ ਐੱਮ ਇੰਟਰਪ੍ਰਾਈਜ਼ਜ਼ ਰਾਹੀਂ ਇਸ ਦੇ ਪ੍ਰੋਪ: ਸ੍ਰੀ ਰਮੇਸ਼ ਚੰਦਰ ਪੁੱਤਰ ਇੰਦਰਦਾਸ ਮਾਰਫਤ ਨਿਊ ਰਸੀਲਾ ਨਗਰ, ਨੇੜੇ ਇੰਡੋ ਜਰਮਨ ਸਕੂਲ, ਬਸਤੀ ਦਾਨਿਸ਼ਮੰਦਾਂ, ਨਿਊ ਰਸੀਲਾ ਨਗਰ, ਜਲੰਧਰ, ਪੰਜਾਬ-144002 | (2) ਸ੍ਰੀ ਰਮੇਸ਼ ਚੰਦਰ ਪੁੱਤਰ ਇੰਦਰਦਾਸ ਵਾਸੀ ਨਿਊ ਰਸੀਲਾ ਨਗਰ, ਨੇੜੇ ਇੰਡੋ ਜਰਮਨ ਸਕੂਲ, ਬਸਤੀ ਦਾਨਿਸ਼ਮੰਦਾਂ, ਨਿਊ ਰਸੀਲਾ ਨਗਰ, ਜਲੰਧਰ, ਪੰਜਾਬ-144002, ਨਾਲ ਹੀ : ਸ੍ਰੀ ਰਮੇਸ਼ ਚੰਦਰ ਪੁੱਤਰ ਇੰਦਰਦਾਸ ਵਾਸੀ ਪਲਾਟ ਨੰ. 34-35, ਰਸੀਲਾ ਨਗਰ ਬਸਤੀ ਦਾਨਿਸ਼ਮੰਦਾਂ, ਜਲੰਧਰ, ਪੰਜਾਬ-144001, ਨਾਲ ਹੀ : ਰਮੇਸ਼ ਚੰਦਰ ਪੁੱਤਰ ਇੰਦਰਦਾਸ ਵਾਸੀ # 50, ਨਿਊ ਰਸੀਲਾ ਨਗਰ, ਬਸਤੀ ਦਾਨਿਸ਼ਮੰਦਾਂ, ਜਲੰਧਰ, ਪੰਜਾਬ-144002 (3) ਸ੍ਰੀ ਦੀਕਸ਼ਤ ਲੋਚ ਪੁੱਤਰ ਰਮੇਸ਼ ਕੁਮਾਰ ਵਾਸੀ # 50, ਨਿਊ ਰਸੀਲਾ ਨਗਰ, ਬਸਤੀ ਦਾਨਿਸ਼ਮੰਦਾਂ, ਬਸਤੀ ਗੁਜ਼ਾਂ, ਜਲੰਧਰ, ਪੰਜਾਬ-144002, ਨਾਲ ਹੀ : ਸ੍ਰੀ ਦੀਕਸ਼ਤ ਲੋਚ ਪੁੱਤਰ ਰਮੇਸ਼ ਕੁਮਾਰ ਵਾਸੀ ਪਲਾਟ ਨੰ. 34-35, ਰਸੀਲਾ ਨਗਰ ਬਸਤੀ ਦਾਨਿਸ਼ਮੰਦਾਂ, ਜਲੰਧਰ, ਪੰਜਾਬ-144001 (4) ਸ੍ਰੀਮਤੀ ਸੰਤੋਸ਼ ਪਤਨੀ ਰਮੇਸ਼ ਕੁਮਾਰ ਵਾਸੀ # 50, ਨਿਊ ਰਸੀਲਾ ਨਗਰ, ਬਸਤੀ ਦਾਨਿਸ਼ਮੰਦਾਂ, ਜਲੰਧਰ, ਪੰਜਾਬ-144002, ਨਾਲ ਹੀ : ਸ੍ਰੀਮਤੀ ਸੰਤੋਸ਼ ਪਤਨੀ ਰਮੇਸ਼ ਕੁਮਾਰ ਵਾਸੀ ਪਲਾਟ ਨੰ. 34-35, ਰਸੀਲਾ ਨਗਰ ਬਸਤੀ ਦਾਨਿਸ਼ਮੰਦਾਂ, ਜਲੰਧਰ, ਪੰਜਾਬ-144001 | 24-Mar-2025 / 5th-May-2025<br>ਰੁਪਏ 26,63,414.5/-(ਛੱਬੀ ਲੱਖ ਤਰੇਹਠ ਹਜ਼ਾਰ ਚਾਰ ਸੌ ਚੌਦਾਂ ਰੁਪਏ ਪੰਜਾਹ ਪੈਸੇ ਕੇਵਲ)<br>Rs. 40,00,000/- |
| | (i) ਸਨਅਤੀ ਜਾਇਦਾਦ ਕੁੱਲ 30 ਮਰਲੇ ਮਕਾਨ ਨੰ. 36, ਖਸਰਾ ਨੰ. 755, 759, 760, 765, 763, 771, 772, 758, ਪਿੰਡ ਰਸੀਲਾ ਨਗਰ, ਨੇੜੇ ਇੰਡੋ-ਜਰਮਨ ਸਕੂਲ, ਅਬਾਦੀ ਬਸਤੀ ਦਾਨਿਸ਼ਮੰਦਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਪੰਜਾਬ ਨਾਲ ਸੰਬੰਧਤ ਸਭ ਕੁਝ। 10 ਮਰਲੇ, ਬੈਨਾਮਾ ਨੰ. 15816, ਮਿਤੀ 17.03.1998 ਅਨੁਸਾਰ ਰਮੇਸ਼ ਕੁਮਾਰ ਪੁੱਤਰ ਇੰਦਰ ਦਾਸ ਦੇ ਨਾਂਅ 'ਤੇ ਰਜਿਸਟਰਡ।<br>(ii) ਸਨਅਤੀ ਜਾਇਦਾਦ ਮਕਾਨ ਨੰ. 37, ਖਸਰਾ ਨੰ. 755, 759, 760, 765, 763, 771, 772, 758, ਪਿੰਡ ਰਸੀਲਾ ਨਗਰ, ਨੇੜੇ ਇੰਡੋ-ਜਰਮਨ ਸਕੂਲ, ਅਬਾਦੀ ਬਸਤੀ ਦਾਨਿਸ਼ਮੰਦਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਪੰਜਾਬ ਨਾਲ ਸੰਬੰਧਤ ਸਭ ਕੁਝ। 10 ਮਰਲੇ ਬੈਨਾਮਾ ਨੰ. 11681 ਮਿਤੀ 05.02.1996 ਅਨੁਸਾਰ ਸੰਤੋਸ਼ ਕੁਮਾਰੀ ਪਤਨੀ ਰਮੇਸ਼ ਕੁਮਾਰ ਪੁੱਤਰ ਇੰਦਰ ਦਾਸ ਦੇ ਨਾਂਅ 'ਤੇ ਰਜਿਸਟਰਡ।<br>(iii) ਸਨਅਤੀ ਜਾਇਦਾਦ ਮਕਾਨ ਨੰ. 38, ਖਸਰਾ ਨੰ. 755, 759, 760, 765, 763, 771, 772, 758, ਪਿੰਡ ਰਸੀਲਾ ਨਗਰ, ਨੇੜੇ ਇੰਡੋ-ਜਰਮਨ ਸਕੂਲ, ਅਬਾਦੀ ਬਸਤੀ ਦਾਨਿਸ਼ਮੰਦਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਪੰਜਾਬ ਨਾਲ ਸੰਬੰਧਤ ਸਭ ਕੁਝ। 10 ਮਰਲੇ ਬੈਨਾਮਾ ਨੰ. 11463 ਮਿਤੀ 19.12.1996 ਅਨੁਸਾਰ ਸੰਤੋਸ਼ ਕੁਮਾਰੀ ਪਤਨੀ ਰਮੇਸ਼ ਕੁਮਾਰ ਪੁੱਤਰ ਇੰਦਰ ਦਾਸ ਦੇ ਨਾਂਅ 'ਤੇ ਰਜਿਸਟਰਡ। ਹੱਦਾਂ : ਸਾਈਟ ਅਨੁਸਾਰ ਪੂਰਬ : ਸੜਕ, ਪੱਛਮ : ਹੋਰ, ਉੱਤਰ : ਹੋਰ, ਦੱਖਣ : ਹੋਰ। | | |
| 6. | (1) ਐੱਸ ਈ ਇੰਟਰਪ੍ਰਾਈਜ਼ਜ਼ ਰਾਹੀਂ ਇਸ ਦੇ ਪ੍ਰੋਪ: ਸੰਜੀਵ ਦੂਆ ਵਾਸੀ ਪਹਿਲੀ ਮੰਜ਼ਲ ਬਜ਼ਾਰ ਸੱਭੂਨੈਣ, ਕੈਲਾਸ਼ਵਤੀ ਮਾਰਕਿਟ, ਅੰਮ੍ਰਿਤਸਰ, ਨੇੜੇ ਕਾਲੀ ਮਾਤਾ ਮੰਦਰ, ਅੰਮ੍ਰਿਤਸਰ ਪੰਜਾਬ-143001, ਨਾਲ ਹੀ : ਐੱਸ ਐੱਸ ਇੰਟਰਪ੍ਰਾਈਜ਼ਜ਼ ਰਾਹੀਂ ਦੇ ਪ੍ਰੋਪ: ਸੰਜੀਵ ਦੂਆ ਵਾਸੀ # 602, ਗਲੀ ਨੰ. 4, ਗਰੀਨ ਫੀਲਡ ਮਜੀਠਾ ਰੋਡ, ਅੰਮ੍ਰਿਤਸਰ-1, ਡਾਕਖਾਨਾ ਅੰਮ੍ਰਿਤਸਰ, ਜੀ ਪੀ ਓ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ-143001 | (2) ਸ੍ਰੀ ਸੰਜੀਵ ਦੂਆ ਪੁੱਤਰ ਗਿਆਨ ਚੰਦ ਦੂਆ ਵਾਸੀ ਪਹਿਲੀ ਮੰਜ਼ਲ ਬਜ਼ਾਰ ਸੱਭੂਨੈਣ, ਕੈਲਾਸ਼ਵਤੀ ਮਾਰਕਿਟ, ਅੰਮ੍ਰਿਤਸਰ, ਨੇੜੇ ਕਾਲੀ ਮਾਤਾ ਮੰਦਰ, ਅੰਮ੍ਰਿਤਸਰ ਪੰਜਾਬ-143001, ਨਾਲ ਹੀ : ਸੰਜੀਵ ਦੂਆ ਪੁੱਤਰ ਗਿਆਨ ਚੰਦ ਦੂਆ ਵਾਸੀ # 602, ਗਲੀ ਨੰ. 4, ਗਰੀਨ ਫੀਲਡ ਮਜੀਠਾ ਰੋਡ, ਅੰਮ੍ਰਿਤਸਰ-1, ਡਾਕਖਾਨਾ ਅੰਮ੍ਰਿਤਸਰ, ਜੀ ਪੀ ਓ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ-143001 (3) ਸ੍ਰੀ ਸੋਨੂੰ ਦੂਆ ਪਤਨੀ ਸੰਜੀਵ ਦੂਆ ਵਾਸੀ # 602, ਗਲੀ ਨੰ. 4, ਗਰੀਨ ਫੀਲਡ ਮਜੀਠਾ ਰੋਡ, ਅੰਮ੍ਰਿਤਸਰ-1, ਡਾਕਖਾਨਾ ਅੰਮ੍ਰਿਤਸਰ, ਜੀ ਪੀ ਓ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ-143001 | 05/04/2025 / 24-April-2025<br>ਰੁਪਏ 3,04,60,485/- (ਤਿੰਨ ਕਰੋੜ ਚਾਰ ਲੱਖ ਸੱਠ ਹਜ਼ਾਰ ਚਾਰ ਸੌ ਪਚਾਸੀ ਰੁਪਏ ਕੇਵਲ)<br>Rs. 3,00,00,000/- |
| | ਜਾਇਦਾਦ ਨੰ. 1:-ਵਸੀਕਾ ਨੰ. 3846 ਮਿਤੀ 03.08.2005 ਅਨੁਸਾਰ ਸੰਜੀਵ ਦੂਆ ਪੁੱਤਰ ਗਿਆਨ ਚੰਦ ਦੂਆ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਪਲਾਟ ਰਕਬਾ 41.11 ਵਰਗ ਗਜ਼, ਕਿਲਾ ਭੰਗੀਆਂ, ਗਲੀ ਖਾਸੀਆਂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢੀ ਓਮ ਪ੍ਰਕਾਸ਼, ਪੱਛਮ : ਗੁਆਂਢੀ, ਜੀਤ ਸਿੰਘ, ਉੱਤਰ : ਗਲੀ, ਦੱਖਣ : ਗਿਆਨ ਚੰਦ। ਜਾਇਦਾਦ ਨੰ. 2 :-ਵਪਾਰਕ ਜਾਇਦਾਦ ਰਕਬਾ 14 ਵਰਗ ਗਜ਼, ਨੰ. 95, ਬਜ਼ਾਰ ਸਾਬੁਨੇਨ, ਰਾਮ ਸਹਾਏ ਮਾਰਕਿਟ, ਕੈਲਾਸ਼ਪਤੀ ਮਾਰਕਿਟ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਐੱਨ/ਏ, ਪੱਛਮ : ਐੱਨ/ਏ, ਉੱਤਰ : ਐੱਨ/ਏ, ਦੱਖਣ : ਐੱਨ/ਏ। ਜਾਇਦਾਦ ਨੰ. 3 :- ਜਾਇਦਾਦ ਪਲਾਟ ਰਕਬਾ 250 ਵਰਗ ਗਜ਼, ਗ੍ਰੀਨ ਫੀਲਟ ਨੰ. 592, ਰੱਖ ਸ਼ਿਕਾਰਗਾਹ, ਅਬਾਦੀ ਇੰਦਰਾ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : 590, 591, ਪੱਛਮ : 593, ਉੱਤਰ : ਸੜਕ, ਦੱਖਣ : 59 | | |
| 7. | (1) ਸ਼ਿਵ ਟਰੇਡਿੰਗ ਕੰਪਨੀ ਰਾਹੀਂ ਇਸ ਦੇ ਪ੍ਰੋਪ : ਸ੍ਰੀਮਤੀ ਵੀਨਾ ਰਾਣੀ ਵਾਸੀ ਮਕਾਨ ਨੰ. 623 ਗਲੀ ਨੰ. 2, ਨਿਊ ਮੇਹਰ ਸਿੰਘ ਕਾਲੋਨੀ, ਪਟਿਆਲਾ, ਪੰਜਾਬ-147001, ਨਾਲ ਹੀ : ਸ਼ਿਵ ਟਰੇਡਿੰਗ ਕੰਪਨੀ, ਰਾਹੀਂ ਦੇ ਪ੍ਰੋਪ: ਸ੍ਰੀਮਤੀ ਵੀਨਾ ਰਾਣੀ ਪਤਨੀ ਅਸ਼ੋਕ ਕੁਮਾਰ ਬਾਂਸਲ ਪਤਾ : ਦੁਕਾਨ ਨੰ. 166, ਪਿੰਡ ਸਿਊਣਾ, ਮੇਨ ਬਜ਼ਾਰ, ਨੇੜੇ ਟਾਂਡੀ ਤ੍ਰਿਪੁਰੀ ਟਾਊਨ, ਪਟਿਆਲਾ, ਪੰਜਾਬ-147001 | (2) ਸ੍ਰੀਮਤੀ ਵੀਨਾ ਰਾਣੀ ਪਤਨੀ ਅਸ਼ੋਕ ਕੁਮਾਰ ਬਾਂਸਲ ਵਾਸੀ ਮਕਾਨ ਨੰ. 634 ਨਿਊ ਮੇਹਰ ਸਿੰਘ ਕਾਲੋਨੀ, ਪਟਿਆਲਾ, ਪੰਜਾਬ-147001 (3) ਸ੍ਰੀ ਅਸ਼ੋਕ ਕੁਮਾਰ ਬਾਂਸਲ ਪੁੱਤਰ ਰਾਮਧਾਰੀ ਬਾਂਸਲ ਵਾਸੀ ਮਕਾਨ ਨੰ. 634 ਨਿਊ ਮੇਹਰ ਸਿੰਘ ਕਾਲੋਨੀ, ਪਟਿਆਲਾ, ਪੰਜਾਬ-147001 (4) ਸ਼ਿਵ ਬਾਂਸਲ ਪੁੱਤਰ ਅਸ਼ੋਕ ਕੁਮਾਰ ਬਾਂਸਲ ਵਾਸੀ ਮਕਾਨ ਨੰ. 634 ਨਿਊ ਮੇਹਰ ਸਿੰਘ ਕਾਲੋਨੀ, ਪਟਿਆਲਾ, ਪੰਜਾਬ-147001 | 01-April-2025 / 16-MAY-2025<br>ਰੁਪਏ 1,13,80,967/- (ਇੱਕ ਕਰੋੜ ਤੇਰਾਂ ਲੱਖ ਅੱਸੀ ਹਜ਼ਾਰ ਨੌ ਸੌ ਸਤਾਹਠ ਰੁਪਏ ਕੇਵਲ)<br>Rs. 1,35,00,000/- |
| | (1) ਬੈਨਾਮਾ ਵਸੀਕਾ ਨੰ. 16171 ਮਿਤੀ 25.01.2013 ਅਨੁਸਾਰ ਅਸ਼ੋਕ ਕੁਮਾਰ ਪੁੱਤਰ ਰਾਮਧਾਰੀ ਦੇ ਨਾਂਅ 'ਤੇ ਰਜਿਸਟਰਡ, ਵਪਾਰਕ ਜਾਇਦਾਦ/ਗੋਦਾਮ ਪਲਾਟ ਨੰ. 623, (ਨਗਰ ਨਿਗਮ ਨੰ. 6153/5), ਕੁੱਲ ਰਕਬਾ 233 ਵਰਗ ਗਜ਼, ਗਲੀ ਨੰ. 2, ਮੇਹਰ ਸਿੰਘ ਕਾਲੋਨੀ, ਅਬਾਦੀ ਤ੍ਰਿਪੁੜੀ ਟਾਊਨ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ (ਇਸ ਤੋਂ ਬਾਅਦ ਉੱਕਤ ਜਾਇਦਾਦ ਵਜੋਂ ਹਵਾਲਾ) ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਪ੍ਰੀਤਮ ਸਿੰਘ ਦਾ ਮਕਾਨ ਸਾਈਡ 30', ਪੱਛਮ : ਸੜਕ ਸਾਈਡ 30', ਉੱਤਰ : ਮਕਾਨ ਨੰ. 622, ਸਾਈਡ 70 ਫੁੱਟ, ਦੱਖਣ : ਮਕਾਨ ਨੰ. 617 ਸਾਈਡ 70' (2) ਬੈਨਾਮਾ ਵਸੀਕਾ ਨੰ. 18497 ਮਿਤੀ 24.01.2005 ਅਨੁਸਾਰ ਅਸ਼ੋਕ ਕੁਮਾਰ ਪੁੱਤਰ ਰਾਮਧਾਰੀ ਦੇ ਨਾਂਅ 'ਤੇ ਰਜਿਸਟਰਡ ਵਪਾਰਕ ਜਾਇਦਾਦ/ਦੁਕਾਨ ਨੰ. 166 ਮਿਨ ਰਕਬਾ 33-1/3 ਵਰਗ ਗਜ਼, ਤ੍ਰਿਪੁੜੀ ਟਾਊਨ ਪਟਿਆਲਾ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ (ਇਸ ਤੋਂ ਬਾਅਦ ਉੱਕਤ ਜਾਇਦਾਦ ਵਜੋਂ ਹਵਾਲਾ) ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਚੇਤਨ ਰਾਮ ਦਾ ਕੁਆਰਟਰ ਸਾਈਡ 10', ਪੱਛਮ : ਸੜਕ ਸਾਈਡ 22', ਉੱਤਰ : ਪਾਹੀ ਰਾਮ ਦਾ ਮਕਾਨ ਸਾਈਡ 30', ਦੱਖਣ : ਸੱਤ ਨਰਾਇਣ ਮੰਦਰ ਦਾ ਕਮਰਾ ਅਤੇ ਜ਼ਮੀਨ ਸਾਈਡ 30' 3. ਬੈਨਾਮਾ ਵਸੀਕਾ ਨੰ. 7104 ਮਿਤੀ 09.08.2010 ਅਨੁਸਾਰ ਵੀਨਾ ਰਾਣੀ ਪਤਨੀ ਅਸ਼ੋਕ ਕੁਮਾਰ ਪੁੱਤਰ ਰਾਮਧਾਰੀ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 634, ਰਕਬਾ 0 ਕੇ-11 ਮਰਲੇ, ਜੋ ਕਿ 333 ਵਰਗ ਗਜ਼ ਹੈ, ਨਿਊ ਮੇਹਰ ਸਿੰਘ ਕਾਲੋਨੀ, ਪਿੰਡ ਤ੍ਰਿਪੁੜੀ ਸੈਦਾਂ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ (ਇਸ ਤੋਂ ਬਾਅਦ ਉੱਕਤ ਜਾਇਦਾਦ ਵਜੋਂ ਹਵਾਲਾ) ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਖਾਲੀ ਪਲਾਟ ਨੰ. 642, ਸਾਈਡ 40', ਪੱਛਮ : ਸੜਕ 20' ਸਾਈਡ 40', ਉੱਤਰ : ਮਕਾਨ ਨੰ. 635, ਸਾਈਡ 75', ਦੱਖਣ : ਮਕਾਨ ਨੰ. 633, ਸੁਰਿੰਦਰ ਸਿੰਘ, ਸਾਈਡ 75 | | |
| 8. | (1) ਲਕਸ਼ਮੀ ਟਰੇਡਰਜ਼ ਰਾਹੀਂ ਇਸ ਦੇ ਪ੍ਰੋਪ: ਸ੍ਰੀ ਰਜਨੀ ਰਾਣੀ ਪਤਨੀ ਮੋਹਿਤ ਮਿੱਤਲ ਵਾਸੀ ਖਸਰਾ ਨੰ. 171/11 172/6 ਮਹਿਲਾ ਰੋਡ, ਸੰਗਰੂਰ ਪੰਜਾਬ-148001, ਨਾਲ ਹੀ : (2) ਲਕਸ਼ਮੀ ਟਰੇਡਰਜ਼ ਰਾਹੀਂ ਇਸ ਦੇ ਪ੍ਰੋਪ: ਸ੍ਰੀਮਤੀ ਰਜਨੀ ਰਾਣੀ ਪਤਨੀ ਮੋਹਿਤ ਮਿੱਤਲ ਵਾਸੀ B-XIV-A/00047 ਗਲੀ ਨੰ. 1, ਸ਼ੇਖੋਂ ਰੋਡ, ਸਾਹਮਣੇ ਜੈਨ ਮੰਦਰ, ਬਰਨਾਲਾ, ਪੰਜਾਬ-148101 | (3) ਸ੍ਰੀਮਤੀ ਰਜਨੀ ਰਾਣੀ ਪਤਨੀ ਮੋਹਿਤ ਮਿੱਤਲ ਵਾਸੀ B-XIV-A/00047 ਗਲੀ ਨੰ. 1, ਸ਼ੇਖੋਂ ਰੋਡ, ਸਾਹਮਣੇ ਜੈਨ ਮੰਦਰ, ਬਰਨਾਲਾ, ਪੰਜਾਬ-148101 (4) ਮੋਹਿਤ ਮਿੱਤਲ ਪੁੱਤਰ ਸੁਭਾਸ਼ ਚੰਦਰ ਵਾਸੀ B-XIV-A/00047 ਗਲੀ ਨੰ. 1, ਸ਼ੇਖੋਂ ਰੋਡ, ਸਾਹਮਣੇ ਜੈਨ ਮੰਦਰ, ਬਰਨਾਲਾ, ਪੰਜਾਬ-148101 | 22-April-2025 / 16-MAY-2025<br>ਰੁਪਏ 19,33,676/-+10,62,500/-=29,96,176/- (ਉਨੱਤੀ ਲੱਖ ਛਿਆਨਵੇਂ ਹਜ਼ਾਰ ਇੱਕ ਸੌ ਛਿਅੱਤਰ ਰੁਪਏ ਕੇਵਲ)<br>Rs. 20,00,000/- & Rs.15,00,000/- |
| | ਤਬਾਦਲਾ ਬੈਨਾਮਾ ਵਸੀਕਾ ਨੰ. 2019-20/86/1/1719 ਮਿਤੀ 22.07.2019 ਰਾਹੀਂ ਮੋਹਿਤ ਮਿੱਤਲ ਪੁੱਤਰ ਸੁਭਾਸ਼ ਚੰਦਰ ਪੁੱਤਰ ਰਾਜਾ ਰਾਮ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਰਕਬਾ 153 ਵਰਗ ਗਜ਼, ਗਲੀ ਨੰ. 1, ਅਬਾਦੀ ਸੇਖੂ ਰੋਡ, ਤਹਿਸੀਲ ਤੇ ਜ਼ਿਲ੍ਹਾ ਬਰਨਾਲਾ (ਇਸ ਤੋਂ ਬਾਅਦ ਉੱਕਤ ਜਾਇਦਾਦ ਵਜੋਂ ਹਵਾਲਾ) ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : 29 ਫੁੱਟ, ਗੋਪਾਲ ਕ੍ਰਿਸ਼ਨ, ਪੱਛਮ : 29 ਫੁੱਟ ਗਲੀ ਨੰ. 1, ਉੱਤਰ : 48 ਫੁੱਟ 9 ਇੰਚ ਮਾਲਕ, ਦੱਖਣ : 46 ਫੁੱਟ 3 ਇੰਚ ਇੰਦਰਜੀਤ ਪ੍ਰਕਾਸ਼ ਚੰਦ। | | |
| 9. | ਕੁਲਵੰਤ ਸਿੰਘ ਐਂਡ ਬ੍ਰਦਰਜ਼ ਰਾਹੀਂ ਇਸ ਦੇ ਪ੍ਰੋਪ: ਕੁਲਵੰਤ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਦੁਕਾਨ ਨੰ. 84, ਨਿਊ ਗਰੇਨ ਮਾਰਕਿਟ, ਸਮਰਾਲਾ, ਪੰਜਾਬ-141114 | (2) ਕੁਲਵੰਤ ਸਿੰਘ ਪੁੱਤਰ ਗੁਰਚਰਨ ਸਿੰਘ ਤਹਿਸੀਲ ਸਮਰਾਲਾ, ਪਪਰੌਡੀ ਭਗਵਾਨਪੁਰਾ, ਲੁਧਿਆਣਾ-141114 (3) ਸਰਬਜੀਤ ਸਿੰਘ ਪੁੱਤਰ ਕੁਲਵੰਤ ਸਿੰਘ ਤਹਿਸੀਲ ਸਮਰਾਲਾ, ਪਪਰੌਡੀ ਭਗਵਾਨਪੁਰਾ, ਲੁਧਿਆਣਾ-141114 | 30-April-2025 / 16-MAY-2025<br>ਰੁਪਏ 89,85,897.6/- (ਉਨਾਨਵੇਂ ਲੱਖ ਪਚਾਸੀ ਹਜ਼ਾਰ ਅੱਠ ਸੌ ਸਤਾਨਵੇਂ ਰੁਪਏ ਅਤੇ ਛੇ ਪੈਸੇ ਕੇਵਲ)<br>Rs. 90,00,000/- |
| | ਜਾਇਦਾਦ ਨੰ. 1 :-ਬੈਨਾਮਾ ਵਸੀਕਾ ਨੰ. 736 ਮਿਤੀ 24.08.2015 ਅਨੁਸਾਰ ਮੈਸ. ਕੁਲਵੰਤ ਸਿੰਘ ਐਂਡ ਬ੍ਰਦਰਜ਼ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਦੁਕਾਨ ਨੰ. 84 ਰਕਬਾ 121 ਵਰਗ ਗਜ਼ (ਸਾਈਜ਼ 16'-6"×66) ਗ੍ਰੇਨ ਮਾਰਕੀਟ, ਸਮਰਾਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ 16'-6" ਫਰਦ, ਪੱਛਮ : 16'-6" ਰਸਤਾ, ਉੱਤਰ : 66'-0", ਦੁਕਾਨ ਨੰ. 85, ਦੱਖਣ : 66'-0", ਦੁਕਾਨ ਨੰ. 83<br>ਜਾਇਦਾਦ ਨੰ. 2 ਬੈਨਾਮਾ ਵਸੀਕਾ ਨੰ. 722 ਮਿਤੀ 27-07-2015 ਅਨੁਸਾਰ ਸ੍ਰੀ ਕੁਲਵੰਤ ਸਿੰਘ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਦੁਕਾਨ ਨੰ. 86 ਰਕਬਾ 121 ਵਰਗ ਗਜ਼ (ਸਾਈਜ਼ 16'-6"×66) ਗ੍ਰੇਨ ਮਾਰਕੀਟ, ਸਮਰਾਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ 16'-6" ਫਰਦ, ਪੱਛਮ : 16'-6" ਰਸਤਾ, ਉੱਤਰ : 66'-0", ਦੁਕਾਨ ਨੰ. 87, ਦੱਖਣ : 66'-0", ਦੁਕਾਨ ਨੰ. 85 | | |
| 10. | 1. ਰਾਮ ਪਾਲ ਐਂਡ ਸੰਨਜ਼ ਰਾਹੀਂ ਇਸ ਦੇ ਪ੍ਰੋਪ: ਰਾਜੇਸ਼ ਕਪੂਰ ਪੁੱਤਰ ਰਾਮ ਪਾਲ ਮਾਰਫਤ ਬਜ਼ਾਰ ਟਾਹਲੀ ਸਾਹਿਬ, ਅੰਮ੍ਰਿਤਸਰ ਪੰਜਾਬ-143006 | (2) ਰਾਜੇਸ਼ ਕਪੂਰ ਪੁੱਤਰ ਰਾਮ ਪਾਲ ਵਾਸੀ ਮਕਾਨ ਨੰ. 462/735 ਕੂਚਾ ਜਗਤ ਰਾਮ, ਨਮਕ ਮੰਡੀ, ਅੰਮ੍ਰਿਤਸਰ ਪੰਜਾਬ-143001 ਮੋਬਾਇਲ ਨੰ. 9356032132 | 29-April-2025 / 16-MAY-2025<br>ਰੁਪਏ 49,99,130/- (ਉਨੰਜਾ ਲੱਖ ਨੜਿਨਵੇਂ ਹਜ਼ਾਰ ਇੱਕ ਸੌ ਤੀਹ ਰੁਪਏ ਕੇਵਲ)<br>Rs. 50,00,000/- |
| | ਬੈਨਾਮਾ ਵਸੀਕਾ ਨੰ. 6037 ਮਿਤੀ 22.07.2011 ਅਨੁਸਾਰ ਸ੍ਰੀ ਰਜੇਸ਼ ਕਪੂਰ ਪੁੱਤਰ ਰਾਮ ਪਾਲ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਪਲਾਟ ਨੰ. 62, 63, 64, ਰਕਬਾ 350.61 ਵਰਗ ਗਜ਼, ਤੁੰਗਪਾਈ ਸਬ-ਅਰਬਨ, ਅਬਾਦੀ ਦਸਮੇਸ਼ ਵਿਹਾਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ (ਇਸ ਤੋਂ ਬਾਅਦ ਉੱਕਤ ਜਾਇਦਾਦ ਵਜੋਂ ਹਵਾਲਾ) ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : 65 ਫੁੱਟ 4 ਇੰਚ, ਪੱਛਮ : 65 ਫੁੱਟ 4 ਇੰਚ, ਉੱਤਰ : 42 ਫੁੱਟ 6 ਇੰਚ, ਦੱਖਣ : 53 ਫੁੱਟ 9 ਇੰਚ। | | |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਦੇ ਸਕਿਉਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 27 ਮਈ 2025, ਸਥਾਨ : ਪੰਜਾਬ | ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਿਟਿਡ

27-May-PAGE-12.qxd 5/26/2025 10:51 PM Page 1



# ਪੇਂਡੂ ਮਜ਼ਦੂਰ ਯੂਨੀਅਨ ਨੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਸੁਲਤਾਨਪੁਰ ਲੋਧੀ ਵਿਖੇ ਪੁਲਸ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਜਨਰਲ ਸਕੱਤਰ ਗੁਰਵਿੰਦਰ ਸਿੰਘ ਦੀ ਪਤਨੀ ਅਤੇ ਕਮੇਟੀ ਆਗੂ ਧਰਮਵੀਰ ਹਰੀਗੜ੍ਹ ਦੀ ਪਤਨੀ ਨੂੰ ਬੱਚੀ ਨੂੰ ਹਿਰਾਸਤ ਵਿੱਚ ਲੈਣ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਹੰਸ ਰਾਜ ਪੱਬਵਾਂ ਸਮੇਤ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੈਂਕੜਿਆਂ ਦੀ ਗਿਣਤੀ 'ਚ ਪਿੰਡ ਪੱਧਰ ਤੇ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦਾ ਵਿਰੋਧ ਕੀਤਾ ਗਿਆ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ। ਯੂਨੀਅਨ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ ਅਤੇ ਕੁਲ ਹਿੰਦ ਕਿਸਾਨ ਸਭਾ ਦੇ ਆਗੂ ਅਮਰਜੀਤ ਸਿੰਘ ਟਿੱਬਾ, ਸੰਯੁਕਤ ਕਿਸਾਨ ਮੋਰਚੇ ਦੇ ਕਪੂਰਥਲਾ ਦੇ ਪ੍ਰਧਾਨ ਰਜਿੰਦਰ ਸਿੰਘ ਰਾਣਾ ਐਡਵੋਕੇਟ ਨੇ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਜੀਂਦ ਦੇ ਰਾਜੇ ਦੀ ਬੀੜ ਐਸਵਾਨ ਸੰਗਰੂਰ ਸਥਿਤ ਬੇਚਿਰਾਗ ਪਿੰਡ ਵਿਖੇ 927 ਏਕੜ ਜ਼ਮੀਨ 'ਚ ਬੇਗਮਪੁਰਾ ਵਸਾਉਣ ਦਾ ਐਲਾਨ ਕੀਤਾ ਗਿਆ ਸੀ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵਲੋਂ ਬੇਜ਼ਮੀਨੇ ਦਲਿਤਾਂ, ਮਜ਼ਦੂਰਾਂ ਨੂੰ ਬੀੜ ਐਸਵਾਨ 'ਚ ਬੇਗਮਪੁਰਾ ਵਸਾਉਣ ਤੋਂ ਰੋਕਣ ਲਈ ਪਿਛਲੇ ਤਿੰਨ ਦਿਨ ਤੋਂ ਪੰਜਾਬ ਨੂੰ ਪੂਰੀ ਤਰ੍ਹਾਂ ਪੁਲਸ ਰਾਜ ਵਿੱਚ ਤਬਦੀਲ ਕਰਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਇਸਤਰੀ ਜਾਗ੍ਰਿਤੀ ਮੰਚ ਦੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ, ਘਰਾਂ ਵਿੱਚ ਛਾਪੇਮਾਰੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅਸਲ ਵਿੱਚ ਬੀੜ ਐਸਵਾਨ ਵਾਲੀ ਜ਼ਮੀਨ ਉਪਰ ਪੂੰਜੀ ਧਨਾਢਾਂ, ਅਫ਼ਸਰਸ਼ਾਹੀ ਅਤੇ ਸਿਆਸਤਦਾਨਾਂ ਦਾ ਗੈਰਕਾਨੂੰਨੀ ਕਬਜ਼ਾ ਟਿਕਾਈ ਬੈਠਾ ਹੈ। ਸਰਕਾਰ ਦੇ ਜ਼ਬਰ ਨੂੰ ਚੁੱਪ ਕਰਕੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਇਸਦਾ ਡਟ ਕੇ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਰਜਿੰਦਰ ਸਿੰਘ ਰਾਣਾ, ਮੁਕੰਦ ਸਿੰਘ ਸੈਦੋ ਭਲਾਣਾ, ਨਿਰਮਲ ਸਿੰਘ ਸ਼ੇਰਪੁਰ ਸੱਦਾ, ਬਲਦੇਵ ਸਿੰਘ, ਅਮਰਜੀਤ ਸਿੰਘ ਟਿੱਬਾ, ਕੁਲਦੀਪ ਸਿੰਘ ਸਿਧਪੁਰ, ਬਿੱਕਰ ਸਿੰਘ, ਦਿਆਲ ਸਿੰਘ ਦੀਪੇਵਾਲ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ ਸਹਿਰੀ, ਸਰਬਣ ਸਿੰਘ ਨੰਬਰਦਾਰ, ਮਾਸਟਰ ਚਰਨ ਸਿੰਘ ਹੈਬਤਪੁਰ, ਰੇਸ਼ਮ ਸਿੰਘ ਨੰਬਰਦਾਰ, ਗੁਰਦੇਵ ਸਿੰਘ ਲਖਨੀ, ਮਲਕੀਤ ਸਿੰਘ ਸੇਚਾ ਹਰਬੰਸ ਸਿੰਘ ਚੱਕ ਕੋਟਲਾ, ਸੁਖਵਿੰਦਰ ਸਿੰਘ ਸੰਨ੍ਹੋ, ਨਰਿੰਜਨ ਸਿੰਘ, ਸੁਰਜੀਤ ਸਿੰਘ ਠੱਟਾ, ਸਿਰਗਾਂ ਸਿੰਘ ਟਿੱਬਾ, ਰਵਿੰਦਰ ਰਵੀ ਅਮਰਕੋਟ, ਬਲਵਿੰਦਰ ਸਿੰਘ ਬੱਗਾ ਸਰਪੰਚ ਅਮਰਕੋਟ, ਹਰਬੰਸ ਲਾਲ ਖੰਨਾ, ਹਰਜਿੰਦਰ ਸਿੰਘ ਟਿੱਬਾ, ਪਿਆਰਾ ਸਿੰਘ ਨਵਾਂ ਠੱਟਾ, ਬਿੱਕਰ ਸਿੰਘ, ਬੰਨਵੀਰ ਸਿੰਘ, ਕੁਲਦੀਪ ਸਿੰਘ, ਹਰਮੇਲ ਸਿੰਘ, ਜਗਦੀਪ ਸਿੰਘ ਆਦਿ ਹਾਜ਼ਰ ਸਨ।

# ਡਾ. ਈਸ਼ਾਂਕ ਚੱਬੇਵਾਲ ਨੇ ਨੰਗਲ ਠੰਡਲ 'ਚ ਪੰਚਾਇਤ ਘਰ ਦਾ ਰੱਖਿਆ ਨੀਂਹ ਪੱਥਰ



ਹੁਸ਼ਿਆਰਪੁਰ, (ਓ ਪੀ ਰਾਣਾ)

ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ. ਈਸ਼ਾਂਕ ਨੇ ਪਿੰਡ ਨੰਗਲ ਠੰਡਲ ਵਿੱਚ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਨਵੇਂ ਪੰਚਾਇਤ ਘਰ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਇਹ ਪੰਚਾਇਤ ਘਰ ਪਿੰਡ ਵਾਸੀਆਂ ਲਈ ਪ੍ਰਬੰਧਕੀ ਕੰਮਾਂ ਦਾ ਕੇਂਦਰ ਬਣੇਗਾ ਅਤੇ ਇਸ ਨਾਲ ਸਥਾਨਕ ਲੋਕਾਂ ਨੂੰ ਕਈ ਸਹੂਲਤਾਂ ਇੱਕ ਹੀ ਛਤ ਹੇਠਾਂ ਮਿਲਣਗੀਆਂ।ਡਾ. ਈਸ਼ਾਂਕ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹਰ ਪਿੰਡ ਨੂੰ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਚਾਇਤ ਘਰ ਦਾ ਨਿਰਮਾਣ ਕੰਮ ਜਲਦੀ ਹੀ ਪੂਰਾ ਕਰ ਦਿੱਤਾ ਜਾਵੇਗਾ।ਇਸ ਮੌਕੇ ਪਿੰਡ ਨੰਗਲ ਠੰਡਲ ਦੇ ਸਰਪੰਚ ਹਰਦੀਪ ਸਿੰਘ, ਪੰਚ ਸੁਰਜੀਤ ਸਿੰਘ, ਅਵਤਾਰ ਸਿੰਘ, ਅਮਰੀਕ ਸਿੰਘ, ਬਲਜੀਤ ਸਿੰਘ, ਹਰਮੇਸ਼ ਸਿੰਘ, ਸ਼੍ਰੇਸ਼ਠ ਕੁਮਾਰੀ, ਨਾਲ ਹੀ ਪਿੰਡ ਠੰਡਲ ਦੀ ਸਰਪੰਚ ਮੀਨਾ ਕੁਮਾਰੀ, ਪੰਚ ਟੇਕ ਸਿੰਘ, ਹਰਜਿੰਦਰ ਸਿੰਘ ਤੇ ਰਾਜ ਕੁਮਾਰ ਵੀ ਹਾਜ਼ਰ ਸਨ। ਸਾਰੇ ਪੰਚਾਇਤ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਡਾ. ਈਸ਼ਾਂਕ ਦਾ ਸਵਾਗਤ ਕਰਦਿਆਂ ਉਨ੍ਹਾਂ ਦੇ ਯਤਨਾਂ ਦੀ ਸਰਾਹਨਾ ਕੀਤੀ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਕੇ ਹੱਲ ਕੀਤਾ ਜਾਵੇਗਾ।ਪਿੰਡ ਵਾਸੀਆਂ ਨੇ ਪੰਚਾਇਤ ਘਰ ਦੀ ਮਨਜ਼ੂਰੀ ਅਤੇ ਨਿਰਮਾਣ ਦੀ ਸ਼ੁਰੂਆਤ 'ਤੇ ਖ਼ੁਸ਼ੀ ਜਤਾਈ।

## ਇਮਾਨਦਾਰੀ ਜ਼ਿੰਦਾ ਹੈ



ਫਿਲੌਰ, (ਨਿਰਮਲ)- ਬੀਬੀ ਸੰਤੋਸ਼ ਵਾਸੀ ਮੁਹੱਲਾ ਕਲਸੀ ਨਗਰ ਫਿਲੌਰ ਜੋ ਕਿ ਛੱਲੀਆਂ ਭੁੰਨ ਕੇ ਆਪਣਾ ਘਰ ਚਲਾਉਂਦੀ ਹੈ। ਉਹ ਲੁਧਿਆਣਾ ਮੰਡੀ ਵਿੱਚੋਂ ਛੱਲੀਆਂ ਲੈਣ ਗਈ ਤਾਂ ਉਸ ਦਾ ਮੋਬਾਇਲ ਫੋਨ ਇੱਕ ਆਟੋ ਰਿਕਸ਼ੇ ਵਿੱਚ ਡਿੱਗ ਗਿਆ। ਜੋ ਮਨਜੀਤ ਸਿੰਘ ਆਟੋ ਰਿਕਸ਼ਾ ਚਲਾਉਣ ਵਾਲੇ ਨੂੰ ਮਿਲਿਆ।ਉਸ ਨੇ ਔਰਤ ਦੀ ਭਾਲ ਕੀਤੀ ਤੇ ਫੋਨ ਉਸ ਨੂੰ ਦੇ ਦਿੱਤਾ। ਬੀਬੀ ਸੰਤੋਸ਼ ਨੇ ਆਟੋ ਚਾਲਕ ਦਾ ਧੰਨਵਾਦ ਕੀਤਾ । ਆਟੋ ਚਾਲਕ ਨੇ ਮੋਬਾਇਲ ਫੋਨ ਵਾਪਸ ਕਰਕੇ ਇਮਾਨਦਾਰੀ ਦਾ ਸਬੂਤ ਦਿੱਤਾ ਹੈ।

## ਖਾਨਖਾਨਾ ਵਿਖੇ ਸੁਆਣ ਜਠੇਰਿਆਂ ਦਾ ਮੇਲਾ ਮਨਾਇਆ



ਬੰਗਾ (ਅਵਤਾਰ ਕਲੇਰ)- ਖਾਨਖਾਨਾ ਵਿਖੇ ਸਮੂਹ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸੁਆਣ ਜਠੇਰਿਆਂ ਦਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਰਬਾਰ ਤੇ ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਗਈ। ਦੇਸ ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਦਰਬਾਰ 'ਤੇ ਨਤਮਸਤਕ ਹੋਈਆਂ। ਪੰਜਾਬ ਦੇ ਮਸ਼ਹੂਰ ਕਲਾਕਾਰਾਂ ਰਮੇਸ਼ ਚੌਹਾਨ, ਰੇਖਾ ਚੌਹਾਨ ਤੋਂ ਇਲਾਵਾ ਹੋਰ ਵੀ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਪ੍ਰਬੰਧਕ ਕਮੇਟੀ ਵੱਲੋਂ ਕਲਾਕਾਰਾਂ, ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਮਨਜਿੰਦਰ ਲਾਲ ਸੁਆਣ ਸਰਪੰਚ ਪੰਡੋਰੀ ਨਿੱਝਰਾਂ ਵਲੋਂ ਸਾਰੀ ਸੰਗਤ ਨੂੰ ਜੀ ਆਇਆਂ ਕਿਹਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਮਨਜਿੰਦਰ ਸਿੰਘ ਸੁਆਣ, ਸੁੱਚਾ ਸਿੰਘ, ਬਲਕਾਰ ਸਿੰਘ, ਵਿਜੇ ਕੁਮਾਰ, ਸੰਤੋਖ ਸਿੰਘ, ਦਵਿੰਦਰ ਸਿੰਘ ਸੋਨੂੰ, ਅਮਰੀਕ ਮੀਕਾ, ਅਮਰਜੀਤ ਰਾਜੂ, ਧਲਵਿੰਦਰ ਸਿੰਘ ਮਾਨੀ, ਯੋਗਰਾਜ ਗੋਗਾ, ਗੁਰਪ੍ਰੀਤ,ਜੋਤਾ, ਕੇਸ਼ਾ, ਵਰਿੰਦਰ ਸਿੰਘ ਬਿੱਲੂ, ਰਵਿੰਦਰ ਸਿੰਘ ਸਰਪੰਚ ਖਾਨਖਾਨਾ, ਨਰਿੰਦਰ ਸਿੰਘ ਸਾਬਕਾ ਸਰਪੰਚ, ਸੰਤੋਖ ਸਿੰਘ ਪੰਚ, ਹੈਪੀ ਪੰਚ, ਬਲਵੀਰ ਰਾਮ ਪੰਚ, ਅਮਰਜੀਤ ਸਿੰਘ ਪੰਚ, ਹਰਦੀਪ ਦੀਪਾ ਪੰਚ ,ਡਾ ਦੇਸ ਰਾਜ, ਸਤਨਾਮ ਸੰਧੂ, ਹਰਜਿੰਦਰ ਕੁਮਾਰ ਆਦਿ ਹਾਜ਼ਰ ਸਨ।

# ਸੁਖਵੀਰ ਸਿੰਘ ਢੰਡਾ ਪ੍ਰਧਾਨ, ਕਮਲਜੀਤ ਫਿਲੌਰ ਸਕੱਤਰ ਤੇ ਸੰਨੀ ਮਾਹੂੰਵਾਲ ਖਜ਼ਾਨਚੀ ਚੁਣੇ



ਫਿਲੌਰ, (ਨਿਰਮਲ)

ਇਥੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਭਵਨ ਰਾਮਗੜ੍ਹ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਨਗਰ ਅਤੇ ਸ਼ਹੀਦ ਸੋਹਣ ਸਿੰਘ ਢੇਸੀ ਹਾਲ ਵਿਖੇ ਭਾਰਤ ਦੀ ਜਨਵਾਦੀ ਨੌਜਵਾਨ ਸਭਾ ਡੀ ਵਾਈ ਐੱਫ ਆਈ ਜ਼ਿਲ੍ਹਾ ਜਲੰਧਰ ਕਪੂਰਥਲਾ ਦੀ 29ਵੀਂ ਜ਼ਿਲ੍ਹਾ ਕਾਨਫਰੰਸ ਜ਼ਿਲ੍ਹਾ ਹੋਈ ।ਜਥੇਬੰਦੀ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਨਾਗੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਮੰਗਾਂ ਤੇ ਸਹੀ ਸੇਧ ਦੇਣ ਲਈ ਡੀ ਵਾਈ ਐੱਫ ਆਈ ਨੌਜਵਾਨ ਲਾਮਬੰਦ ਕਰ ਰਹੀ ਹੈ ਤੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਨਸ਼ਿਆਂ ਦਾ ਤਿਆਗ ਕਰਕੇ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਸੁਨਾਮ ਅਤੇ ਗਦਰੀ ਬਾਬਿਆਂ ਅਤੇ ਦੇਸ਼ ਭਗਤਾਂ ਦੇ ਵਿਰਸੇ ਨਾਲ ਜੁੜਨ ਦੀ ਲੋੜ ਹੈ।ਇਸ ਮੌਕੇ ਡੀ ਵਾਈ ਐੱਫ ਆਈ ਦੀ ਤਿੰਨ ਸਾਲ ਬਾਅਦ ਹੋਣ ਵਾਲੀ ਜਥੇਬੰਦਕ ਚੋਣ ਸਰਬਸੰਮਤੀ ਨਾਲ ਹੋਈ, ਜਿਸ ਵਿੱਚ ਸੁਖਵੀਰ ਸਿੰਘ ਢੰਡਾ ਪ੍ਰਧਾਨ ਕਮਲਜੀਤ ਫਿਲੌਰ ਸਕੱਤਰ ਸੰਨੀ ਮਾਹੂੰਵਾਲ ਖਜ਼ਾਨਚੀ, ਸੋਚੀ ਹੰਸ ਮਾਹੂੰਵਾਲ ਮੀਤ ਪ੍ਰਧਾਨ, ਅਵਤਾਰ ਸਿੰਘ ਭੁਮਾਣਾ ਜੁਆਇੰਟ ਸਕੱਤਰ ਅਤੇ ਪਰਮਿੰਦਰ ਕੁਮਾਰ ਜੁਆਇੰਟ ਸਕੱਤਰ ਚੁਣੇ ਗਏ, ਜਦੋਂਕਿ ਜਗਜੀਤ ਸਿੰਘ ਜੱਗਾ, ਮਨਜੀਤ ਭੱਟੀ, ਤਰਸੇਮ ਨਾਥ, ਅਸ਼ੋਕ ਕੁਮਾਰ, ਜ਼ੋਰਾਵਰ ਸਿੰਘ, ਪਵਨ ਕੁਮਾਰ ਸੰਗੋਵਾਲ ਜ਼ਿਲ੍ਹਾ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਜਦੋਂਕਿ 6 ਸੀਟਾਂ ਖਾਲੀ ਰੱਖੀਆਂ ਗਈਆਂ ਹਨ।ਇਸ ਮੌਕੇ ਕਿਸਾਨ ਸਭਾ ਦੇ ਆਗੂ ਨਰਿੰਦਰ ਸਿੰਘ ਜੌਹਲ, ਜਨਵਾਦੀ ਇਸਤਰੀ ਸਭਾ ਦੇ ਆਗੂ ਭੈਣ ਕ੍ਰਿਸ਼ਨਾ ਕੁਮਾਰੀ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਸਾਥੀ ਸੋਢੀ ਲਾਲ ਉੱਪਲ ਭੂਪਾ ਅਤੇ ਸੀਟੂ ਆਗੂ ਜਸਕਰਨਜੀਤ ਸਿੰਘ ਕੰਗ ਨੇ ਨੌਜਵਾਨਾਂ ਨੂੰ ਸੰਬੋਧਨ ਕੀਤਾ ਅਤੇ ਜਥੇਬੰਦੀ ਨਾਲ ਭਰਾਤਰੀ ਭਾਵ ਦਾ ਪ੍ਰਗਟਾਵਾ ਕੀਤਾ।

# ਸਰਕਾਰੀ ਕੰਨਿਆ ਹਾਈ ਸਕੂਲ ਸੂਸ ਦਾ ਨਤੀਜਾ ਰਿਹਾ ਸ਼ਾਨਦਾਰ

ਬੁਲ੍ਹੋਵਾਲ, (ਵਿਰਦੀ)- ਸਰਕਾਰੀ ਹਾਈ ਸਕੂਲ ਸੂਸ ਦੀਆਂ ਵਿਦਿਆਰਥਣਾਂ ਨੇ ਦਸਵੀਂ ਜਮਾਤ ਦੇ ਨਤੀਜ਼ੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲ ਦੇ ਮੁੱਖ ਅਧਿਆਪਕ ਸੁਖਵਿੰਦਰ ਸਿੰਘ ਵਿਰਦੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁੱਲ ਅੰਕ 650 ਵਿੱਚੋਂ ਤਮੰਨਾ ਨੇ 613 ਅੰਕ ਪ੍ਰਾਪਤ ਕਰਕੇ ਪਹਿਲਾ, ਪੂਨਮ ਜੱਸੀ ਨੇ 605 ਅੰਕ ਪ੍ਰਾਪਤ ਕਰਕੇ ਦੂਸਰਾ, ਗੁਰਪ੍ਰੀਤ ਅਤੇ ਪ੍ਰਭਦੀਪ ਨੇ 602 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ।ਇਸ ਮੌਕੇ ਮੁੱਖ ਅਧਿਆਪਕ ਸੁਖਵਿੰਦਰ ਸਿੰਘ ਵਿਰਦੀ ਨੇ ਹੋਣਹਾਰ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਉਹਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਹਨਾਂ ਨੇ ਮਿਹਨਤੀ ਸਟਾਫ ਨੂੰ ਵੀ ਵਧਾਈ ਦਿੱਤੀ ਅਤੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਇਹਨਾਂ ਬੱਚੀਆਂ ਨੂੰ ਉਚ ਪੱਧਰੀ ਵਿੱਦਿਆ ਪ੍ਰਾਪਤ ਕਰਵਾਈ ਜਾਵੇ।



# ਰੰਧਾਵਾ ਵੱਲੋਂ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਝਰਮੜੀ ਨੂੰ ਗੋਦ ਲੈਣ ਦਾ ਐਲਾਨ

ਡੇਰਾਬੱਸੀ (ਵਿਨੈ ਕੁਮਾਰ ਜੈਨ)- ਸੂਬੇ ਵਿੱਚ ਚੱਲ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦੇ ਹਿੱਸੇ ਵਜੋਂ, ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਅੱਜ ਲਾਲੜੂ ਦੇ ਚਾਰ ਸਰਕਾਰੀ ਸਕੂਲਾਂ ਵਿੱਚ 24,88, 600 ਰੁਪਏ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ, ਜਿਸਦਾ ਉਦੇਸ਼ ਸਥਾਨਕ ਵਿਦਿਆਰਥੀਆਂ ਲਈ ਵਿਦਿਅਕ ਸਹੂਲਤਾਂ ਦਾ ਪੱਧਰ ਉੱਚਾ ਚੁੱਕਣਾ ਹੈ।ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ, ਵਿਧਾਇਕ ਰੰਧਾਵਾ ਨੇ ਕਿਹਾ ਕਿ ਲਾਲੜੂ ਦੇ ਪਿੰਡ ਝਰਮੜੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 4 ਲੱਖ 40 ਹਜਾਰ ਤੇ ਹਾਈ ਸਕੂਲ ਵਿੱਚ 1 ਲੱਖ 75 ਹਜਾਰ ਰੁਪਏ ਵਿੱਚ ਬਣੀ ਚਾਰਦੀਵਾਰੀ ਦਾ ਉਦਘਾਟਨ ਕਰਨ ਉਪਰੰਤ ਸਕੂਲ ਨੂੰ ਗੋਦ ਲੈ ਕੇ ਉਸ ਦੀ ਦਿੱਖ ਬਦਲਣ ਦਾ ਐਲਾਨ ਕੀਤਾ।ਉਨ੍ਹਾਂ ਕਿਹਾ ਕਿ ਇਹ ਪਹਿਲ ਬੱਚਿਆਂ ਦੇ ਸੰਪੂਰਨ ਵਿਕਾਸ 'ਤੇ ਕੇਂਦ੍ਰਿਤ ਹੋਵੇਗੀ, ਜਿਸ ਵਿੱਚ ਅਕਾਦਮਿਕ ਸਿੱਖਿਆ ਨੂੰ ਭਾਵਨਾਤਮਕ ਅਤੇ ਮਨੋਵਿਗਿਆਨਕ ਤੰਦਰੁਸਤੀ ਨਾਲ ਜੋੜਿਆ।ਇਸ ਤੋਂ ਬਾਅਦ ਪਿੰਡ ਖਜੂਰ ਮੰਡੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 10.50 ਲੱਖ ਰੁਪਏ ਵਿੱਚ ਬਣੀ ਚਾਰਦੀਵਾਰੀ ਤੇ ਹੋਰ ਹੋਏ ਕੰਮਾਂ ਦਾ ਉਦਘਾਟਨ ਕਰਕੇ ਬੱਚਿਆ ਦੇ ਸਪੁਰਦ ਕੀਤੇ। ਆਖਿਰ ਵਿੱਚ ਉਨ੍ਹਾਂ ਨੇ ਪਿੰਡ ਆਲਮਗੀਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 8 ਲੱਖ 23 ਹਜਾਰ 600 ਰੁਪਏ ਵਿੱਚ ਬਣੀ ਚਾਰਦੀਵਾਰੀ ਤੇ ਹੋਰ ਹੋਏ ਕੰਮਾ ਦਾ ਉਦਘਾਟਨ ਕਰਕੇ ਬੱਚਿਆ ਦੇ ਸਪੁਰਦ ਕੀਤੇ।



## 2 ਹਫ਼ਤੇ ਲਈ ਮੁਫਤ ਜਾਂਚ ਸਰਜਰੀ ਕੈਂਪ ਲਗਾਇਆ



ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਇਥੇ ਸੰਧੂ ਹਸਪਤਾਲ ਵਿਖੇ 2 ਹਫ਼ਤੇ ਲਈ ਮੁਫਤ ਜਾਂਚ ਸਰਜਰੀ ਕੈਂਪ 26 ਮਈ ਤੋਂ 7 ਜੂਨ ਤੱਕ ਲਗਾਇਆ ਗਿਆ ਹੈ। ਕੈਂਪ ਦੌਰਾਨ ਡਾਕਟਰ ਸੰਦੀਪ ਅਗਰਵਾਲ (ਐੱਮ.ਐੱਸ. ਜਨਰਲ ਸਰਜਰੀ) ਵੱਲੋਂ ਮੁਫ਼ਤ ਚੈੱਕਅਪ ਕੀਤਾ ਜਾਵੇਗਾ।ਹਸਪਤਾਲ ਦੇ ਪ੍ਰਬੰਧਕਾਂ ਡਾ: ਜੇ. ਐਸ. ਸੰਧੂ ਅਤੇ ਡਾ: ਗੁਰਜੀਤ ਕੌਰ ਸੰਧੂ ਨੇ ਦੱਸਿਆ ਕਿ ਕੈਂਪ ਦੌਰਾਨ ਮਰੀਜ਼ਾਂ ਦੇ ਖੂਨ ਦੇ ਸਾਰੇ ਲੋੜੀਂਦੇ ਟੈਸਟਾਂ 'ਤੇ 25 ਫੀਸਦੀ ਰਿਆਇਤ ਦਿੱਤੀ ਜਾਵੇਗੀ ਅਤੇ ਪਿੱਤੇ ਦਾ ਆਪ੍ਰੇਸ਼ਨ, ਬਵਾਸੀਰ/ਫਿਸ਼ਰ, ਬੱਚੇਦਾਨੀ ਦੀ ਰਸੌਲੀ, ਅਪੈਂਡਿਕਸ ਰਸੌਲੀਆਂ / ਕੈਂਸਰ ਛਾਤੀ ਦੀਆਂ ਗੱਠਾਂ, ਫਿਸਚੁਲਾ, ਸਾਈਨਸ, ਵੈਰੀਕੋਜ ਨਾੜਾਂ ਮਾਹਿਰ ਸਰਜਨ ਮੁਫ਼ਤ ਜਾਂਚ ਕਰਨਗੇ ਤੇ ਖ਼ੂਨ ਦੇ ਟੈਸਟ, ਐਕਸ-ਰੇ ਅਤੇ ਸਕੈਨ 'ਤੇ 25%-30% ਤੱਕ ਛੋਟ ਦਿੱਤੀ ਜਾਵੇਗੀ। ਸਾਰੇ ਆਪਰੇਸ਼ਨ 25%-30% ਤੱਕ ਰਿਆਇਤ 'ਤੇ ਕੀਤੇ ਜਾਣਗੇ।

## ਡੀ.ਐੱਮ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਏ ਪੋਸਟਰ ਮੁਕਾਬਲੇ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਡੀ.ਐੱਮ ਸੀਨੀਅਰ ਸੈਕੰਡਰੀ ਸਕੂਲ ਕੋਟ ਫਤੂਹੀ ਵਿਖੇ ਹੈਲਦੀ ਫੂਡ ਖਾਓ ਜੰਕ ਫੂਡ ਭਜਾਓ ਦੇ ਪੋਸਟਰ ਮੁਕਾਬਲੇ ਸਕੂਲ ਪ੍ਰਿੰਸੀਪਲ ਗੁਰਿੰਦਰਪਾਲ ਕੌਰ ਅਤੇ ਡਾਇਰੈਕਟਰ ਗੁਰਮੀਤ ਸਿੰਘ ਚੀਮਾ ਦੀ ਦੇਖਰੇਖ ਵਿੱਚ ਕਰਵਾਏ ਗਏ।ਸਕੂਲ ਪ੍ਰਬੰਧਕਾਂ ਵਲੋਂ ਵਿਦਿਆਰਥੀਆਂ ਨੂੰ ਫਾਸਟ ਫੂਡ ਦੀ ਜਗ੍ਹਾ ਘਰ ਦਾ ਖਾਣਾ ਖਾਣ, ਫਲ-ਸਬਜੀਆਂ, ਸਲਾਦ ਸਮੇਤ ਸਿਹਤਮੰਦ ਚੀਜਾਂ ਖਾਣ ਲਈ ਪ੍ਰੇਰਿਤ ਕੀਤਾ।ਪੋਸਟਰ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਵੰਡੇ ਗਏ।ਇਸ ਮੌਕੇ ਪ੍ਰਿੰਸੀਪਲ ਗੁਰਿੰਦਰਪਾਲ ਕੌਰ, ਡਾਇਰੈਕਟਰ ਗੁਰਮੀਤ ਸਿੰਘ ਚੀਮਾ, ਵਾਇਸ ਪ੍ਰਿੰਸੀਪਲ ਸੁਰਿੰਦਰ ਸਿੰਘ, ਰਾਜਵਿੰਦਰ ਸਿੰਘ, ਰਾਜ ਰਾਣੀ ਸਮੇਤ ਸਕੂਲ ਸਟਾਫ ਮੈਂਬਰਜ ਅਤੇ ਵਿਦਿਆਰਥੀ ਹਾਜ਼ਰ ਸਨ।

# ਮਾਂ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ



ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦਾ ਸਵਾਗਤ ਕਰਦੇ ਹੋਏ ਪ੍ਰਬੰਧਕ ਤੇ ਹੋਰ।

ਸ਼ਾਹਕੋਟ (ਗਿਆਨ ਸੈਦਪੁਰੀ)

ਮਾਂ ਦਿਵਸ ਨੂੰ ਸਮਰਪਿਤ ਸੇਂਟ ਮਨੂਜ਼ ਕਾਨਵੇਂਟ ਸਕੂਲ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਜਥੇ ਨੇ ਮਨੋਹਰ ਕੀਰਤਨ ਕੀਤਾ।ਸਮਾਗਮ ਵਿੱਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਉਨ੍ਹਾਂ ਨੇ ਸਕੂਲ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਇਸ ਤੋਂ ਪਹਿਲਾਂ ਸਕੂਲ ਦੇ ਪ੍ਰਧਾਨ ਅਸ਼ੋਕ ਜੈਨ, ਜਨਰਲ ਸਕੱਤਰ ਚੰਦਰ ਮੋਹਣ, ਸਕੱਤਰ ਸੁਲੱਖਸ਼ਨ ਜਿੰਦਲ, ਗੁਰਮੀਤ ਸਿੰਘ ਬਜਾਜ ਆਦਿ ਨੇ ਸ਼ੇਰੋਵਾਲੀਆ ਦਾ ਸਵਾਗਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸ਼ਵਿੰਦਰ ਪਾਲ ਸਿੰਘ ਖੈਹਿਰਾ ਚੇਅਰਮੈਨ ਸ਼ੂਗਰ ਮਿੱਲ ਮਹਿਤਪੁਰ, ਕੁਲਜੀਤ ਰਾਣੀ ਕਾਰਜਕਾਰੀ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਪਰਮਜੀਤ ਕੌਰ ਬਜਾਜ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਡਿੰਪਲ ਬਠੱਲਾ ਵਾਇਸ ਪ੍ਰਧਾਨ ਅਰੋੜਾ ਮਹਾਂ ਸਭਾ, ਲਖਵਿੰਦਰ ਸਿੰਘ ਲੱਖਾ ਸਾਬਕਾ ਚੇਅਰਮੈਨ ਬਲਾਕ ਸੰਮਤੀ ਲੋਹੀਆ, ਸਨੀ ਪੁਰੀ, ਰੋਮੀ ਗਿੱਲ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਬੰਟੀ ਬਠੱਲਾ ਪ੍ਰਧਾਨ ਅਰੋੜਾ ਮਹਾਂ ਸਭਾ ਸ਼ਾਹਕੋਟ, ਪਵਨ ਜੁਨੇਜਾ, ਆਦਿ ਹਜ਼ਾਰ ਸਨ।

# 17 ਜੂਨ ਤੱਕ ਚੱਲ ਰਹੀ ਹੈ ਗ਼ੈਰ-ਸੰਚਾਰੀ ਬਿਮਾਰੀਆਂ ਦੀ ਜਾਂਚ ਤੇ ਜਾਗਰੂਕਤਾ ਮੁਹਿੰਮ

ਮੋਹਾਲੀ, (ਗੁਰਜੀਤ ਬਿੱਲਾ)-ਸਿਹਤ ਵਿਭਾਗ ਵਲੋਂ ਗ਼ੈਰ-ਸੰਚਾਰੀ ਬੀਮਾਰੀਆਂ ਦੀ ਜਾਂਚ ਅਤੇ ਜਾਗਰੂਕਤਾ ਲਈ ਵਿਸ਼ੇਸ਼ ਮੁਹਿੰਮ 17 ਮਈ ਤੋਂ 17 ਜੂਨ ਤੱਕ ਸ਼ੁਰੂ ਕੀਤੀ ਗਈ ਹੈ।ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਹਰ ਵਿਅਕਤੀ ਖ਼ਾਸਕਰ 30 ਸਾਲ ਤੋਂ ਉਪਰਲੇ ਵਿਅਕਤੀਆਂ ਨੂੰ ਅਪੀਲ ਕੀਤੀ ਕਿ ਉਹ ਨੇੜਲੀ ਸਿਹਤ ਸੰਸਥਾ ਵਿਖੇ ਜਾ ਕੇ ਅਪਣੀ ਜਾਂਚ ਕਰਾਉਣ ਤਾਕਿ ਇਨ੍ਹਾਂ ਬੀਮਾਰੀਆਂ ਦਾ ਸਮੇਂ ਸਿਰ ਪਤਾ ਚੱਲ ਸਕੇ।ਇਥੇ ਜਾਰੀ ਪ੍ਰੈੱਸ ਨੋਟ ਵਿਚ ਡਾ. ਜੈਨ ਨੇ ਆਖਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਵਲੋਂ ਵੱਖ-ਵੱਖ ਸਾਧਨਾਂ ਜਿਵੇਂ ਰੈਲੀਆਂ, ਜਨਤਕ ਸੈਮੀਨਾਰਾਂ, ਨੁੱਕੜ ਨਾਟਕਾਂ, ਪੇਂਟਿੰਗਾਂ, ਵੈਬੀਨਾਰਾਂ ਆਦਿ ਰਾਹੀਂ ਜਾਗਰੂਕਤਾ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ ਤਾਕਿ ਲੋਕਾਂ ਨੂੰ ਇਨ੍ਹਾਂ ਬੀਮਾਰੀਆਂ ਤੋਂ ਬਚਾਅ ਬਾਰੇ ਪਤਾ ਲੱਗ ਸਕੇ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਇਹੋ ਹੈ ਕਿ ਹਰ ਵਿਅਕਤੀ ਅੰਦਰ ਗ਼ੈਰ-ਸੰਚਾਰੀ ਬੀਮਾਰੀਆਂ ਜਿਵੇਂ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਆਮ ਕੈਂਸਰ ਆਦਿ ਦਾ ਪਤਾ ਲਗਾਇਆ ਜਾਵੇ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤਾਂ ਕਿ ਸਮੇਂ ਸਿਰ ਇਲਾਜ ਹੋ ਸਕੇ।ਉਨ੍ਹਾਂ ਕਿਹਾ ਕਿ ਇਹ ਬੀਮਾਰੀਆਂ ਅਕਸਰ ਜਾਗਰੂਕਤਾ ਦੀ ਘਾਟ ਕਾਰਨ ਹੋ ਜਾਂਦੀਆਂ ਹਨ। ਜੀਵਨ ਸ਼ੈਲੀ ਵਿਚ ਲੋੜੀਂਦਾ ਬਦਲਾਅ ਕਰ ਕੇ ਇਨ੍ਹਾਂ ਤੋਂ ਬਚਿਆ ਜਾ ਸਕਦਾ ਹੈ। ਸਿਵਲ ਸਰਜਨ ਨੇ ਦਸਿਆ ਕਿ ਗ਼ੈਰ-ਸੰਚਾਰੀ ਬੀਮਾਰੀਆਂ ਆਮ ਤੌਰ 'ਤੇ ਲੰਮੀ ਮਿਆਦ ਵਾਲੀਆਂ ਬੀਮਾਰੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਠੀਕ ਹੋਣ 'ਚ ਸਮਾਂ ਲਗਦਾ ਹੈ।ਇਨ੍ਹਾਂ ਬੀਮਾਰੀਆਂ ਵਿਚ ਮੁੱਖ ਤੌਰ 'ਤੇ ਹਾਈ ਬਲੱਡ ਪ੍ਰੈਸ਼ਰ, ਦਿਲ ਦਾ ਦੌਰਾ, ਕੈਂਸਰ, ਸਾਹ ਦੀਆਂ ਬੀਮਾਰੀਆਂ, ਸ਼ੱਕਰ ਰੋਗ, ਅਸਥਮਾ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਬੀਮਾਰੀਆਂ ਦੀ ਲਗਾਤਾਰ ਅਤੇ ਸਮਾਂਬੱਧ ਜਾਂਚ ਬਹੁਤ ਜ਼ਰੂਰੀ ਹੈ ਕਿਉਂਕਿ ਕਈ ਵਾਰ ਜਾਂਚ ਨਾ ਹੋਣ ਕਾਰਨ ਬੀਮਾਰੀ ਗੰਭੀਰ ਰੂਪ ਅਖ਼ਤਿਆਰ ਕਰ ਲੈਂਦੀ ਹੈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ 30 ਸਾਲ ਤੋਂ ਉਪਰਲਾ ਹਰ ਵਿਅਕਤੀ ਸਰਕਾਰੀ ਸਿਹਤ ਸੰਸਥਾ ਵਿਚ ਜਾ ਕੇ ਜਾਂਚ ਜ਼ਰੂਰ ਕਰਵਾਏ।

# ਬਿਕਰਮਜੀਤ ਸਿੰਘ ਥਿੰਦ ਦਾ ਸਨਮਾਨ

ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)

ਸਿੱਖਿਆ ਵਿਭਾਗ ਵਿੱਚ ਸਕੂਲ ਮੁਖੀਆਂ, ਅਧਿਆਪਕਾਂ ਤੇ ਸਮੂਹ ਕਰਮਚਾਰੀਆਂ ਨੂੰ ਹਰ ਸੰਭਵ ਮਦਦ ਦੇ ਕੇ ਵਿਭਾਗ ਨਾਲ ਜੋੜੀ ਰੱਖਣ ਵਿੱਚ ਅਹਿਮ ਉਪਰਾਲੇ ਕਰਨ ਵਾਲ਼ੀ ਸ਼ਖਸੀਅਤ



ਬਿਕਰਮਜੀਤ ਸਿੰਘ ਥਿੰਦ ਨੂੰ ਸਨਮਾਨਿਤ ਕਰਨ ਦਾ ਪ੍ਰਭਾਵਸ਼ਾਲੀ ਪ੍ਰੋਗਰਾਮ ਸਰਕਾਰੀ ਮਿਡਲ ਸਕੂਲ ਪ੍ਰਵੇਜ਼ਨਗਰ ਵਿੱਚ ਸਕੂਲ ਮੁਖੀ ਜਯੋਤੀ ਮਹਿੰਦਰੂ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ। ਇਸ ਸਮੇਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸਿੱਖਿਆ ਅਧਿਕਾਰੀ ਬਿਕਰਮਜੀਤ ਸਿੰਘ ਥਿੰਦ ਦਾ ਬੜੇ ਜੋਸ਼ੋ ਖਰੋਸ਼ ਨਾਲ ਗੁਲਾਬ ਦੇ ਫੁੱਲਾਂ ਨਾਲ ਸਵਾਗਤ ਕੀਤਾ। ਪ੍ਰੋਗਰਾਮ ਵਿੱਚ ਬੋਲਦਿਆਂ ਸਕੂਲ ਮੁਖੀ ਜਯੋਤੀ ਮਹਿੰਦਰੂ ਨੇ ਕਿਹਾ ਕੇ ਸਿੱਖਿਆ ਵਿਭਾਗ ਵਿੱਚ ਨਵੀਆਂ ਪੈੜਾਂ ਪਾ ਕੇ ਥਿੰਦ ਵੱਲੋਂ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਸਿਰਮੌਰ ਸੇਵਾ ਨਿਭਾਈ ਹੈ।ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰਿੰਸੀਪਲ ਤੇਜਿੰਦਰਪਾਲ, ਪ੍ਰਿੰਸੀਪਲ ਨਵਚੇਤਨ ਸਿੰਘ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਸੁਖਵਿੰਦਰ ਸਿੰਘ ਜੰਮੂ ਨੇ ਕਿਹਾ ਕੇ ਸਿੱਖਿਆ ਅਧਿਕਾਰੀ ਥਿੰਦ ਦੀਆਂ ਸਫਲ ਸੇਵਾਵਾਂ ਲੰਬੇ ਸਮੇਂ ਤੱਕ ਲੋਕਾਂ ਦੇ ਚੇਤਿਆਂ ਵਿੱਚ ਰਹਿਣਗੀਆਂ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਕਪੂਰਥਲਾ ਨੂੰ ਵਿਭਾਗੀ ਗਤੀਵਿਧੀਆਂ ਵਿੱਚ ਸਿਖਰਾਂ ਤੇ ਪਹੁੰਚਾਉਣ ਵਿੱਚ ਥਿੰਦ ਸਾਹਿਬ ਦੀ ਕਾਰਜਸ਼ੈਲੀ ਦਾ ਕੋਈ ਸਾਹਨ੍ਹੀ ਨਹੀਂ ਹੈ।ਪ੍ਰੋਗਰਾਮ ਵਿੱਚ ਸਕੂਲ ਮੁਖੀ ਜਯੋਤੀ ਮਹਿੰਦਰੂ, ਪ੍ਰਿੰਸੀਪਲ ਤਜਿੰਦਰਪਾਲ, ਪ੍ਰਿੰਸੀਪਲ ਨਵਚੇਤਨ ਸਿੰਘ ਅਤੇ ਸੁਖਵਿੰਦਰ ਸਿੰਘ ਜੰਮੂ ਡੀ.ਐੱਮ. ਸਪੋਰਟਸ ਦੇ ਨਾਲ ਵਿਕਰਮ ਕੁਮਾਰ, ਸਰਬਜੀਤ ਸਿੰਘ ਘੁੰਮਣ, ਅਨਮੋਲ ਸਹੋਤਾ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਮੇਲਾ ਪੰਜ ਪੀਰ 4-5 ਨੂੰ ਮਨਾਇਆ ਜਾਵੇਗਾ

ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)- ਹਜ਼ਰਤ ਦਰਬਾਰ ਪੰਜ ਪੀਰ ਬੰਗਾ ਰੋਡ ਵਿਖੇ ਸਾਲਾਨਾ ਜੋੜ ਮੇਲਾ 4-5 ਜੂਨ ਨੂੰ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ । ਦਰਬਾਰ ਦੇ ਗੱਦੀ ਨਸ਼ੀਨ ਬਾਬਾ ਮਹਿਤਾਬ ਅਹਿਮਦ ਕਾਦਰੀ ਨੇ ਦੱਸਿਆ ਕਿ 4 ਜੂਨ ਨੂੰ ਚਿਰਾਗ ਰੋਸ਼ਨ ਕੀਤੇ ਜਾਣਗੇ ਤੇ 5 ਜੂਨ ਨੂੰ ਸਵੇਰੇ 9 ਵਜੇ ਝੰਡੇ ਚੜ੍ਹਾਉਣ, 9:30 ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਸਮੁੱਚੇ ਨਗਰ ਦੀ ਖੁਸ਼ਹਾਲੀ ਅਤੇ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਜਾਵੇਗੀ। ਮੁੱਖ ਮਹਿਮਾਨ ਡੀ ਜੀ ਪੀ ਪੰਜਾਬ ਸੰਜੀਵ ਕਾਲਰਾ ਹੋਣਗੇ। ਮੁੰਨਾ ਨਿਜਾਮੀ ਕਵਾਲ ਦਿੱਲੀ ਵਾਲੇ ਬੰਟੀ ਕਵਾਲ,ਇਸ਼ਰਤ ਗੁਲਾਮ ਅਲੀ, ਸਨਾ ਫਤਿਹ ਅਲੀ ਖਾਨ,ਆਬਿਦ ਅਲੀ ਮਤੋਈ ਸਰਦਾਰ ਅਲੀ, ਕਵਾਲੀਆਂ ਪੇਸ਼ ਕਰਨਗੇ।

## ਚੌਧਰੀ ਗਿਆਨ ਸਿੰਘ ਦੀ ਬਰਸੀ 31 ਨੂੰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਚੌਧਰੀ ਗਿਆਨ ਸਿੰਘ ਵੈਲਫ਼ੇਅਰ ਐਸੋਸੀਏਸ਼ਨ (ਪੰਜਾਬ) ਦੇ ਸੂਬਾ ਪ੍ਰਧਾਨ ਪ੍ਰਿੰਸ ਪਲਿਆਲ ਅਤੇ ਸੂਬਾ ਪ੍ਰੈੱਸ ਸਕੱਤਰ ਸ਼ਾਦੀ ਲਾਲ ,ਕੈਸ਼ੀਅਰ ਵਰਿੰਦਰ ਕੁਮਾਰ ਕਾਲੋਵਾਲ ਨੇ ਦੱਸਿਆ ਕਿ ਉੱਘੇ ਸਮਾਜ ਸੇਵੀ ਰਾਏ ਸਾਹਿਬ ਚੌਧਰੀ ਗਿਆਨ ਸਿੰਘ ਦੀ ਸਾਲਾਨਾ ਬਰਸੀ 31 ਮਈ ਨੂੰ ਪਿੰਡ ਭੰਬੋਤਾੜ ਵਿਖੇ ਮਨਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਰਾਏ ਸਾਹਿਬ ਨੇ ਸਮਾਜ ਦੀ ਸੇਵਾ ਲਈ ਪੂਰਨ ਤੌਰ 'ਤੇ ਸਮਰਪਿਤ ਹੋ ਕਿ ਸਮਾਜ ਦੇ ਸਾਰੇ ਵਰਗਾਂ ਲਈ ਕੰਮ ਕੀਤਾ, ਇਸ ਲਈ ਸਾਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।ਇਸ ਮੌਕੇ ਨਵਦੀਪ ਸਿੰਘ, ਨਵਜੋਤ ਸਿੰਘ, ਜਰਨੈਲ ਸਿੰਘ, ਰੋਹਿਤ ਕੁਮਾਰ, ਸੋਮ ਨਾਥ, ਰਮਨਦੀਪ ਕੁਮਾਰ, ਸਚਿਨ ਪਲਿਆਲ, ਦੇਵ ਲਾਲ, ਦੀਪਕ ਚੌਧਰੀ, ਸੰਜੀਵ ਕੁਮਾਰ, ਕਮਲ ਚੌਧਰੀ, ਗੁਰਪ੍ਰੀਤ ਸਿੰਘ, ਨਵਤੇਜ ਚੌਧਰੀ, ਰਜੇਸ਼ ਕੁਮਾਰ, ਦੇਸ ਰਾਜ, ਪ੍ਰਵੀਨ ਕੁਮਾਰ, ਸੁਨੀਲ ਕੁਮਾਰ, ਜਸਨੂਰ ਪਲਿਆਲ ਆਦਿ ਹਾਜ਼ਰ ਸਨ।



# ਸਰਕਾਰਾਂ ਦੀਆਂ ਮਜ਼ਦੂਰ-ਮਾਰੂ ਨੀਤੀਆਂ ਖ਼ਿਲਾਫ਼ ਪੇਂਡੂ ਕਿਰਤੀਆਂ 'ਚ ਭਾਰੀ ਰੋਹ : ਨਾਹਰ

ਜਲੰਧਰ (ਸ਼ੈਲੀ ਅਲਬਰਟ, ਰਜੇਸ਼ ਥਾਪਾ )

ਦਿਹਾਤੀ ਮਜ਼ਦੂਰ ਸਭਾ ਵੱਲੋਂ ਪੰਜਾਬ ਦੇ ਬੇਜ਼ਮੀਨੇ-ਸਾਧਨਹੀਨ ਪੇਂਡੂ ਕਿਰਤੀਆਂ ਦੀਆਂ ਭੱਖਦੀਆਂ ਮੰਗਾਂ ਦੀ ਪ੍ਰਾਪਤੀ ਲਈ ਇਥੋਂ ਦੇ ਡਵੀਜ਼ਨਲ ਕਮਿਸ਼ਨਰ ਦੇ ਦਫ਼ਤਰ ਅੱਗੇ ਦਿਨ-ਰਾਤ ਦਾ ਤਿੰਨ ਰੋਜ਼ਾ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ।ਪਹਿਲੇ ਦਿਨ ਪਰਵਾਰਾਂ ਸਮੇਤ ਵੱਡੀ ਗਿਣਤੀ 'ਚ ਪੁੱਜੇ ਮਜ਼ਦੂਰਾਂ, ਖਾਸ ਕਰਕੇ ਔਰਤਾਂ ਨੇ ਰੋਹ ਭਰਪੂਰ, ਆਕਾਸ਼ ਗੂੰਜਾਊ ਨਾਅਰਿਆਂ ਰਾਹੀਂ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਮਾਰੂ, ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਜਬਰਦਸਤ ਰੋਸ ਪ੍ਰਗਟਾਇਆ।ਧਰਨਾਕਾਰੀਆਂ ਨੂੰ ਸੂਬਾ ਪ੍ਰਧਾਨ ਦਰਸ਼ਨ ਨਾਹਰ, ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਪ੍ਰੈੱਸ ਸਕੱਤਰ ਬਲਦੇਵ ਸਿੰਘ ਨੂਰਪੁਰੀ, ਵਿੱਤ ਸਕੱਤਰ ਸ਼ਮਸ਼ੇਰ ਸਿੰਘ ਬਟਾਲਾ, ਸਹਾਇਕ ਸਕੱਤਰ ਪਰਮਜੀਤ ਰੰਧਾਵਾ, ਸੂਬਾ ਕਮੇਟੀ ਮੈਂਬਰਾਨ ਨਿਰਮਲ ਮਲਸੀਆਂ, ਹਰਪਾਲ ਸਿੰਘ ਜਗਤਪੁਰ, ਹਰਬੰਸ ਮੱਟੂ, ਰਣਜੀਤ ਰਾਣਾ ਕਪੂਰਥਲਾ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਕਿਹਾ ਕਿ ਕੇਂਦਰੀ ਤੇ ਸੂਬਾਈ ਹਕੂਮਤਾਂ ਦਾ ਕਿਰਤੀ ਵਰਗ, ਖਾਸ ਕਰਕੇ ਬੇਜ਼ਮੀਨੇ-ਸਾਧਨਹੀਨ ਪੇਂਡੂ ਮਜ਼ਦੂਰਾਂ ਪ੍ਰਤੀ ਵਿਤਕਰੇ ਭਰਿਆ ਰਵੱਈਆ ਅਤੇ ਇਨ੍ਹਾਂ ਦੀਆਂ ਹੱਕੀ ਮੰਗਾਂ ਪ੍ਰਤੀ ਸਰਕਾਰਾਂ ਦੀ ਮੁਜ਼ਰਮਾਨਾ ਬੇਧਿਆਨੀ ਖ਼ਿਲਾਫ਼ ਮਜ਼ਦੂਰਾਂ ਪਰਵਾਰਾਂ 'ਚ ਅੰਤਾਂ ਦਾ ਰੋਹ ਉਬਾਲੇ ਮਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੇ ਪੇਂਡੂ ਕਿਰਤੀਆਂ ਦੇ ਸਥਾਈ ਤੇ ਸਨਮਾਨਜਨਕ ਰੁਜ਼ਗਾਰ, ਗੁਜ਼ਾਰੇਯੋਗ ਉਜ਼ਰਤਾਂ, ਸਮਾਜਿਕ ਸੁਰੱਖਿਆ, ਜਨਤਕ ਵੰਡ ਪ੍ਰਣਾਲੀ, ਬਿਨਾਂ ਵਿਤਕਰੇ ਤੋਂ ਉੱਚ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ, ਸਵੱਛ ਆਲਾ-ਦੁਆਲਾ ਤੇ ਰੋਗਾਣੂ ਰਹਿਣ ਪੀਣ ਯੋਗ ਪਾਣੀ, ਮਨੁੱਖਾਂ ਦੇ ਰਹਿਣ ਯੋਗ ਰਿਹਾਇਸ਼, ਕਰਜ਼ ਮਾਫੀ ਆਦਿ ਮੰਗਾਂ-ਮਸਲੇ ਅਸਲੋਂ ਹੀ ਵਿਸਾਰ ਦਿੱਤੇ ਹਨ।ਆਗੂਆਂ ਨੇ ਕਿਹਾ ਕਿ ਇਹ ਅਤਿਅੰਤ ਦੁਰਭਾਗ ਦੀ ਗੱਲ ਹੈ ਕਿ ਆਜ਼ਾਦੀ ਪ੍ਰਾਪਤੀ ਦੇ 77 ਸਾਲਾਂ ਪਿੱਛੋਂ ਵੀ ਪੇਂਡੂ-ਸ਼ਹਿਰੀ ਦਲਿਤ ਵਸੋਂ ਅਮਾਨਵੀ ਜਾਤੀਵਾਦੀ ਵਿਤਕਰਾ ਅਤੇ ਬਿਆਨੋਂ ਬਾਹਰੇ ਜ਼ੁਲਮ ਹੰਢਾਅ ਰਹੀ ਹੈ। ਇਨ੍ਹਾਂ ਅੱਤਿਆਚਾਰਾਂ ਦੀ ਮਾਰ ਸਭ ਤੋਂ ਵੱਧ ਮਾਰ ਦਲਿਤ ਮੁਟਿਆਰਾਂ ਅਤੇ ਬਾਲੜੀਆਂ ਝੱਲ ਰਹੀਆਂ ਹਨ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਕੇਂਦਰ 'ਚ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਸਰਕਾਰ ਕਾਇਮ ਹੋਣ ਪਿਛੋਂ ਮਨੂੰਵਾਦੀ ਤਾਕਤਾਂ ਵੱਲੋਂ ਦਲਿਤਾਂ ਖ਼ਿਲਾਫ਼ ਅਤਿਆਚਾਰਾਂ ਦੀ ਜਿਵੇਂ ਹਨੇਰੀ ਆ ਗਈ ਹੈ।ਮਜ਼ਦੂਰ ਆਗੂਆਂ ਨੇ ਕਿਹਾ ਕਿ ਸਕੂਲਾਂ, ਹਸਪਤਾਲਾਂ, ਬਿਜਲੀ, ਟ੍ਰਾਂਸਪੋਰਟ, ਵਾਟਰ ਵਰਕਸ, ਜੰਗਲਾਤ, ਸੜਕ ਨਿਰਮਾਣ ਆਦਿ ਵਿਭਾਗਾਂ ਦੇ ਨਿੱਜੀਕਰਨ ਸਦਕਾ ਪਹਿਲਾਂ ਹੀ ਗੁਰਬਤ ਦੀ ਮਾਰ ਹੇਠ ਪਿਸ ਰਹੇ ਸਾਧਨ ਵਿਹੂਣੇ ਕਿਰਤੀਆਂ ਦੀ ਜ਼ਿੰਦਗੀ ਨਰਕ ਨਾਲੋਂ ਵੀ ਬਦਤਰ ਬਣਾ ਦਿੱਤੀ ਗਈ ਹੈ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਗਰੀਬਾਂ ਨੂੰ ਰਾਹਤ ਦੇਣ ਲਈ ਕਾਰਪੋਰੇਟ ਘਰਾਣਿਆਂ ਤੋਂ ਉਨ੍ਹਾਂ ਦੀ ਆਮਦਨਾਂ ਤੇ ਜਾਇਦਾਦਾਂ ਦੇ ਵਾਧੇ ਅਨੁਸਾਰ ਸਖ਼ਤੀ ਨਾਲ ਭਾਰੀ ਟੈਕਸ ਵਸੂਲ ਕਰਨ ਦੀ ਨੀਤੀ ਘੜੇ ਤੇ ਮਜ਼ਬੂਤ ਇੱਛਾ ਸ਼ਕਤੀ ਨਾਲ ਲਾਗੂ ਕਰੇ।ਆਗੂਆਂ ਨੇ ਦੋਸ਼ ਲਾਇਆ ਹੈ ਕਿ ਕੇਂਦਰੀ ਸਰਕਾਰ ਅੰਦਰ ਖਾਤੇ ਮਗਨਰੇਗਾ ਕਾਨੂੰਨ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਘੜ ਰਹੀ ਹੈ।




# ਜ਼ਿਲ੍ਹਾ ਲਾਇਬ੍ਰੇਰੀ 'ਚ ਕੁਦਰਤੀ ਸਰੋਤਾਂ ਪ੍ਰਤੀ ਹੋਈ ਵਿਚਾਰ-ਗੋਸ਼ਟੀ



ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)

ਜ਼ਿਲ੍ਹਾ ਲਾਇਬ੍ਰੇਰੀ ਵਿਚ ਕੁਦਰਤੀ ਸਰੋਤਾਂ ਦੀ ਸਾਂਭ ਸੰਭਾਲ ਅਤੇ ਉਨ੍ਹਾਂ ਦੇ ਰੱਖ ਰਖਾਵ ਵਿਚ ਆਈ ਗਿਰਾਵਟ ਅਤੇ ਉਨ੍ਹਾਂ ਦੀ ਘਾਟ ਕਾਰਨ ਮਨੁੱਖੀ ਜੀਵਨ,ਪੰਛੀਆਂ ਦੇ ਰਹਿਣ ਸਹਿਣ ਵਿਚ ਅਤੇ ਜੀਵ ਜਤੂੰਆਂ ਦੇ ਸੰਤੁਲਨ ਵਿਚ ਆਈ ਤਬਦੀਲੀ ਨੂੰ ਲੈ ਕੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਦੀ ਅਗਵਾਈ ਵਿਚ ਵਿਚਾਰ ਗੋਸ਼ਟੀ ਕੀਤੀ ਤੇ ਭਾਸ਼ਾ ਵਿਭਾਗ ਦੇ ਡਾ। ਜਸਵੰਤ ਰਾਏ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।ਉਨ੍ਹਾਂ ਨੇ ਵੱਖ ਵੱਖ ਉਦਾਹਰਨਾਂ ਦੇ ਕੇ ਕੁਦਰਤੀ ਸਰੋਤਾਂ ਨੂੰ ਸੰਭਾਲਨ ਲਈ ਜ਼ੋਰ ਦਿਤਾ ਤੇ ਕਿਹਾ ਕਿ ਜੰਗਲਾਂ ਦੀ ਘਾਟ ਨੇ ਸਾਡਾ ਵਾਤਾਵਰਣ ਸੰਤੁਲਨ ਵਿਗਾੜਿਆ ਹੈ ਤੇ ਜਿਸ ਖਮਿਆਜਾ ਧਰਤੀ ਉਤੇ ਹਰੇਕ ਪ੍ਰਾਣੀ ਭੁਗਤ ਰਿਹਾ ਹੈ। ਰੀਟਾਇਰਡ ਬੀਡੀਪੀਓ ਸੁਖਦੇਵ ਸਿੰਘ,ਉਘੇ ਸ਼ਹਿਰੀ ਸਮਾਜ ਸੇਵਕ ਜਗਵਿੰਦਰ ਸਿੰਘ, ਗੁਰਪਾਲ ਸਿੰਘ ਵਾਲੀਆਂ, ਗੋਬਿੰਦ ਸਿੰਘ, ਲੋਕੇਸ਼ ਪੁਰੀ ਨੇ ਕਿਹਾ ਕਿ ਲੋਕਾਂ ਦਾ ਜੀਵਨ ਅਨੇਕਾਂ ਮੁਸ਼ਿਕਲਾਂ ਵਿਚ ਘਿਰਦਾ ਜਾ ਰਿਹਾ ਹੈ,ਜੋ ਕਿ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ।ਮਨਰੇਗਾ ਲੇਬਰ ਮੂਵਮੈਂਟ ਬਲਾਕ 1 ਦੀ ਪ੍ਰਧਾਨ ਸ਼੍ਰੀ ਮਤੀ ਗੁਰਬਖਸ਼ ਕੌਰ ਤੇ ਰਾਕੇਸ਼ ਬਾਲਾ ਨੇ ਵੀ ਕਿਹਾ ਕਿ ਕਾਗਜੀ ਘੋੜੇ ਦੁੜਾਉਣ ਦਾ ਕੋਈ ਲਾਭ ਲਈਂ ਜਿਨਾਂ ਚਿਰ ਅਸੀਂ ਪ੍ਰੈਕਟੀਕਲ ਕੰਮਾਂ ਨੂੰ ਤਰਜੀਹ ਨਹੀਂ ਦਿੰਦੇ। ਧੀਮਾਨ ਨੇ ਕਿਹਾ ਕਿ ਸਾਡੇ ਕੋਲ ਕੁਦਰਤੀ ਸਰੋਤਾਂ ਦਾ ਅਥਾਹ ਭੰਡਾਰ ਹੈ।ਕੁਦਰਤੀ ਸਰੋਤ ਅਥਾਹ ਗਿਆਨ ਦੇ ਭੰਡਾਰ ਹਨ ਤੇ ਇਨ੍ਹਾਂ ਨੂੰ ਤਬਾਹ ਕਰਨ ਦੀ ਥਾਂ ਇਨ੍ਹਾਂ ਤੋਂ ਸਿਖਣ ਦੀ ਸਖਤ ਜਰੂਰਤ ਹੈ।ਇਸ ਮੌਕੇ ਲੇਬਰ ਪਾਰਟੀ ਦੇ ਮੀਤ ਪ੍ਰਧਾਨ ਸੋਨੂ ਮਹਿਪੁਰੀ,ਗਿਆਨ ਚੰਦ,ਗੀਤਾ ਰਾਣੀ,ਜਸਵੀਰ ਕੌਰ,ਗਰਬਚਨ ਸਿੰਘ, ਸੰਦੀਪ ਕੁਮਾਰ,ਅਸ਼ੋਕ ਕੁਮਾਰ, ਜੈ ਰਾਮ, ਬਲਵਿੰਦਰ ਰਾਏ ਆਦਿ ਹਾਜਰ ਸਨ।

## ਸੰਦੀਪ ਅਰੋੜਾ ਨੂੰ ਇਨਸਾਫ਼ ਦਿਵਾਇਆ ਜਾਵੇਗਾ : ਸੂਰਤ ਸਿੰਘ



ਸ਼ਾਹਕੋਟ (ਗਿਆਨ ਸੈਦਪੁਰੀ)- 'ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਾਮਰੇਡ ਸੰਦੀਪ ਅਰੋੜਾ ਪਹਿਲਾਂ ਵੀ ਲਾਲ ਝੰਡੇ ਦਾ ਸਿਪਾਹੀ ਸੀ, ਹੁਣ ਵੀ ਹੈ ਤੇ ਰਹੇਗਾ ਵੀ, ਪਰ ਪਲਿਸ ਨੇ ਉਸ ਨਾਲ ਧੱਕੇਸ਼ਾਹੀ ਕੀਤੀ ਹੈ ਤੇ ਜਥੇਬੰਦੀ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਕਾਮਰੇਡ ਸੂਰਤ ਸਿੰਘ ਧਰਮਕੋਟ ਨੇ ਮਹਿਤਪੁਰ ਵਿੱਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਉਹਨਾਂ ਕਿਹਾ ਕਿ ਸੰਦੀਪ ਅਰੋੜਾ ਦੀ ਦੂਸਰੀ ਧਿਰ ਨਾਲ ਇੱਕ ਕੰਬਾਈਨ ਨੂੰ ਲੈ ਕੇ ਪੈਸਿਆਂ ਦੇ ਲੈਣ ਦੇਣ ਦਾ ਝਗੜਾ ਹੈ, ਪਰ ਪੁਲਸ ਨੇ ਇਸ ਨੂੰ ਹੋਰ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ।ਉਨ੍ਹਾਂ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ ਸੰਦੀਪ ਅਰੋੜਾ ਨਾਲ ਹੋਈ ਧੱਕੇਸ਼ਾਹੀ ਵਿਰੁੱਧ ਆਉਂਦੇ ਦਿਨਾਂ ਵਿੱਚ ਢੁਕਵੀਂ ਕਾਰਵਾਈ ਕਰੇਗੀ ਤੇ ਉਸ ਨੂੰ ਇਨਸਾਫ ਦਵਾਇਆ ਜਾਵੇਗਾ।ਪ੍ਰੈੱਸ ਕਾਨਫਰੰਸ ਵਿੱਚ ਸੰਦੀਪ ਅਰੋੜਾ, ਦਿਲਬਾਰਾ ਸਿੰਘ ਚੰਦੀ, ਮਨਦੀਪ ਸਿੰਘ ਸੰਧੂ, ਰਜਿੰਦਰ ਕੁਮਾਰ ਹੈਪੀ, ਸਿਕੰਦਰ ਸੰਧੂ, ਸੁਨੀਲ ਕੁਮਾਰ ਰਾਜੇਵਾਲ ਅਤੇ ਹੋਰ ਵੀ ਆਗੂ ਸ਼ਾਮਲ ਸਨ।

# ਸੋਨੂੰ ਕੰਗ ਤੇ ਬੰਟੀ ਬਠੱਲਾ ਦੀ ਪ੍ਰੇਰਨਾ ਸਦਕਾ ਕਾਂਗਰਸ ਪਾਰਟੀ ਦੇ ਪਰਵਾਰ 'ਚ ਵਾਧਾ



ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਵਾਰਾਂ ਦਾ ਸਵਾਗਤ ਕਰਦੇ ਹੋਏ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਤੇ ਹੋਰ।

ਸ਼ਾਹਕੋਟ (ਗਿਆਨ ਸੈਦਪੁਰੀ)

'ਹਲਕੇ ਦਾ ਵਿਕਾਸ ਕਰਵਾਉਣਾ ਮੇਰਾ ਮੁੱਖ ਏਜੰਡਾ ਹੈ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਉਸ ਵੇਲੇ ਕੀਤਾ ਜਦੋਂ ਸੁਖਦੀਪ ਸਿੰਘ ਕੰਗ ਪੀ. ਏ ਅਤੇ ਬੰਟੀ ਬਠੱਲਾ ਜ਼ਿਲ੍ਹਾ ਵਾਇਸ ਪ੍ਰਧਾਨ ਕਾਂਗਰਸ ਕਮੇਟੀ ਦੀ ਪ੍ਰੇਰਨਾ ਸਦਕਾ ਆਮ ਆਦਮੀ ਪਾਰਟੀ ਅਤੇ ਹੋਰ ਵੱਖ ਵੱਖ ਪਾਰਟੀਆਂ ਨੂੰ ਅਲਵਿਦਾ ਕਹਿ ਕੇ 14 ਪਰਵਾਰਾਂ ਨੇ ਕਾਂਗਰਸ ਪਾਰਟੀ ਦੇ ਪੰਜੇ ਨਾਲ ਹੱਥ ਮਿਲਾਇਆ। ਉਨ੍ਹਾਂ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਵਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਸਤਿਕਾਰ ਦਿੱਤਾ ਜਾਵੇਗਾ।ਕਾਂਗਰਸ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਵਿੱਚ ਪਰਮਜੀਤ ਨਾਹਰ, ਅਮਰਜੀਤ ਮੱਟੂ, ਹਰਪ੍ਰੀਤ ਮੱਟੂ, ਪ੍ਰਿਅੰਕਾ ਪੁਰੀ, ਊਸ਼ਾ ਰਾਣੀ, ਰੱਜੂ, ਸਤਵਿੰਦਰ ਕੌਰ, ਰਸ਼ਮੀ, ਬਿਮਲਾ ਅਰੋੜਾ, ਕਮਲਜੀਤ ਕੌਰ, ਕੁਲਵਿੰਦਰ ਕੌਰ, ਕਿਰਨ, ਸਪਨਾ, ਨੋਸ਼ੀ, ਕੋਮਲ, ਪਲਵਿੰਦਰ ਕੌਰ, ਰਾਜਾ, ਅਨਵਰ, ਵਿਜੈ, ਰਵੀ ਕੁਮਾਰ ਪੁੰਨ, ਆਸ਼ੂ, ਰਾਜ ਕੁਮਾਰ ਮੰਗੀ ਆਦਿ ਮੌਜੂਦ ਸਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰਜੀਤ ਸਿੰਘ ਚੱਠਾ ਬਲਾਕ ਪ੍ਰਧਾਨ ਕਾਂਗਰਸ ਕਮੇਟੀ, ਸਤੀਸ਼ ਕੁਮਾਰ ਬਠੱਲਾ, ਰੇਸ਼ਮ ਗਿੱਲ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਰੋਮੀ ਗਿੱਲ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਅਮਰਜੀਤ ਕੌਰ ਸਚਦੇਵਾ ਚੇਅਰਪਰਸਨ ਮਹਿਲਾ ਮੰਡਲਾ ਸ਼ਾਹਕੋਟ, ਡਿੰਪਲ ਬਠੱਲਾ ਵਾਇਸ ਪ੍ਰਧਾਨ ਅਰੋੜਾ ਮਹਾਂ ਸਭਾ ਮਹਿਲਾ ਵਿੰਗ, ਪਿੰਕੀ ਅਰੋੜਾ ਜਨਰਲ ਸਕੱਤਰ ਅਰੋੜਾ ਮਹਾਂ ਸਭਾ ਮਹਿਲਾ ਵਿੰਗ, ਡਾ. ਬੂਟਾ ਰਾਮ, ਬਿੱਲੂ ਨਾਹਰ, ਡਾ. ਰਾਜੇਸ਼ ਚੌਹਾਨ, ਡਾ. ਅਮਨ ਅਰੋੜਾ,ਅਮਨਦੀਪ ਸੈਦਪੁਰੀ, ਮਨਜੀਤ ਚੋਪੜਾ (ਜੀਤਾ ਪੰਤਗਾ ਵਾਲਾ), ਅਰਜਨ ਸਿੰਘ ਟਾਕ, ਭੋਲਾ, ਤਰਸੇਮ, ਸੋਮਨਾਥ ਨਾਹਰ ਮੇਹਰ ਚੰਦ, ਕੁਲਵਿੰਦਰ ਬਿੱਲਾ, ਰਾਜ ਕੁਮਾਰ ਰਾਜੂ, ਆਦਿ ਹਾਜ਼ਰ ਸਨ।

# ਸਕਰਾਲਾ ਵਿਖੇ ਸਾਲਾਨਾ ਜੋੜ ਮੇਲਾ ਅੱਜ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)-ਬਲਾਕ ਟਾਂਡਾ ਅਧੀਨ ਪੈਂਦੇ ਪਿੰਡ ਸਕਰਾਲਾ ਵਿਖੇ ਸਾਲਾਨਾ ਜੋੜ ਮੇਲਾ 27 ਮਈ ਦਿਨ ਮੰਗਲਵਾਰ ਨੂੰ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।ਇਸ ਸਾਲਾਨਾ ਜੋੜ ਮੇਲੇ ਵਿੱਚ ਸੰਗਤਾਂ ਭਾਰੀ ਗਿਣਤੀ 'ਚ ਸ਼ਮੂਲੀਅਤ ਕਰਨਗੀਆਂ।ਇਹ ਜਾਣਕਾਰੀ ਦਿੰਦੇ ਹੋਏ ਡੇਰੇ ਦੇ ਮੁੱਖ ਸੇਵਾਦਾਰ ਸੁਆਮੀ ਚੰਦਰਸ਼ੇਖਰ ਦਾਸ ਨੇ ਦੱਸਿਆ ਕਿ ਇਸ ਮੌਕੇ ਸਵੇਰੇ 11 ਵਜੇ ਤੋਂ 2 ਵਜੇ ਤੱਕ ਸੱਭਿਆਚਾਰਕ ਪ੍ਰੋਗਰਾਮ ਹੋਵੇਗਾ ਜਿਸ ਵਿੱਚ ਉੱਘੇ ਕਲਾਕਾਰ ਪਹੁੰਚਣਗੇ।ਇਸ ਮੌਕੇ ਮਾਨਵਤਾ ਸੇਵਾ ਸੋਸਾਇਟੀ ਨੰਗਲ ਖੂੰਗਾ ਟਾਂਡਾ ਉੜਮੁੜ ਵੱਲੋਂ 105 ਵਾਂ ਖੂਨ ਦਾਨ ਅਤੇ ਮੁਫ਼ਤ ਮੈਡੀਕਲ ਕੈਂਪ ਪ੍ਰਧਾਨ ਅਵਤਾਰ ਸਿੰਘ ਦੀ ਅਗਵਾਈ ਵਿੱਚ ਲਗਾਇਆ ਜਾਵੇਗਾ। ਜਿਸ ਵਿੱਚ ਡਾ. ਅਮਿਤ ਪਾਠਕ, ਡਾ. ਗੀਤੂ ਸ਼ਰਮਾ ਅਤੇ ਡਾ. ਅਨੁਪਮਾ ਪਾਠਕ ਦੀ ਟੀਮ ਵਿਸ਼ੇਸ਼ ਤੌਰ 'ਤੇ ਪਹੁੰਚੇਗੀ।

# ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਸਮੇਤ ਦੋ ਕਾਬੂ

ਆਦਮਪੁਰ (ਪਰਮਜੀਤ ਸਿੰਘ)-ਹਰਵਿੰਦਰ ਸਿੰਘ ਪੀ ਪੀ ਐਸ, ਸੀਨੀਅਰ ਵਿਰਕ ਪੁਲਸ ਕਪਤਾਨ, ਜਲੰਧਰ (ਦਿਹਾਤੀ) ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸਮਾਜ ਦੇ ਭੈੜੇ ਅਨਸਰਾਂ ਤੇ ਨਸ਼ਾ ਤਸਕਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਸਰਬਜੀਤ ਸਿੰਘ ਰਾਏ ਪੁਲਸ ਕਪਤਾਨ (ਇੰਵੈਸਟੀਗੇਸ਼ਨ) ਜਲੰਧਰ ਦਿਹਾਤੀ ਦੀ ਰਹਿਨਮਾਈ ਹੇਠ ਅਤੇ ਕੁਲਵੰਤ ਸਿੰਘ ਪੀ ਪੀ ਐਸ, ਉਪ ਪੁਲਸ ਕਪਤਾਨ ਸਬ ਡਵੀਜਨ ਆਦਮਪੁਰ ਦੀ ਅਗਵਾਈ ਹੇਠ ਐਸ ਆਈ ਗੁਰਸਰਨ ਸਿੰਘ ਮੁੱਖ ਅਫਸਰ ਥਾਣਾ ਪਤਾਰਾ ਦੀ ਪੁਲਸ ਪਾਰਟੀ ਨੇ ਦੌਰਾਨ ਗਸ਼ਤ ਨੇੜੇ ਸਮਸ਼ਾਨਘਾਟ ਪਿੰਡ ਪੂਰਨਪੁਰ ਤੋਂ ਸ਼ੱਕ ਦੀ ਬਿਨਾਹ 'ਤੇ ਮੋਟਰਸਾਈਕਲ ਸਪਲੈਂਡਰ ਸਵਾਰ ਦੋ ਨੌਜਵਾਨਾ ਨੂੰ ਕਾਬੂ ਕਰਨ 'ਤੇ ਨਾਂਅ ਪਤਾ ਪੁੱਛਿਆ ਜਿਹਨਾ ਨੇ ਆਪਣਾ ਨਾਂਅ ਫਤਿਹ ਸਿੰਘ ਵਾਸੀ ਪਿੰਡ ਮੁਜੱਫਰਪੁਰ ਥਾਣਾ ਪਤਾਰਾ ਹਾਲ ਵਾਸੀ ਪਿੰਡ ਨੰਗਲਸਾਮਾ ਥਾਣਾ ਪਤਾਰਾ ਜਿਲ੍ਹਾ ਜਲੰਧਰ ਅਤੇ ਦੂਸਰੇ ਨੇ ਆਪਣਾ ਨਾਂਅ ਚਰਨਜੀਤ ਸਿੰਘ ਉਰਫ ਸੋਨੂੰ ਵਾਸੀ ਬੋਹਾਨੀ ਥਾਣਾ ਰਾਵਲਪਿੰਡੀ ਜਿਲ੍ਹਾ ਕਪੂਰਥਲਾ ਦੱਸਿਆ, ਜਿਨ੍ਹਾਂ ਦੀ ਤਲਾਸ਼ੀ ਕਰਨ 'ਤੇ ਇਹਨਾ ਪਾਸੋਂ 05 ਗ੍ਰਾਮ ਹੈਰੋਇਨ ਅਤੇ 103 ਖੁੱਲੀਆ ਨਸ਼ੀਲੀਆ ਗੋਲੀਆ ਬਰਾਮਦ ਹੋਈਆਂ। ਥਾਣਾ ਪਤਾਰਾ ਜਿਲ੍ਹਾ ਜਲੰਧਰ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ।



## ਸੈਣੀ ਨੇ ਅੰਮ੍ਰਿਤ 2.0 ਯੋਜਨਾ ਤਹਿਤ ਵਿਕਾਸ ਕੰਮਾਂ ਲਈ 350 ਕਰੋੜ ਰੁਪਏ ਦੀ ਰਕਮ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੰਮ੍ਰਿਤ 2.0 ਯੋਜਨਾ ਤਹਿਤ ਹਿਸਾਰ ਤੇ ਯਮੁਨਾਨਗਰ ਸ਼ਹਿਰਾਂ ਵਿੱਚ ਸੀਵਰੇਜ ਯੋਜਨਾ ਦੇ ਵਿਸਤਾਰ, ਪੁਰਾਣੇ/ਨੁਕਸਾਨ ਹੋਏ ਮੇਨਹੋਲ ਦੀ ਮੁਰੰਮਤ, ਨਵੀਂ ਮੰਜੂਰ ਕਲੋਨੀਆਂ ਵਿੱਚ ਸੀਵਰੇਜ ਵਿਛਾਉਣ ਅਤੇ ਐਸਟੀਪੀ ਦੇ ਨਿਰਮਾਣ ਲਈ 35087.42 ਲੱਖ ਰੁਪਏ ਦੀ ਰਕਮ ਨੂੰ ਮੰਜੂਰੀ ਦਿੱਤੀ।ਹਿਸਾਰ ਸ਼ਹਿਰ ਲਈ 23678.86 ਲੱਖ ਰੁਪਏ ਦੀ ਰਕਮ ਮੰਜੂਰ ਕੀਤੀ ਗਈ। ਸਰਕਾਰੀ ਬੁਲਾਰੇ ਨੇ ਦਸਿਆ ਕਿ ਹਿਸਾਰ ਸ਼ਹਿਰ ਵਿੱਚ ਸੀਵਰੇਜ ਯੋਜਨਾ ਦਾ ਵਿਸਤਾਰ ਕਰਨ, ਵੱਖ-ਵੱਖ ਕਲੋਨੀਆਂ ਵਿੱਚ 200 ਐਮਐਮ ਨਾਲ 1200 ਐਮਐਮ ਤੱਕ ਦੀ ਸੀਵਰੇਜ ਲਾਇਨ ਉਪਲਬਧ ਕਰਾਉਣ ਤੇ ਵਿਛਾਉਣ, ਇੱਟ ਸੀਵਰੇਜ ਦੇ ਸੀਆਈਪੀਪੀ, 2 ਐਸਟੀਪੀ ਦਾ ਨਿਰਮਾਣ, 5 ਆਈਪੀਐਸ ਦਾ ਨਿਰਮਾਣ, 1 ਐਮਪੀਐਸ ਦਾ ਨਿਰਮਾਣ, ਮੈਨਹੋਲ ਸਲੇਬ ਨੂੰ ਉੱਪਰ ਚੁੱਕਣਾ, ਮੇਨਹੋਲ ਸਲੈਬ ਨੂੰ ਹੇਠਾ ਕਰਨਾ ਅਤੇ ਅੰਮ੍ਰਿਤ 2.0 ਯੋਜਨਾ ਤਹਿਤ ਹਿਸਾਰ ਸ਼ਹਿਰ ਵਿੱਚ ਪੁਰਾਣੇ/ਨੁਕਸਾਨ ਹੋਏ ਮੇਨਹੋਲ ਦੀ ਮੁਰੰਮਤ ਲਈ 23678.86 ਲੱਖ ਰੁਪਏ ਦੀ ਅੰਦਾਜਾ ਲਾਗਤ ਮੰਜੂਰ ਕੀਤੀ ਗਈ ਹੈ।